ਸਾਹਿਤ ਸੁਗੰਧੀਆਂ

कक्षा 10

कक्षा
10

# ਸਾਹਿਤ ਸੁਗੰਧੀਆਂ

## ਵਿਸ਼ਾ- ਪੰਜਾਬੀ (ਤੀਜੀ ਭਾਸ਼ਾ)

माध्यमिक शिक्षा बोर्ड राजस्थान, अजमेर

# ਸਾਹਿਤ ਸੁਗੰਧੀਆਂ

## 10ਵੀਂ ਸ਼੍ਰੇਣੀ
## ਵਿਸ਼ਾ- ਪੰਜਾਬੀ (ਤੀਜੀ ਭਾਸ਼ਾ)

माध्यमिक शिक्षा बोर्ड राजस्थान, अजमेर

# ਸਾਹਿਤ ਸੁਗੰਧੀਆਂ

## 10ਵੀਂ ਸ਼੍ਰੇਣੀ
## ਵਿਸ਼ਾ– ਪੰਜਾਬੀ (ਤੀਜੀ ਭਾਸ਼ਾ)

## ਸੰਪਾਦਕੀ ਮੰਡਲ


**ਡਾ. ਇਕਬਾਲ ਸਿੰਘ ਗੋਦਾਰਾ (ਸੰਯੋਜਕ)**
ਮੁਖੀ, ਪੰਜਾਬੀ ਵਿਭਾਗ,ਡੀ.ਏ.ਵੀ. ਕਾਲਜ
ਅਬੋਹਰ(ਪੰਜਾਬ)

**ਗੁਰਰਾਜ ਸਿੰਘ ਚਹਿਲ**
ਐਸੋਸੀਏਟ ਪ੍ਰੋਫੈਸਰ, ਪੰਜਾਬੀ ਵਿਭਾਗ
ਡੀ.ਏ.ਵੀ. ਕਾਲਜ
ਅਬੋਹਰ(ਪੰਜਾਬ)

**ਡਾ. ਚੰਦਰ ਪ੍ਰਕਾਸ਼**
ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ
ਐਮ.ਐਮ.ਡੀ.ਏ.ਵੀ.ਕਾਲਜ
ਗਿੱਦੜਬਾਹਾ(ਪੰਜਾਬ)

**ਗੁਰਦੀਪ ਸਿੰਘ ਖੋਸਾ**
ਪ੍ਰਿੰਸੀਪਲ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ
ਮਲਕਾਣਾ ਖੁਰਦ(ਸ਼੍ਰੀ ਗੰਗਾਨਗਰ)

**ਨਵਰਾਜ ਸਿੰਘ**
ਪ੍ਰਿੰਸੀਪਲ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ
9 ਐੱਫ.ਐੱਫ.,ਬੜੋਪਲ(ਸ਼੍ਰੀ ਗੰਗਾਨਗਰ)

**ਹਰਮੀਤ ਸਿੰਘ ਗਿੱਲ**
ਲੈਕਚਰਾਰ (ਪੰਜਾਬੀ)
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ
19 ਜੈੱਡ( ਸ਼੍ਰੀ ਗੰਗਾਨਗਰ)

# ਪਾਠ-ਕ੍ਰਮ ਸੰਮਤੀ


**ਡਾ. ਇਕਬਾਲ ਸਿੰਘ ਗੋਦਾਰਾ (ਸੰਯੋਜਕ)**
ਮੁਖੀ, ਪੰਜਾਬੀ ਵਿਭਾਗ,ਡੀ.ਏ.ਵੀ. ਕਾਲਜ
ਅਬੋਹਰ(ਪੰਜਾਬ)

**ਗੁਰਰਾਜ ਸਿੰਘ ਚਹਿਲ**
ਐਸੋਸੀਏਟ ਪ੍ਰੋਫੈਸਰ, ਪੰਜਾਬੀ ਵਿਭਾਗ
ਡੀ.ਏ.ਵੀ. ਕਾਲਜ
ਅਬੋਹਰ(ਪੰਜਾਬ)

**ਹਰਮੀਤ ਸਿੰਘ ਗਿੱਲ**
ਲੈਕਚਰਾਰ (ਪੰਜਾਬੀ)
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ
19 ਜੈੱਡ( ਸ਼੍ਰੀ ਗੰਗਾਨਗਰ)


# ਧੰਨਵਾਦ


**ਸੰਪਾਦਕੀ ਮੰਡਲ ਅਤੇ ਮਾਧਮਿਕ ਸਿੱਖਿਆ ਬੋਰਡ ਰਾਜਸਥਾਨ, ਅਜਮੇਰ ਉਹਨਾਂ ਸਾਰੇ ਸੁਹਿਰਦ ਰਚਨਾਕਾਰਾਂ ਦਾ ਦਿਲੋਂ ਧੰਨਵਾਦੀ ਅਤੇ ਰਿਣੀ ਹੈ, ਜਿੰਨਾਂ ਦੀ ਅਮੁੱਲ ਸਿਰਜਣਾ ਅਤੇ ਵਿਚਾਰ ਇਸ ਪੁਸਤਕ ਵਿੱਚ ਸੰਗ੍ਰਹਿਤ ਕੀਤੇ ਗਏ ਹਨ।**

## ਦੋ ਸ਼ਬਦ

ਵਿਦਿਆਰਥੀਆਂ ਲਈ ਪਾਠ-ਪੁਸਤਕ ਸਿਲਸਿਲੇਵਾਰ ਪੁਸ਼ਟੀਕਰਨ, ਸਮੀਖਿਆ ਅਤੇ ਮੁੱਢਲੇ ਅਧਿਐਨ ਦਾ ਆਧਾਰ ਹੁੰਦੀ ਹੈ। ਵਿਸ਼ਾ-ਵਸਤੂ ਅਤੇ ਸਿੱਖਿਆ ਵਿਧੀ ਦੀ ਦ੍ਰਿਸ਼ਟੀ ਤੋਂ ਪਾਠ-ਪੁਸਤਕ ਦਾ ਪੱਧਰ ਅਤਿਅੰਤ ਮੱਹਤਵਪੂਰਨ ਹੁੰਦਾ ਹੈ। ਪਾਠ-ਪੁਸਤਕਾਂ ਕਦੇ ਵੀ ਰੂੜ੍ਹੀਗਤ ਅਤੇ ਗੁਣਗਾਣ ਪ੍ਰਕਿਰਤੀ ਵਾਲੀਆਂ ਨਹੀ ਹੋਣੀਆਂ ਚਾਹੀਦੀਆਂ। ਇਸ ਗੱਲ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਪਾਠ-ਪੁਸਤਕ ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਦਾ ਇੱਕ ਲਾਜ਼ਮੀ ਸਾਧਨ ਹੈ।

ਪਿਛਲੇ ਕੁਝ ਕੁ ਸਾਲਾਂ ਤੋਂ ਮਾਧਮਿਕ ਸਿੱਖਿਆ ਬੋਰਡ ਰਾਜਸਥਾਨ ਦੇ ਪਾਠਕ੍ਰਮ ਵਿੱਚ ਆਪਣੀਆਂ ਸੰਪਾਦਿਤ ਪੁਸਤਕਾਂ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਸੀ। ਇਸੇ ਘਾਟ ਨੂੰ ਧਿਆਨ ਵਿੱਚ ਰੱਖਦੇ ਹੋਏ ਰਾਜ ਸਰਕਾਰ ਦੁਆਰਾ ਨੌਵੀਂ ਤੋਂ ਬਾਰ੍ਹਵੀਂ ਸ਼੍ਰੇਣੀ ਤੱਕ ਦੇ ਵਿਦਿਆਰਥੀਆਂ ਲਈ ਮਾਧਮਿਕ ਸਿੱਖਿਆ ਬੋਰਡ ਰਾਜਸਥਾਨ, ਅਜਮੇਰ ਰਾਹੀਂ ਸਾਲ 2017-18 ਤੋਂ ਦਸਵੀਂ ਤੋਂ ਬਾਰ੍ਹਵੀਂ ਸ਼੍ਰੇਣੀ ਦੀਆਂ ਪਾਠ-ਪੁਸਤਕਾਂ ਆਪਣੇ ਨਿਰਧਾਰਿਤ ਪਾਠਕ੍ਰਮ ਦੇ ਅਨੁਸਾਰ ਹੀ ਤਿਆਰ ਕਰਵਾਈਆਂ ਗਈਆਂ ਹਨ। ਉਮੀਦ ਹੈ ਕਿ ਇਹ ਪੁਸਤਕਾਂ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰਨ ਦੇ ਨਾਲ-ਨਾਲ ਮੌਲਿਕ ਸੋਚ, ਚਿੰਤਨ ਅਤੇ ਅਭਿਵਿਅਕਤੀ ਦੇ ਮੌਕੇ ਪ੍ਰਦਾਨ ਕਰਨਗੀਆਂ।

**ਪ੍ਰੋ. ਬੀ.ਐੱਲ. ਚੌਧਰੀ,**

**ਚੇਅਰਮੈਨ,**

**ਮਾਧਮਿਕ ਸਿੱਖਿਆ ਬੋਰਡ ਰਾਜਸਥਾਨ, ਅਜਮੇਰ।**

# ਭੂਮਿਕਾ

ਕਿਸੇ ਵੀ ਭਾਸ਼ਾ ਦੀ ਸਮਰੱਥਾ ਅਤੇ ਸ਼ਕਤੀ ਦਾ ਪ੍ਰਗਟਾਉ ਉਸ ਵਿੱਚ ਰਚਿਤ ਸਾਹਿਤ ਤੋਂ ਹੀ ਭਲੀ-ਭਾਂਤ ਹੁੰਦਾ ਹੈ। ਭਾਸ਼ਾ ਨੂੰ ਬੋਲਣ ਵਾਲਿਆਂ ਦੀ ਤਹਿਜ਼ੀਬ ਦੀ ਤਾਸੀਰ ਬਾਰੇ ਜਾਣਨਾ ਹੋਵੇ ਤਾਂ ਸਾਹਿਤ ਇਸ ਦਾ ਉੱਤਮ ਸੋਮਾ ਹੁੰਦਾ ਹੈ। ਸਾਹਿਤਕਾਰੀ ਕੇਵਲ ਨਿੱਜੀ ਵਲਵਲਿਆਂ ਦਾ ਵਿਖਾਵਾ ਹੀ ਨਹੀਂ ਹੁੰਦੀ, ਸਗੋਂ ਇਹ ਕਿਸੇ ਮੱਨੁਖੀ ਸਮੂਹ ਦੀ ਨੁਹਾਰ ਨੂੰ ਹਰ ਪੱਖੋਂ ਘੜਣ ਦੀ ਜ਼ਿੰਮੇਵਾਰੀ ਨੂੰ ਵੀ ਨਿਭਾਉਂਦੀ ਹੈ। ਇੰਝ, ਮਨੁੱਖੀ ਸਮਾਜ ਵਿੱਚ ਉੱਤਮ ਮਨੁੱਖ ਦੀ ਸਿਰਜਣਾ ਲਈ ਸਾਹਿਤ ਤੇ ਭਾਸ਼ਾ ਦੇ ਅਤਿਅੰਤ ਮਹੱਤਵ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਕਰਨਾ ਚਾਹੀਦਾ ਹੈ।

ਇਸ ਗੱਲ ਨੂੰ ਧਿਆਨ ਵਿੱਚ ਰੱਖ ਕੇ ਹੀ ਦਸਵੀਂ ਦੇ ਵਿਦਿਆਰਥੀਆਂ ਲਈ ਇਸ ਪੁਸਤਕ ਦਾ ਸੰਯੋਜਨ ਕੀਤਾ ਗਿਆ ਹੈ। ਕਵਿਤਾ, ਨਿਬੰਧ ਅਤੇ ਕਹਾਣੀ ਸਾਹਿਤ ਦੀਆਂ ਉਹ ਵਿਧਾਵਾਂ ਹਨ, ਜਿੰਨ੍ਹਾਂ ਦਾ ਸੰਬੰਧ ਭਾਵ, ਬੋਧ ਅਤੇ ਕਲਪਨਾ ਨਾਲ ਹੈ। ਇਹ ਤਿੰਨੇ ਤੱਤ ਮੱਨੁਖ ਦੀ ਸੰਤੁਲਿਤ ਸ਼ਖ਼ਸੀਅਤ ਲਈ ਲਾਜ਼ਮੀ ਹਨ। ਇਹਨਾਂ ਰਾਹੀਂ ਹੀ ਕੋਈ ਵਿਅਕਤੀ ਵਿਚਾਰਾਂ ਦੀ ਪੁਣ-ਛਾਣ ਕਰਦਾ ਹੋਇਆ ਜੀਵਨ ਦੀ ਸੇਧ ਨੂੰ ਪ੍ਰਾਪਤ ਕਰਦਾ ਹੈ।

ਇੱਥੇ ਅਸੀਂ ਪੰਜਾਬੀ ਕਵਿਤਾ ਦੇ ਮੱਧਕਾਲੀ ਅਤੇ ਆਧੁਨਿਕ ਰੂਪ ਨੂੰ ਇੱਕੋ ਵੇਲੇ ਸੰਬੋਧਿਤ ਹੋ ਰਹੇ ਹਾਂ ਅਤੇ ਅਜਿਹੇ ਸੰਬੋਧਨ ਦੀ ਅੱਜ ਦੇ ਸਮੇਂ ਵਿੱਚ ਲੋੜ ਵੀ ਮਹਿਸੂਸ ਹੋ ਰਹੀ ਹੈ। ਆਧੁਨਿਕਤਾ ਦੇ ਬੀਜ ਰੂਪ ਅਤੇ ਜੜ੍ਹਾਂ ਪਰੰਪਰਾ ਵਿੱਚ ਹੀ ਹੁੰਦੀਆ ਹਨ। ਪੰਜਾਬੀ ਵਿਦਿਆਰਥੀਆਂ ਨੂੰ ਪਤਾ ਹੋਵੇ ਕਿ ਪੰਜਾਬੀ ਕਾਵਿ-ਪਰੰਪਰਾ ਬੜੀ ਅਮੀਰ ਵਿਰਾਸਤ ਹੈ । ਗੁਰਬਾਣੀ, ਸੂਫ਼ੀ ਕਵਿਤਾ ਪੰਜਾਬੀ ਕਾਵਿ ਦਾ ਅਮੁੱਕ ਸਰੋਵਰ ਹੈ, ਇਹਨਾਂ ਤੋਂ ਪ੍ਰਾਪਤ ਭਾਵ-ਬੋਧ ਸਾਡੇ ਜੀਵਨ ਨੂੰ ਦਿਸ਼ਾ ਨਿਰਦੇਸ਼ ਦੇ ਸਕਦੇ ਹਨ। ਇਸੇ ਤਰ੍ਹਾਂ ਆਧੁਨਿਕ ਪੰਜਾਬੀ ਕਵਿਤਾ ਸਮਕਾਲੀ ਸਮੱਸਿਆਵਾਂ ਅਤੇ ਵਿਅਕਤੀ ਦੀ ਪਛਾਣ ਦੇ ਨਵੇ ਮੁਹਾਂਦਰੇ ਬਾਰੇ ਵਿਚਾਰ-ਚਰਚਾ ਕਰਦੀ ਹੈ।

ਨਿਬੰਧ-ਕਲਾ ਕਿਸੇ ਭਾਸ਼ਾ ਦੀ ਗਿਆਨ-ਪਰੰਪਰਾ ਦਾ ਆਦਿ-ਬਿੰਦੂ ਹੈ। ਪੰਜਾਬੀ ਨਿਬੰਧਕਾਰੀ ਨਾਲ ਸਾਂਝ ਪਾਉਣ ਲਈ ਕੁਝ ਨਿਬੰਧ ਪੜ੍ਹਣ ਲਈ ਦਿੱਤੇ ਜਾ ਰਹੇ ਹਨ। ਇਸ ਦਾ ਮਨੋਰਥ ਪੰਜਾਬੀ ਦੇ ਵਿਦਿਆਰਥੀਆਂ ਦੇ ਭਾਸ਼ਾ-ਕੌਸ਼ਲ ਨੂੰ ਪ੍ਰਚੰਡ ਕਰਨਾ ਹੈ।

ਕਹਾਣੀ, ਯਥਾਰਥ ਦਾ ਗਲਪੀਕਰਨ ਕਰਦੀ ਹੋਈ ਸੱਚ ਦੇ ਅਹਿਸਾਸ ਦਾ ਅਭਿਆਸ ਕਰਵਾਉਂਦੀ ਹੈ। ਪੰਜਾਬੀ ਕਹਾਣੀ ਦਾ ਪੰਜਾਬੀ ਸਾਹਿਤ 'ਚ ਵਿਸ਼ੇਸ਼ ਸਥਾਨ ਹੈ। ਇਸ ਲਈ ਲਾਜ਼ਮੀ ਬਣਦਾ ਹੈ ਕਿ ਪੰਜਾਬੀ ਵਿਦਿਆਰਥੀ ਪੰਜਾਬੀ ਭਾਸ਼ਾ ਦੀ ਅਜਿਹੀ ਸਮਰੱਥਾ ਤੋਂ ਵੀ ਜਾਣੂ ਹੋਣ। ਪਾਠ-ਪੁਸਤਕ ਦੀ ਸੀਮਾ ਨੂੰ ਧਿਆਨ 'ਚ ਰੱਖਦੇ ਹੋਏ ਪੰਜਾਬੀ ਦੀਆਂ ਕੁਝ ਕੁ ਚੋਣਵੀਆਂ ਕਹਾਣੀਆਂ ਪੜ੍ਹਨ ਲਈ ਦਿੱਤੀਆਂ ਗਈਆਂ ਹਨ।

ਸਮੁੱਚੇ ਰੂਪ ਵਿੱਚ ਇਹ ਪਾਠ-ਪੁਸਤਕ ਰਾਜਸਥਾਨ 'ਚ ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਚੇਟਕ ਲਾਉਣ ਦੇ ਮਨੋਰਥ ਨਾਲ ਸੰਪਾਦਿਤ ਕੀਤੀ ਗਈ ਹੈ।

## ਜਮਾਤ-10 ਵੀਂ

### ਵਿਸ਼ਾ-ਪੰਜਾਬੀ (ਤੀਜੀ ਭਾਸ਼ਾ)

**ਸਮਾਂ**-3:15 ਘੰਟੇ **ਅੰਕ- 80**

| ਨੰ. | ਸਿੱਖਿਆ ਖੇਤਰ | ਅੰਕ | ਪੀਰੀਅਡ |
|---|---|---|---|
| 1. | ਅਣਡਿੱਠਾ ਪੈਰ੍ਹਾ | 10 | 10 |
| 2. | ਨਿਬੰਧ ਰਚਨਾ | 10 | 10 |
| 3. | ਪੱਤਰ ਰਚਨਾ | 05 | 08 |
| 4. | ਵਿਆਕਰਨ | 15 | 32 |
| 5. | ਪਾਠ-ਪੁਸਤਕ | 40 | 90 |

**1. ਅਣਡਿੱਠਾ ਪੈਰ੍ਹਾ ( 100 ਤੋਂ 120 ਸ਼ਬਦ) (ਅੰਕ-10)**

ਵਾਰਤਕ-ਅੰਸ਼ ਵਿੱਚੋਂ ਸਿਰਲੇਖ ਦੀ ਚੋਣ, ਵਿਸ਼ਾ-ਵਸਤੂ ਬੋਧ ਅਤੇ ਸ਼ਬਦਾਰਥ ਨਾਲ ਸੰਬੰਧਿਤ ਬਰਾਬਰ ਅੰਕਾਂ ਦੇ ਪੰਜ ਅਤਿ-ਲਘੂ ਅਤੇ ਲਘੂ-ਉੱਤਰਾਂ ਵਾਲੇ ਪ੍ਰਸ਼ਨ ਪੁੱਛੇ ਜਾਣਗੇ।

**2. ਨਿਬੰਧ ਰਚਨਾ (ਅੰਕ-10)**

ਸੰਕੇਤ ਬਿੰਦੂਆਂ ਉੱਪਰ ਅਧਾਰਿਤ ਕਿਸੇ ਇੱਕ ਆਧੁਨਿਕ ਵਿਸ਼ੇ, ਚਲੰਤ ਮਸਲਿਆਂ ਜਾਂ ਸ਼ਖ਼ਸੀਅਤ ਉੱਪਰ ਨਿਬੰਧ ਰਚਨਾ (ਚਾਰਾਂ ਵਿੱਚੋਂ ਕੋਈ ਇੱਕ, 200-250 ਸ਼ਬਦ ਸੀਮਾ)

**3. ਪੱਤਰ ਰਚਨਾ (ਦੋ ਵਿੱਚੋਂ ਇੱਕ) (ਅੰਕ-05)**

## 4. ਵਿਆਕਰਨ (ਅੰਕ-15)

(1) ਭਾਸ਼ਾ ਤੇ ਪੰਜਾਬੀ ਭਾਸ਼ਾ, ਧੁਨੀ-ਬੋਧ, ਲਿਪੀ-ਬੋਧ :- ਸੰਖੇਪ ਜਾਣਕਾਰੀ। 06
(2) ਅਰਥ-ਬੋਧ :- ਵਿਰੋਧੀ ਸ਼ਬਦ, ਬਹੁ-ਅਰਥਕ ਸ਼ਬਦ ਤੇ ਸਮਾਨਾਰਥਕ ਸ਼ਬਦ। 09

## 5. ਪਾਠ-ਪੁਸਤਕ (ਅੰਕ-40)

(1) ਕਾਵਿ-ਅੰਸ਼ ਉੱਪਰ ਅਧਾਰਿਤ ਪ੍ਰਸੰਗ, ਵਿਆਖਿਆ ਤੇ ਬੋਧ ਪ੍ਰਸ਼ਨ (ਦੋ ਵਿੱਚੋਂ ਇੱਕ) 10
(2) ਕਵਿਤਾ ਉੱਪਰ ਅਧਾਰਿਤ ਵਿਸ਼ਾ-ਵਸਤੂ ਤੇ ਸਾਰ ਸੰਬੰਧੀ ਪ੍ਰਸ਼ਨ (ਚਾਰ ਵਿੱਚੋਂ ਦੋ)10
(3) ਨਿਬੰਧ ਤੇ ਕਹਾਣੀ ਉੱਪਰ ਅਧਾਰਿਤ ਲਘੂ-ਉੱਤਰਾਤਮਿਕ ਪ੍ਰਸ਼ਨ ( ਅੱਠ ਵਿੱਚੋਂ ਪੰਜ)10
(4) ਨਿਬੰਧ ਉੱਪਰ ਅਧਾਰਿਤ ਵਿਸ਼ਾ-ਵਸਤੂ ਤੇ ਸਾਰ ਸੰਬੰਧੀ ਨਿਬੰਧਾਤਮਿਕ ਪ੍ਰਸ਼ਨ (ਦੋ ਵਿੱਚੋਂ ਇੱਕ) 05
(5) ਕਹਾਣੀ ਉੱਪਰ ਅਧਾਰਿਤ ਵਿਸ਼ਾ-ਵਸਤੂ, ਪਾਤਰ-ਉਸਾਰੀ ਤੇ ਸਾਰ ਸੰਬੰਧੀ ਨਿਬੰਧਾਤਮਿਕ ਪ੍ਰਸ਼ਨ (ਦੋ ਵਿੱਚੋਂ ਇੱਕ) 05

## ਨਿਰਧਾਰਿਤ ਪਾਠ-ਪੁਸਤਕ:-

1. ਸਾਹਿਤ ਸੁਗੰਧੀਆਂ- ਮਾਧਮਿਕ ਸਿੱਖਿਆ ਬੋਰਡ ਰਾਜਸਥਾਨ, ਅਜਮੇਰ।

## ਪ੍ਰਮਾਣਿਕ ਸਹਾਇਕ ਪੁਸਤਕਾਂ:-

1. ਆਧੁਨਿਕ ਪੰਜਾਬੀ ਵਿਆਕਰਨ ਅਤੇ ਲੇਖ ਰਚਨਾ -ਪੰਜਾਬ ਸਕੂਲ ਸਿੱਖਿਆ ਬੋਰਡ।
2. ਪੰਜਾਬੀ ਵਿਆਕਰਨ (ਡਾ. ਹਰਕੀਰਤ ਸਿੰਘ, ਗਿਆਨੀ ਲਾਲ ਸਿੰਘ)- ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ।
3. ਪੰਜਾਬੀ-ਤੀਜੀ ਭਾਸ਼ਾ ਅਧਿਆਪਨ (ਬੀ. ਐੱਸ. ਟੀ. ਸੀ. ਦੂਜਾ ਸਾਲ)- ਰਾਜਸਥਾਨ ਰਾਜ ਪਾਠ-ਪੁਸਤਕ ਮੰਡਲ, ਜੈਪੁਰ।

# ਤਤਕਰਾ

## ਭਾਗ ਪਹਿਲਾ–ਕਵਿਤਾ


| | |
|---|---|
| **1. ਸ਼ੇਖ ਫ਼ਰੀਦ** | **2** |
| 2. ਗੁਰੂ ਨਾਨਕ ਦੇਵ ਜੀ | **6** |
| **3.** ਗੁਰੂ ਅਮਰਦਾਸ ਜੀ | **11** |
| 4. ਗੁਰੂ ਰਾਮਦਾਸ ਜੀ | **15** |
| 5. ਭਾਈ ਗੁਰਦਾਸ ਜੀ | **19** |
| 6. ਮੀਆਂ ਵਜੀਦ | **24** |
| 7. ਬੁੱਲ੍ਹੇ ਸ਼ਾਹ | **29** |
| 8. ਭਾਈ ਵੀਰ ਸਿੰਘ | **36** |
| 9. ਧਨੀ ਰਾਮ ਚਾਤ੍ਰਿਕ | **42** |
| 10. ਪ੍ਰੋ. ਮੋਹਨ ਸਿੰਘ | **48** |
| 11. ਅੰਮ੍ਰਿਤਾ ਪ੍ਰੀਤਮ | **56** |
| 12. ਸ਼ਿਵ ਕੁਮਾਰ ਬਟਾਲਵੀ | **62** |
| **13.** ਸੁਰਜੀਤ ਪਾਤਰ | **70** |

# ਭਾਗ ਦੂਜਾ- ਨਿਬੰਧ


| | | |
|---|---|---|
| **1. ਕਿਰਤ** | **ਪ੍ਰੋ. ਪੂਰਨ ਸਿੰਘ** | **78** |
| 2. ਗੰਗਾ ਦੀਨ | ਪ੍ਰਿੰ. ਤੇਜਾ ਸਿੰਘ | **83** |
| 3. ਫ਼ਲਾਇੰਗ ਸਿੱਖ-ਮਿਲਖਾ ਸਿੰਘ | ਪ੍ਰਿੰ. ਸਰਵਣ ਸਿੰਘ | **92** |
| 4. ਮਹਾਰਾਜਾ ਗੰਗਾ ਸਿੰਘ | ਹਰਪਾਲ ਸਿੰਘ ਲੱਖੀਆਂ | **99** |
| 5. ਰਾਜਸਥਾਨ ਦੇ ਪ੍ਰਸਿੱਧ ਕਿਲ੍ਹੇ | ਬਲਜਿੰਦਰ ਸਿੰਘ ਭੁੱਲਰ | **105** |
| 6. ਭਾਈ ਮਰਦਾਨਾ ਜੀ | ਹਰਪ੍ਰੀਤ ਕੌਰ | **111** |


# ਭਾਗ ਤੀਜਾ- ਕਹਾਣੀ


| | | |
|---|---|---|
| **1. ਪਹੁਤਾ ਪਾਂਧੀ** | **ਗੁਰਬਖ਼ਸ਼ ਸਿੰਘ ਪ੍ਰੀਤਲੜੀ** | **117** |
| 2. ਪੇਮੀ ਦੇ ਨਿਆਣੇ | ਸੰਤ ਸਿੰਘ ਸੇਖੋਂ | **123** |
| 3. ਸਾਂਝੀ ਕੰਧ | ਸੰਤੋਖ ਸਿੰਘ ਧੀਰ | **129** |
| 4. ਦੁੱਧ ਦਾ ਛੱਪੜ | ਕੁਲਵੰਤ ਸਿੰਘ ਵਿਰਕ | **140** |
| 5. ਖ਼ੂਨ | ਗੁਰਬਚਨ ਸਿੰਘ ਭੁੱਲਰ | **147** |

# ਭਾਗ ਪਹਿਲਾ– ਕਵਿਤਾ

# ਸ਼ੇਖ ਫ਼ਰੀਦ

ਸ਼ੇਖ ਫ਼ਰੀਦ ਬਹੁ-ਪੱਖੀ ਸ਼ਖ਼ਸੀਅਤ ਅਤੇ ਬਹੁ-ਭਾਸ਼ਾਈ ਸੂਫ਼ੀ ਸ਼ਾਇਰ ਹਨ। ਬਾਬਾ ਫ਼ਰੀਦ ਦਾ ਜਨਮ 1173 ਈ. ਵਿੱਚ ਬੀਬੀ ਕਰਸੂਮ ਖ਼ਾਤੂਨ ਦੀ ਕੁੱਖੋਂ ਪਿਤਾ ਸ਼ੇਖ ਜਮਾਲੁਦੀਨ ਦੇ ਘਰ ਹੋਇਆ। ਬਾਬਾ ਫ਼ਰੀਦ ਜੀ ਨੇ ਸਥਾਨਕ ਮਦਰੱਸੇ ਵਿਚੋਂ ਮੁੱਢਲੀ ਸਿੱਖਿਆ ਪ੍ਰਾਪਤ ਕਰਨ ਮਗਰੋਂ, ਦਿੱਲੀ ਆ ਕੇ ਸੂਫ਼ੀਆਂ ਦੇ ਚਿਸ਼ਤੀ ਸੰਪਰਦਾਇ ਦੇ ਮੁਖੀ ਕੁਤਬੁਦੀਨ ਬਖਤਿਯਾਰ ਕਾਕੀ ਦੇ ਸ਼ਗਿਰਦ ਬਣੇ। ਆਪ ਦੀ ਪ੍ਰਤਿਭਾ ਅਤੇ ਪ੍ਰਾਪਤੀ ਦੇ ਸਨਮੁਖ ਸ਼ੇਖ ਕੁਤਬਦੀਨ ਬਖਤਿਯਾਰ ਕਾਕੀ ਨੇ 1233 ਈ. ਵਿੱਚ ਆਪ ਨੂੰ ਆਪਣੀ ਗੱਦੀ ਬਖਸ਼ ਦਿੱਤੀ। ਫ਼ਰੀਦ ਜੀ ਆਪਣੇ ਨਿੱਘੇ ਸੁਭਾਅ, ਹਲੀਮੀ ਅਤੇ ਮਿੱਠੀ ਜ਼ੁਬਾਨ ਕਰਕੇ ਲੋਕਾਂ ਵਿੱਚ ਹਰਮਨ ਪਿਆਰੇ ਸਨ। ਆਪ ਕੁਝ ਦੇਰ ਦਿੱਲੀ ਰਹਿਣ ਮਗਰੋਂ ਹਾਂਸੀ (ਜਿਲ੍ਹਾ ਹਿਸਾਰ) ਆ ਗਏ ਅਤੇ ਫੇਰ ਕਠਵਾਲ(ਖੋਤਵਾਲ) ਤੇ ਉੱਥੋਂ ਅਜੋਧਨ (ਮੁਲਤਾਨ ਦੇ ਨੇੜੇ) ਆ ਕੇ ਪੱਕੇ ਤੌਰ 'ਤੇ ਵੱਸ ਗਏ। ਆਪ ਜੀ ਦੀ ਅਧਿਆਤਮਕ ਬਖ਼ਸ਼ਿਸ ਕਰਕੇ ਇਹ ਸਥਾਨ ਅੱਜਕਲ੍ਹ ਪਾਕਪਟਨ ਦੇ ਨਾਂ ਨਾਲ ਪ੍ਰਸਿੱਧ ਹੈ। ਇੱਥੇ ਹੀ 1266 ਈ. ਵਿੱਚ ਆਪ ਦਾ ਦੇਹਾਂਤ ਹੋਇਆ।

ਆਪ ਦੇ ਸ਼ਬਦ ਤੇ ਸ਼ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਾਮਿਲ ਹਨ। ਚਾਰ ਸਬਦਾਂ ਵਿੱਚੋਂ ਦੋ ਰਾਗ ਆਸਾ ਅਤੇ ਦੋ ਰਾਗ ਸੂਹੀ ਵਿਚ ਅੰਕਿਤ ਕੀਤੇ ਗਏ ਹਨ। ਆਪ ਦੇ 112 ਸਲੋਕਾਂ ਨਾਲ ਚਾਰ ਗੁਰੂ ਸਾਹਿਬਾਨ (ਗੁਰੂ ਨਾਨਕ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ) ਦੇ 18 ਸਲੋਕ ਹੋਰ ਵੀ ਜੋੜੇ ਗਏ ਹਨ। ਇਹਨਾਂ ਦਾ ਪ੍ਰਯੋਜਨ ਆਪ ਦੀ ਬਾਣੀ ਦੇ ਪ੍ਰਸੰਗਾਂ ਨੂੰ ਨਿਸ਼ਚਿਤ ਤੇ ਨਿਰਧਾਰਤ ਪਰਿਪੇਖ ਪ੍ਰਦਾਨ ਕਰਨਾ ਹੈ।

ਬਾਬਾ ਫ਼ਰੀਦ ਜੀ ਪੰਜਾਬੀ ਸੂਫ਼ੀ-ਕਾਵਿ ਧਾਰਾ ਦੇ ਮੋਢੀ ਕਵੀ ਹਨ। ਆਪ ਨੇ ਲਹਿੰਦੀ-ਪੰਜਾਬੀ ਵਿਚ ਪੰਜਾਬੀ ਸੂਫ਼ੀ ਕਾਵਿ ਦੀ ਰਚਨਾ ਕੀਤੀ। ਇਸ ਲਈ ਆਪ ਦੀ ਬਾਣੀ ਸੂਫ਼ੀ ਰਮਜ਼ਾਂ ਨੂੰ ਸਧਾਰਨ ਬੋਲ-ਚਾਲ ਦੀ ਭਾਸ਼ਾ ਵਿਚ ਸੰਚਾਰਿਤ ਕਰਨ ਦਾ ਯਤਨ ਕਰਦੀ ਹੈ। ਆਪ ਦੀ ਬਾਣੀ ਮਨੁੱਖ ਨੂੰ ਨਿਮਰਤਾ, ਪਿਆਰ ਤੇ ਹਮਦਰਦੀ ਭਰਪੂਰ ਸਾਦਾ ਅਤੇ ਸੱਚਾ-ਸੁੱਚਾ ਜੀਵਨ ਜੀਉਣ ਅਤੇ ਰੱਬ ਦੀ ਭਜਨ ਬੰਦਗੀ ਕਰਨ ਦੀ ਪ੍ਰੇਰਨਾ ਦੇਂਦੀ ਹੈ।

## ਸਲੋਕ

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ  ਲਿਖਾਇ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ॥
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ॥
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ॥
ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥
ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ॥
ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀ ਆਇ
ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ॥

**(ਧਨ– ਇਸਤਰੀ, ਮਲਕੁ– ਮੌਤ ਦਾ ਫਰਿਸ਼ਤਾ, ਪਰਣਾਇ– ਵਰ ਕੇ (ਵਿਆਹ ਕੇ), ਜੋਲਿ ਕੈ– ਤੋਰ ਕੇ, ਵਾਲਹੁ– ਵਾਲ ਤੋਂ, ਪੁਰਸਲਾਤ– ਪੁਲ ਸਿਰਾਤ, ਪਵੰਦੀਈ– ਆਵਾਜ਼ ਪੈਂਦਿਆਂ, ਮੁਹਾਇ– ਧੋਖੇ ਵਿੱਚ ਨਾ ਪਾ, ਕੰਨੀ– ਕੰਨਾਂ ਨਾਲ।)**

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥
ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ॥

ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ॥
ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ॥

ਫ਼ਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥

ਫ਼ਰੀਦਾ ਲੋੜੈ ਦਾਖ ਬਿਜਉਰੀਆ ਕਿਕਰਿ ਬੀਜੈ ਜਟੁ ॥
ਹੰਢੈ ਉਨ ਕਤਾਇਦਾ ਪੈਧਾ ਲੋੜੈ ਪਟੁ ॥

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥
ਚਲਾ ਤ ਭਿਜੈ ਕੰਬਲੀ ਰਹਾ ਤ ਤੁਟੈ ਨੇਹੁ ॥

ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਝਾ ਦੁਧੁ ॥
ਸਭੇ ਵਸਤੂ ਮਿਠੀਆ ਰਬ ਨ ਪੁਜਨਿ ਤੁਧੁ ॥

ਫਰੀਦਾ ਦਰ ਦਰਵਾਜੈ ਜਾਇ ਕੈ ਕਿਉ ਡਿਠੋ ਘੜੀਆਲੁ ॥
ਏਹੁ ਨਿਦੋਸਾ ਮਾਰੀਐ ਹਮ ਦੋਸਾ ਦਾ ਕਿਆ ਹਾਲੁ ॥

(ਘੁੰਮਿ- ਘੁੰਮ ਕੇ, ਪਰਤ ਕੇ। ਆਪਨੜੈ ਘਰਿ- ਆਪਣੇ ਘਰ ਵਿੱਚ, ਸਵੈ-ਸਰੂਪ ਵਿੱਚ, ਸ਼ਾਂਤ ਅਵਸਥਾ ਵਿੱਚ। ਚੁੰਮਿ- ਚੁੰਮ ਕੇ। ਜਾਈਐ- ਅੱਪੜ ਜਾਈਦਾ ਹੈ, ਥੀਆ- ਹੋ ਗਿਆ ਹੈ, ਭੂਰ- ਚਿੱਟੀ, ਅਗਹੁ- ਅਗਲੇ ਪਾਸਿਓਂ, ਪਿਛਾ- ਪਿਛਲਾ ਪਾਸਾ, ਜਦੋਂ ਜੰਮਿਆ ਸੈਂ। ਕਿਆ ਭਵਹਿ- ਗਾਹਣ ਦਾ ਕੀ ਲਾਭ, ਵਣ- ਵਣ ਵਿਚ- ਜੰਗਲ ਵਿਚ, ਹਿਆਲੀਐ- ਹਿਰਦੇ ਵਿਚ। ਕਿਆ ਢੂਢੇਹਿ- ਭਾਲਣ ਦਾ ਕੀ ਲਾਭ, ਬਿਜਉਰੀਆ- ਬਿਜੌਰ ਦੇ ਇਲਾਕੇ ਦੀ ( ਇਹ ਇਲਾਕਾ ਪਠਾਣੀ ਦੇਸ ਵਿਚ ਮਾਲਾਕੰਦ ਸਵਾਤ ਤੋਂ ਪਰੇ ਹੈ।), ਦਾਖ- ਅੰਗੂਰ, ਕਿਕਰਿ- ਕਿਕਰੀਆਂ, ਹੰਢੈ- ਫਿਰਦਾ ਹੈ, ਪੈਧਾ ਲੋੜੈ- ਪਹਿਨਣਾ ਚਾਹੁੰਦਾ, ਰਹਾ- ਜੇ ਮੈਂ ਰਹਿ ਪਵਾਂ, ਤ- ਤਾਂ, ਤੁਟੈ- ਟੁੱਟਦਾ ਹੈ, ਨੇਹੁ- ਪਿਆਰ, ਅਲਹ- ਅੱਲਾਹ ਕਰ ਕੇ, ਰੱਬ ਕਰ ਕੇ। ਭਿਜਉ- ਬੇਸ਼ਕ ਭਿੱਜੇ, ਨੇਹੁ- ਪਿਆਰ, ਤਿਨਾ- ਉਹਨਾਂ ਨੂੰ, ਨਿਵਾਤ- ਮਿਸਰੀ, ਮਾਖਿਉ- ਸ਼ਹਿਦ, ਰਬ- ਹੇ ਰੱਬ, ਪ੍ਰਮਾਤਮਾ। ਨ ਪੁਜਨਿ- ਨਹੀਂ ਅੱਪੜਦੀਆਂ, ਤੁਧੁ- ਤੈਨੂੰ, ਦਰਿ- ਦਰ ਤੇ, ਬੂਹੇ ਤੇ। ਦਰਵਾਜੈ- ਦਰਵਾਜ਼ੇ ਤੇ, ਨਿਦੋਸਾ- ਬੇ-ਦੋਸਾ, ਮਾਰੀਐ- ਮਾਰ ਖਾਂਦਾ ਹੈ।)

## ਅਭਿਆਸ-ਪ੍ਰਸ਼ਨ

1. ਹੇਠ ਲਿਖੀਆਂ ਕਾਵਿ ਤੁਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥
ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ॥
ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ॥
ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ॥

(ਅ) ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥
ਚਲਾ ਤ ਭਿਜੈ ਕੰਬਲੀ ਰਹਾ ਤ ਤੁਟੈ ਨੇਹੁ॥
ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥

2. 'ਜਿਤੁ ਦਿਹਾੜੈ ਧਨ ਵਰੀ' ਸ਼ਬਦ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।
3. ਫਰੀਦ ਜੀ ਅਨੁਸਾਰ ਸੱਜਣ-ਪ੍ਰਭੂ ਨਾਲ ਨੇਹੁੰ ਕਿਵੇਂ ਬਣਿਆ ਰਹਿ ਸਕਦਾ ਹੈ?
4. ਫਰੀਦ ਜੀ ਰੱਬ ਦਾ ਵਾਸ ਕਿੱਥੇ ਦੱਸਦੇ ਹਨ? ਅਤੇ ਮੱਨੁਖ ਨੂੰ ਕਿਸ ਗੱਲੋਂ ਵਰਜਦੇ ਹਨ ?
5. ਫਰੀਦ ਜੀ ਦੇ ਸਲੋਕ ਪੜ੍ਹ ਕੇ ਕਿਹੜੇ-ਕਿਹੜੇ ਸਦਾਚਾਰਕ ਗੁਣ ਗ੍ਰਹਿਣ ਕਰਨ ਦੀ ਸਿੱਖਿਆ ਮਿਲਦੀ ਹੈ?

# ਗੁਰੂ ਨਾਨਕ ਦੇਵ ਜੀ

ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਪਹਿਲੇ ਗੁਰੂ ਅਤੇ ਪੰਜਾਬੀ ਦੇ ਸ੍ਰੇਸਟ ਕਵੀ ਹੋਏ ਹਨ। ਆਪ ਜੀ ਦਾ ਜਨਮ 15 ਅਪਰੈਲ 1469 ਈ: ਨੂੰ ਰਾਇ ਭੋਇੰ ਦੀ ਤਲਵੰਡੀ (ਨਨਕਾਣਾ ਸਾਹਿਬ) ਜਿਲ੍ਹਾ ਸ਼ੇਖ਼ੂਪੁਰਾ (ਪਾਕਿਸਤਾਨ) ਵਿਖੇ ਮਾਤਾ ਤ੍ਰਿਪਤਾ ਅਤੇ ਪਿਤਾ ਕਲਿਆਣ ਦਾਸ (ਮਹਿਤਾ ਕਾਲੂ) ਦੇ ਘਰ ਹੋਇਆ। ਬਾਬਾ ਨਾਨਕ ਜੀ ਬਚਪਨ ਤੋਂ ਹੀ ਵਿੱਲਖਣ ਸ਼ਖ਼ਸੀਅਤ ਦੇ ਮਾਲਕ ਸਨ। ਆਪ ਅਧਿਆਤਮਿਕ ਵਿਚਾਰਾਂ ਦੇ ਧਾਰਨੀ ਸਨ ਅਤੇ ਹਰ ਵੇਲੇ ਰੱਬ ਦੀ ਭਗਤੀ ਵਿੱਚ ਲੀਨ ਰਹਿੰਦੇ ਸਨ।

ਆਪ ਜੀ ਦੇ ਜੀਵਨ ਵਿੱਚ ਆਪ ਦੀ ਵੱਡੀ ਭੈਣ ਬੇਬੇ ਨਾਨਕੀ ਤੇ ਜੀਜਾ ਜੈ ਰਾਮ ਨੇ ਬਹੁਤ ਵੱਡਾ ਯੋਗਦਾਨ ਪਾਇਆ। ਭੈਣ ਦੇ ਕਹੇ ਅਨੁਸਾਰ ਹੀ ਗੁਰੂ ਜੀ ਤਲਵੰਡੀ ਤੋਂ ਸੁਲਤਾਨਪੁਰ ਚਲੇ ਗਏ ਅਤੇ ਮੋਦੀਖਾਨੇ ਵਿੱਚ ਨੌਕਰੀ ਕੀਤੀ। ਇੱਥੋਂ ਹੀ ਧਰਮ ਪ੍ਰਚਾਰ ਲਈ ਦੇਸ-ਵਿਦੇਸ ਦਾ ਰਟਨ ਸੁਰੂ ਕੀਤਾ। ਆਪ ਦੀਆ ਯਾਤਰਾਵਾਂ- ਫੇਰੀਆਂ ਨੂੰ ਸਿੱਖ ਧਰਮ ਵਿੱਚ ਉਦਾਸੀਆਂ ਨਾਲ ਯਾਦ ਕੀਤਾ ਜਾਂਦਾ ਹੈ। ਉਦਾਸੀਆਂ ਦੇ ਦੌਰਾਨ ਗੁਰੂ ਨਾਨਕ ਦੇਵ ਜੀ ਅਨੇਕ ਰਾਜਿਆਂ-ਮਹਾਰਾਜਿਆਂ, ਪੰਡਿਤਾਂ, ਮੁਲਾਂ-ਮੁਲਾਣਿਆ, ਪੁੰਨੀਆਂ-ਪਾਪੀਆਂ, ਅਨੇਕ ਫਿਰਕਿਆਂ, ਵਰਗਾਂ ਤੇ ਧਰਮਾਂ ਦੇ ਲੋਕਾਂ ਨੂੰ ਮਿਲੇ। ਉਹਨਾਂ ਨਾਲ ਵਿਚਾਰ-ਵਟਾਂਦਰਾ ਅਤੇ ਗੋਸ਼ਟੀਆਂ ਕੀਤੀਆਂ। ਇਸ ਤਰ੍ਹਾਂ ਆਪ ਨੇ ਲਗਭਗ ਬਾਈ ਸਾਲ ਦੇਸਾਂ-ਪਰਦੇਸਾਂ ਦੀ ਯਾਤਰਾ ਕੀਤੀ। ਅੰਤ ਨੂੰ ਕਰਤਾਰ ਪੁਰ ਵਿਖੇ 1539 ਈ: ਨੂੰ ਜੋਤੀ ਜੋਤ ਸਮਾ ਗਏ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਪ ਦੇ 974 ਸ਼ਬਦ ਦਰਜ ਹਨ। ਆਪ ਨੇ 19 ਰਾਗਾਂ ਵਿਚ ਬਾਣੀ ਰਚੀ। ਆਪ ਦੀ ਬਾਣੀ ਵਿਚ ਫਾਰਸੀ, ਅਰਬੀ, ਹਿੰਦੀ ਅਤੇ ਸੰਸਕ੍ਰਿਤ ਆਦਿ ਭਾਸ਼ਾਵਾਂ ਦੇ ਬਹੁਤ ਸਾਰੇ ਸ਼ਬਦ ਮਿਲਦੇ ਹਨ। ਪਰ ਫਿਰ ਵੀ ਇਸ ਦੀ ਠੁੱਕ ਪੰਜਾਬੀ ਹੈ ਅਤੇ ਇਸ ਵਿਚ ਪੰਜਾਬ ਦੀ ਧਰਤੀ ਦੀ ਸੁਗੰਧ ਹੈ। ਆਪ ਨੇ ਸਲੋਕ, ਛੰਦ, ਸੋਹਲੇ, ਵਾਰ, ਬਾਰਾਮਾਹ, ਅਸ਼ਟਪਦੀਆਂ ਆਦਿ ਕਾਵਿ-ਰੂਪਾਂ ਵਿਚ ਬਾਣੀ ਰਚੀ। 'ਜਪੁਜੀ', 'ਆਸਾ ਦੀ ਵਾਰ', 'ਸਿਧ ਗੋਸ਼ਟਿ', 'ਬਾਰਾਮਾਹ ਤੁਖ਼ਾਰੀ', 'ਪੱਟੀ', 'ਥਿਤੀ', 'ਓਅੰਕਾਰ' ਆਦਿ ਆਪ ਦੀਆਂ ਪ੍ਰਮੁੱਖ ਰਚਨਾਵਾਂ ਹਨ।

ਆਪ ਜੀ ਦੀ ਬਾਣੀ ਵਿੱਚ ਰਾਗ ਅਤੇ ਕਾਵਿ ਦਾ ਸੁਮੇਲ ਹੈ। ਬਿੰਬਾਵਲੀ, ਛੰਦ-ਪ੍ਰਬੰਧ ਆਦਿ ਪੱਖੋਂ ਇਹ ਬਾਣੀ ਉੱਚ ਪਾਇ ਦੀ ਹੈ। ਜਨ-ਸਾਧਾਰਨ ਪੱਧਰ ਦੀ ਬੋਲੀ ਵਿੱਚ ਰਚੀ ਗਈ ਬਾਣੀ ਆਮ ਲੋਕਾਂ ਦੀ ਸਮਝ ਆਉਣ ਵਾਲੀ ਅਤੇ ਅਧਿਆਤਮਿਕਤਾ ਦਾ ਸੁਨੇਹਾ ਦੇਣ ਵਾਲੀ ਹੈ। ਇਸ ਦੇ ਨਾਲ ਹੀ ਬਾਣੀ ਕਮਜ਼ੋਰ ਤੇ ਲਿਤਾੜੇ ਵਰਗ ਦੇ ਹਿੱਤਾਂ ਦੀ ਆਵਾਜ਼ ਵੀ ਬੁਲੰਦ ਕਰਦੀ ਹੈ।

## ਗਗਨ ਮੈ ਥਾਲੁ

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥

ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥

ਕੈਸੀ ਆਰਤੀ ਹੋਇ॥

ਭਵ ਖੰਡਨਾ ਤੇਰੀ ਆਰਤੀ ॥

ਅਨਹਤਾ ਸਬਦ ਵਾਜੰਤ ਭੇਰੀ॥੧॥ ਰਹਾਉ॥

ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ॥

ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥੨॥

ਸਭ ਮਹਿ ਜੋਤਿ ਜੋਤਿ ਹੈ ਸੋਇ॥

ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥

ਗੁਰ ਸਾਖੀ ਜੋਤਿ ਪਰਗਟੁ ਹੋਇ॥

ਜੋ ਤਿਸੁ ਭਾਵੈ ਸੁ ਆਰਤੀ ਹੋਇ॥੩॥

ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋੁ ਮੋਹਿ ਆਹੀ ਪਿਆਸਾ॥

ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ॥੪॥੩॥

(ਗਗਨ- ਅਸਮਾਨ, ਰਵਿ- ਸੂਰਜ, ਜਨਕ- ਮਾਨੋਂ, ਮਲਆਨਲੋ- ਮਲਯ ਪਰਬਤ(ਜਿੱਥੇ ਚੰਦਨ ਬਹੁਤ ਹੁੰਦਾ ਹੈ) ਤੋਂ ਆਉਣ ਵਾਲੀ ਹਵਾ, ਬਨਰਾਇ- ਬਨਸਪਤੀ, ਫੂਲੰਤ- ਫੁੱਲ ਦੇ ਰਹੀ ਹੈ, ਭਵਖੰਡਨਾ- ਜਨਮ-ਮਰਨ ਨੂੰ ਕੱਟਣ ਵਾਲੇ, ਅਨਹਤਾ- ਜੋ ਬਿਨਾ ਵਜਾਏ ਵੱਜੇ/ਇਕ ਰਸ, ਭੇਰੀ- ਛੋਟਾ ਨਗਾਰਾ, ਸਹਸ- ਸੈਂਕੜੇ, ਬਿਮਲ- ਸਾਫ਼/ ਮੈਲ ਤੋਂ ਬਿਨਾਂ/ ਪਵਿੱਤਰ, ਚਲਤ-ਕੌਤਕ/ਅਸਚਰਜ ਖੇਡ, ਗੁਰਸਾਖੀ- ਗੁਰੂ ਦੀ ਸਿੱਖਿਆ, ਮਕਰੰਦ- ਫੁੱਲਾਂ ਦਾ ਰਸ, ਅਨਦਿਨੋ- ਦਿਨ ਪ੍ਰਤੀਦਿਨ/ਹਰ ਰੋਜ਼, ਸਾਰਿੰਗ- ਪਪੀਹਾ/ ਚਾਤ੍ਰਿਕ)

## ਖੁਰਾਸਾਨ ਖਸਮਾਨਾ ਕੀਆ

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥

ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥

ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ ॥੧॥

ਕਰਤਾ ਤੂੰ ਸਭਨਾ ਕਾ ਸੋਈ ॥

ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥੧॥ ਰਹਾਉ ॥

ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥

ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ ॥

ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ ॥੨॥

ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ ॥

ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ ॥

ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ ॥੩॥੫॥੩੯॥

**(ਖੁਰਾਸਾਨ- ਈਰਾਨ ਦੇ ਪੂਰਬ ਤੇ ਅਫਗਾਨਿਸਤਾਨ ਦੇ ਪੱਛਮ ਵੱਲ ਦਾ ਦੇਸ਼, ਖਸਮਾਨਾ- ਸਪੁਰਦਗੀ, ਕਰਤਾ-ਕਰਤਾਰ, ਮੁਗਲੁ- ਬਾਬਰ, ਕੁਰਲਾਣੈ- ਪੁਕਾਰ ਉਠੇ, ਸਕਤਾ- ਤਕੜਾ, ਰੋਸੁ- ਗੁੱਸਾ/ਗਿਲਾ, ਵਗੈ- ਨਿਹੱਥਿਆਂ ਨੂੰ/ ਗ਼ਰੀਬਾਂ ਨੂੰ, ਪੁਰਸਾਈ- ਪੁੱਛ ਗਿੱਛ, ਰਤਨ ਵਿਗਾੜਿ- ਰਤਨਾਂ ਵਰਗੇ ਇਸਤਰੀਆਂ-ਮਰਦ, ਵਿਗੋਏ- ਨਾਸ ਕਰ ਦਿੱਤੇ/ਖ਼ੁਆਰ ਕੀਤੇ, ਕੁਤੀਂ- ਕੁੱਤਿਆਂ ਨੇ/ਮੁਗ਼ਲਾਂ ਨੇ, ਸਾਦ ਕਰੇ- ਰੰਗ ਰਲੀਆਂ)**

## ਸਿੰਮਲ ਰੁਖੁ ਸਰਾਇਰਾ

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥

ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥

ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥

ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ॥

ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥
ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥

ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ॥੧॥

**(ਸਰਾਇਰਾ- ਸਿੱਧਾ, ਦੀਰਘ- ਲੰਮਾ, ਮੁਚੁ- ਵੱਡਾ,ਕਿਤੁ- ਕਿਉਂ,ਪਤ- ਪੱਤਰ/ਪੱਤੇ, ਓਇ- ਉਹ, ਤਤੁ- ਸਾਰ, ਗਉਰਾ - ਭਾਰਾ, ਹੰਤਾ- ਮਾਰਨ ਵਾਲਾ, ਸੀਸ ਨਿਵਾਇਐ- ਜੇ ਨਿਰਾ ਸਿਰ ਨਿਵਾਇਆ ਜਾਏ, ਕੁਸੁਧੇ- ਖੋਟੇ)**

## ਅਭਿਆਸ-ਪ੍ਰਸ਼ਨ

1. ਹੇਠ ਲਿਖੀਆਂ ਕਾਵਿ-ਤੁਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥
ਗੁਰ ਸਾਖੀ ਜੋਤਿ ਪਰਗਟੁ ਹੋਇ॥
ਜੋ ਤਿਸੁ ਭਾਵੈ ਸੁ ਆਰਤੀ ਹੋਇ॥

(ਅ) ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥
ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ॥

2. 'ਸਿੰਮਲ ਰੁਖ ਸਰਾਇਰਾ' ਸ਼ਬਦ ਦਾ ਕੇਂਦਰੀ ਭਾਵ ਲਿਖੋ।

3. 'ਗਗਨ ਮੈ ਥਾਲੁ' ਸ਼ਬਦ ਵਿੱਚ ਪ੍ਰਗਟ ਕੀਤੇ ਗਏ ਵਿਚਾਰਾਂ ਦਾ ਸਾਰ ਲਿਖੋ।

4. 'ਖੁਰਾਸਾਨ ਖਸਮਾਨਾ ਕੀਆ' ਸ਼ਬਦ ਵਿਚ ਗੁਰੂ ਜੀ ਰੱਬ ਨੂੰ ਕੀ ਉਲਾਮ੍ਹਾਂ ਦੇ ਰਹੇ ਹਨ ? ਆਪਣੇ ਸ਼ਬਦਾਂ ਵਿਚ ਲਿਖੋ।

5. 'ਸਿੰਮਲ ਰੁਖੁ ਸਰਾਇਰਾ' ਸ਼ਬਦ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ ?

6. 'ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ' ਤੁਕ ਤੋਂ ਕੀ ਭਾਵ ਹੈ ?

# ਗੁਰੂ ਅਮਰਦਾਸ ਜੀ

ਸ਼੍ਰੀ ਗੁਰੂ ਅਮਰਦਾਸ ਜੀ ਸਿੱਖਾਂ ਦੇ ਤੀਜੇ ਗੁਰੂ ਹਨ। ਸਿੱਖ ਜਗਤ ਵਿੱਚ ਆਪ ਨੇ ਸਿੱਖੀ ਦੇ ਪ੍ਰਚਾਰ/ ਪ੍ਰਸਾਰ ਦੇ ਨਾਲ ਨਾਲ ਪੰਗਤ ਵਿੱਚ ਬੈਠ ਕੇ ਭੋਜਨ(ਗੁਰੂ ਕਾ ਲੰਗਰ) ਛਕਣ ਦੀ ਪ੍ਰੰਪਰਾ ਨੂੰ ਸਥਾਪਿਤ ਕਰਨ ਵਿੱਚ ਸ਼ਲਾਘਾ ਯੋਗ ਕਾਰਜ ਕੀਤਾ।

ਸ਼੍ਰੀ ਗੁਰੂ ਅਮਰਦਾਸ ਜੀ ਦਾ ਜਨਮ 1479 ਈ. ਵਿੱਚ ਪਿੰਡ ਬਾਸਰਕੇ, ਜਿਲ੍ਹਾ ਅੰਮ੍ਰਿਤਸਰ ਵਿਖੇ ਤੇਜਭਾਨ ਭੱਲਾ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਦੀ ਮਾਤਾ ਦਾ ਨਾਂ ਸੁਲੱਖਣੀ ਜੀ ਸੀ। ਗੁਰ-ਗੱਦੀ ਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਆਪ ਦਾ ਝੁਕਾਅ ਪ੍ਰਮਾਤਮਾ ਦੀ ਭਗਤੀ ਵੱਲ ਸੀ। ਆਪ ਦੀ ਨਿਮਰਤਾ ਅਤੇ ਸੇਵਾ ਉੱਪਰ ਖੁਸ਼ ਹੋ ਕੇ ਗੁਰੂ ਅੰਗਦ ਦੇਵ ਜੀ ਨੇ ਆਪ ਦੀ ਨਿਮਰਤਾ ਅਤੇ ਸੇਵਾ ਤੋ ਖੁਸ਼ ਹੋ ਕੇ ਗੁਰਗੱਦੀ ਬਖ਼ਸ਼ ਦਿੱਤੀ। ਉਸ ਸਮੇਂ ਆਪ ਦੀ ਉਮਰ 84 ਵਰ੍ਹਿਆਂ ਦੀ ਸੀ। ਆਪ ਦੁਆਰਾ ਵਸਾਏ ਗਏ ਗੋਇੰਦਵਾਲ ਨਗਰ ਦੀ ਅੱਜ ਵੀ ਪੂਰੀ ਮਹਿਮਾ ਹੈ। 1574 ਈ. ਨੂੰ ਆਪ ਜੋਤੀ ਜੋਤ ਸਮਾ ਗਏ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਪ ਦੀ 17 ਰਾਗਾਂ ਵਿੱਚ ਬਾਣੀ ਉਪਲਬਧ ਹੈ। ਆਪ ਨੇ ਵਾਰਾਂ,ਸ਼ਬਦ, ਸ਼ਲੋਕ, ਚੌਪਦੇ, ਛੇ-ਪਦੇ, ਛੰਤ, ਸਤਵਾਰਾ ਆਦਿ ਕਾਵਿ ਰੂਪਾਂ ਵਿੱਚ ਰਚਨਾ ਕੀਤੀ। ਆਪ ਦੁਆਰਾ ਰਚਿਤ 'ਅਨੰਦ ਸਾਹਿਬ' ਦੀ ਬਾਣੀ ਨੂੰ ਗੁਰਮਤਿ ਕਾਵਿ ਵਿੱਚ ਸ਼੍ਰੋਮਣੀ ਸਥਾਨ ਹਾਸਿਲ ਹੈ। ਆਪ ਦੀ ਬਾਣੀ ਦੀ ਭਾਸ਼ਾ ਸਰਲ ਪੰਜਾਬੀ ਵਿੱਚ ਹੈ। ਗੁਰੂ ਜੀ ਨੇ ਲੋਕ -ਧੁਨੀਆਂ ਤੇ ਲੋਕ-ਛੰਦਾਂ ਨੂੰ ਉਚੇਚਾ ਮਹੱਤਵ ਦਿੱਤਾ। ਆਪ ਦੀ ਰਚਨਾ ਵਿੱਚੋ ਸਮਾਜਿਕ ਬੁਰਾਈਆਂ ਨੂੰ ਦੂਰ ਕਰਨ ਦਾ ਸੰਦੇਸ਼ ਮਿਲਦਾ ਹੈ। ਇਸ ਪਾਠ-ਪੁਸਤਕ ਵਿੱਚ ਉਹਨਾਂ ਦੀ ਬਾਣੀ ਦੇ ਕੁਝ ਅੰਸ਼ ਸ਼ਾਮਿਲ ਕੀਤੇ ਜਾ ਰਹੇ ਹਨ।

## ਮਨ ਤੂੰ ਜੋਤਿ ਸਰੂਪੁ ਹੈ

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥

ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥

ਮੂਲ ਪਛਾਣਹਿ ਤਾ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥

ਗੁਰ ਪਰਸਾਦੀ ਏਕੋ ਜਾਣਹਿ ਤਾ ਦੂਜਾ ਭਾਉ ਨ ਹੋਈ ॥

ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ ॥

ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥

**(ਮੂਲੁ- ਅਸਲਾ, ਗੁਰਮਤੀ- ਗੁਰੂ ਦੀ ਮਤ ਲੈ ਕੇ, ਸਹੁ- ਖਸਮ, ਰੰਗੁ- ਆਤਮਕ ਆਨੰਦ, ਵਜੀ ਵਧਾਈ- ਚੜ੍ਹਦੀ ਕਲਾ, ਜੋਤਿ ਸਰੂਪੁ- ਪ੍ਰਮਾਤਮਾ ਦਾ ਅੰਸ਼, ਪਛਾਣੁ- ਪਰਖ ਕਰ)**

## ਸਤੀਆ ਏਹਿ ਨ ਆਖੀਅਨਿ

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ ॥

ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ ॥

ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨ੍ਹਿ ॥

ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਾਲੰਨ੍ਹਿ ॥

ਕੰਤਾ ਨਾਲਿ ਮਹੇਲੀਆ ਸੇਤੀ ਅਗਿ ਜਲਾਹਿ ॥

ਜੇ ਜਾਣਹਿ ਪਿਰੁ ਆਪਣਾ ਤਾ ਤਨਿ ਦੁਖ ਸਹਾਹਿ ॥

ਨਾਨਕ ਕੰਤ ਨ ਜਾਣਨੀ ਸੇ ਕਿਉ ਅਗਿ ਜਲਾਹਿ ॥

ਭਾਵੈ ਜੀਵਉ ਕੈ ਮਰਉ ਦੂਰਹੁ ਹੀ ਭਜਿ ਜਾਹਿ ॥

**(ਮੜਿਆ- ਲੋਥ/ਲਾਸ਼, ਸਤੀ- ਉਹ ਇਸਤਰੀ ਜੋ ਆਪਣੇ ਪਤੀ ਦੇ ਮਰਨ 'ਤੇ ਉਸ ਦੇ ਨਾਲ ਹੀ ਚਿਖਾ ਵਿਚ ਸੜ ਮਰਦੀ ਸੀ, ਸਮ੍ਹਾਲੰਨ੍ਹਿ- ਚੇਤੇ ਰੱਖਣ, ਬਿਰਹਾ- ਵਿਛੋੜਾ, ਮਹੇਲੀਆਂ- ਇਸਤਰੀਆਂ, ਸੀਲ- ਸੁੱਚਾ ਆਚਰਨ, ਸੇਵਨਿ- ਸੇਵਾ ਕਰਦੀਆਂ ਹਨ)**

## ਜਗਤੁ ਜਲੰਦਾ ਰਖਿ ਲੈ

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥

ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥

ਸਤਿਗੁਰਿ ਸੁਖੁ ਵੇਖਾਲਿਆ ਸਚਾ ਸ਼ਬਦੁ ਬੀਚਾਰਿ ॥

ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਹਾਰੁ ॥

**(ਜਲੰਦਾ- ਸੜਦਾ, ਉਬਰੈ- ਬਚ ਸਕੇ, ਤਿਤੈ- ਉਸੇ ਤਰ੍ਹਾਂ ਹੀ, ਸੁਖੁ- ਆਤਮਕ ਆਨੰਦ, ਬੀਚਾਰਿ- ਵਿਚਾਰ ਕੇ , ਅਵਰੁ- ਕੋਈ ਹੋਰ, ਸੁਝਈ- ਨਹੀਂ ਸੁੱਝਦਾ)**

## ਏ ਸਰੀਰਾ ਮੇਰਿਆ

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ ॥

ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥

ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥

ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ ॥

ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ ਤਾ ਤੂ ਜਗ ਮਹਿ ਆਇਆ ॥

**(ਜੀਉ- ਜੀਵ, ਉਪਾਇ- ਪੈਦਾ ਕਰ ਕੇ, ਬੁਝਿਆ- ਸਮਝਿਆ, ਚਲਤੁ ਹੋਇਆ- ਖੇਡ ਹੋਈ/ਤਮਾਸ਼ਾ, ਮੂਲੁ ਰਚਿਆ- ਮੁੱਢ ਬੱਧਾ)**

## ਅਭਿਆਸ-ਪ੍ਰਸ਼ਨ

1. ਹੇਠ ਲਿਖੀਆਂ ਕਾਵਿ-ਤੁਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥
ਮੂਲ ਪਛਾਣਹਿ ਤਾ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥
ਗੁਰ ਪਰਸਾਦੀ ਏਕੋ ਜਾਣਹਿ ਤਾ ਦੂਜਾ ਭਾਉ ਨ ਹੋਈ ॥

(ਅ) ਕੰਤਾ ਨਾਲਿ ਮਹੇਲੀਆ ਸੇਤੀ ਅਗਿ ਜਲਾਹਿ ॥
ਜੇ ਜਾਣਹਿ ਪਿਰੁ ਆਪਣਾ ਤਾ ਤਨਿ ਦੁਖ ਸਹਾਹਿ ॥
ਨਾਨਕ ਕੰਤ ਨ ਜਾਣਨੀ ਸੇ ਕਿਉ ਅਗਿ ਜਲਾਹਿ ॥
ਭਾਵੈ ਜੀਵਉ ਕੈ ਮਰਉ ਦੂਰਹੁ ਹੀ ਭਜਿ ਜਾਹਿ ॥

2. 'ਮਨ ਤੂੰ ਜੋਤਿ ਸਰੂਪੁ ਹੈ' ਸ਼ਬਦ ਦਾ ਕੇਂਦਰੀ ਭਾਵ ਲਿਖੋ।

3. ਗੁਰੂ ਜੀ ਅਨੁਸਾਰ ਅਸਲ ਸਤੀ ਇਸਤਰੀਆਂ ਕਿੰਨ੍ਹਾਂ ਨੂੰ ਆਖਿਆ ਜਾ ਸਕਦਾ ਹੈ ?

4. 'ਜਗਤੁ ਜਲੰਦਾ ਰਖਿ ਲੈ' ਸ਼ਬਦ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ।

5. 'ਏ ਸਰੀਰਾ ਮੇਰਿਆ' ਸ਼ਬਦ ਵਿੱਚ ਗੁਰੂ ਜੀ ਮਨੁੱਖ ਨੂੰ ਕਿਹੋ ਜਿਹਾ ਬਣਨ ਲਈ ਪ੍ਰੇਰਦੇ ਹਨ ?

6. 'ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਹਾਰੁ' ਤੁਕ ਤੋਂ ਕੀ ਭਾਵ ਹੈ ?

# ਗੁਰੂ ਰਾਮਦਾਸ ਜੀ

ਸ਼੍ਰੀ ਗੁਰੂ ਰਾਮਦਾਸ ਜੀ ਸਿੱਖਾਂ ਦੇ ਚੌਥੇ ਗੁਰੂ ਹਨ। ਗੁਰੂ ਸਾਹਿਬ ਵੱਲੋਂ ਸਿੱਖੀ ਦੇ ਕੇਂਦਰ ਸ਼੍ਰੀ ਅੰਮ੍ਰਿਤਸਰ ਦੀ ਸਥਾਪਨਾ ਨੂੰ ਇਤਿਹਾਸਿਕ ਕਾਰਜ ਵਜੋਂ ਜਾਣਿਆ ਜਾਂਦਾ ਹੈ। ਸ਼੍ਰੀ ਗੁਰੂ ਰਾਮਦਾਸ ਜੀ ਦਾ ਜਨਮ 24 ਸਤੰਬਰ 1534 ਈ. ਨੂੰ ਚੂਨਾ ਮੰਡੀ ਲਾਹੌਰ(ਪਾਕਿਸਤਾਨ) ਵਿਖੇ ਪਿਤਾ ਸ਼੍ਰੀ ਹਰਦਾਸ ਜੀ ਤੇ ਮਾਤਾ ਦਇਆ ਕੌਰ ਦੇ ਗ੍ਰਿਹ ਵਿਖੇ ਹੋਇਆ। ਪਰਿਵਾਰ ਵੱਲੋ ਆਪ ਜੀ ਦਾ ਨਾਂ ਭਾਈ ਜੇਠਾ ਜੀ ਰੱਖਿਆ ਗਿਆ। ਛੋਟੀ ਉਮਰ ਵਿੱਚ ਮਾਪਿਆਂ ਦੇ ਅਕਾਲ ਚਲਾਣੇ ਉਪਰੰਤ ਆਪ ਆਪਣੇ ਨਾਨਕੇ ਪਿੰਡ ਬਾਸਰਕੇ ਜਿਲ੍ਹਾ ਅੰਮ੍ਰਿਤਸਰ ਆ ਗਏ। ਬਚਪਨ ਵਿੱਚ ਆਪ ਨੇ ਘੁੰਗਣੀਆਂ ਵੇਚਣ ਦਾ ਕੰਮ ਵੀ ਕੀਤਾ। ਇੱਥੇ ਹੀ ਆਪ ਨੂੰ ਗੁਰੂ ਅਮਰਦਾਸ ਜੀ ਦੀ ਸ਼ਰਨ ਪ੍ਰਾਪਤ ਹੋਈ।

ਆਪ ਜੀ ਦੀ ਅਧਿਆਤਮਕ ਸੰਗਤ ਤੋਂ ਪ੍ਰਭਾਵਿਤ ਹੋ ਕੇ ਗੁਰੂ ਅਮਰਦਾਸ ਜੀ ਨੇ ਆਪਣੀ ਬੇਟੀ ਬੀਬੀ ਭਾਨੀ ਦਾ ਵਿਆਹ ਆਪ ਨਾਲ ਕਰ ਦਿੱਤਾ। ਗੁਰੂ ਅਮਰਦਾਸ ਜੀ ਨੇ ਆਪ ਦੀ ਸੇਵਾ ਭਾਵਨਾ ਨੂੰ ਵੇਖਦੇ ਹੋਏ ਆਪ ਦਾ ਨਾਂ ਰਾਮਦਾਸ ਰੱਖ ਦਿੱਤਾ। ਗੁਰੂ ਅਮਰਦਾਸ ਜੀ ਨੇ 1574 ਈ. ਵਿੱਚ ਆਪ ਨੂੰ ਗੁਰਗੱਦੀ ਬਖਸ਼ ਦਿੱਤੀ। 1581 ਈ. ਵਿੱਚ ਆਪ ਜੋਤੀ-ਜੋਤ ਸਮਾ ਗਏ।

'ਸ਼੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਆਪ ਦੀ ਬਾਣੀ 29 ਰਾਗਾਂ ਵਿੱਚ ਦਰਜ਼ ਹੈ। ਜੋ ਘੋੜੀਆਂ, ਕਰਹਲਾ, ਵਣਜਾਰਾ, ਅਸ਼ਟਪਦੀਆਂ, ਛੰਦ, ਸ਼ਬਦ ਅਤੇ ਸ਼ਲੋਕ ਆਦਿ ਰੂਪਾਂ ਵਿੱਚ ਮਿਲਦੀ ਹੈ। ਗੁਰੂ ਜੀ ਨੇ ਬਾਣੀ ਵਿੱਚ ਜਿੱਥੇ ਅਕਾਲ-ਪੁਰਖ ਦੀ ਉਸਤਤ ਕੀਤੀ ਹੈ, ਉੱਥੇ ਬਾਣੀ ਰਚਨਾ ਵਿਚਲੀ ਸੰਗੀਤਾਤਮਿਕਤਾ ਇਸ ਨੂੰ ਕਲਾ ਪੱਖੋਂ ਨਵੀਨ ਛੁਹਾਂ ਪ੍ਰਦਾਨ ਕਰਦੀ ਹੈ। ਵਿਦਿਆਰਥੀਆਂ ਲਈ ਪਾਠ-ਪੁਸਤਕ ਵਿੱਚ ਆਪ ਦੀ ਬਾਣੀ ਦੇ ਚੋਣਵੇਂ ਅੰਸ਼ ਦਿੱਤੇ ਜਾ ਰਹੇ ਹਨ।

## ਲਾਵਾਂ (ਰਾਗ ਸੂਹੀ)

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥

ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥

ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥

ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥

ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥

ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥

ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥

ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥

ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥

ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥

ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥

ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥

ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥

ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥

ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥

ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥

ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥

ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥

ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ ॥

ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥

ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ ॥

ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ ॥

ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥

ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥

(ਪਰ ਵਿਰਤੀ ਕਰਮ - ਪ੍ਰਮਾਤਮਾ ਦਾ ਨਾਮ ਜਪਣ ਦੇ ਆਹਰ ਵਿਚ ਰੁੱਝਣ ਦਾ ਕੰਮ, ਦ੍ਰਿੜਾਇਆ- ਨਿਸ਼ਚੇ ਕਰਾਇਆ ਹੈ, ਬਾਣੀ- ਗੁਰੂ ਦੀ ਬਾਣੀ, ਤਜਾਇਆ- ਤਜੇ ਜਾਂਦੇ ਹਨ, ਸਿਮ੍ਰਿਤਿ- ਸਿਮਰਨ, ਕਿਲਵਿਖ- ਪਾਪ, ਸਹਜ ਅਨੰਦੁ- ਆਤਮਕ ਅਡੋਲਤਾ ਦਾ ਸੁਖ, ਕਾਜੁ- ਵਿਆਹ, ਬਲਿ ਰਾਮ ਜੀਉ- ਹੇ ਰਾਮ ਜੀ/ਤੈਥੋਂ ਸਦਕੇ ਹਾਂ, ਨਿਰਭਉ- ਨਿਡਰ, ਅਦਬ- ਸਤਿਕਾਰ, ਹਦੂਰੇ- ਹਾਜ਼ਰ-ਨਾਜ਼ਰ/ਅੰਗ-ਸੰਗ, ਭਰਪੂਰੇ- ਵਿਆਪਕ, ਮੰਗਲ- ਸਿਫ਼ਤ-ਸਾਲਾਹ ਦੇ ਗੀਤ, ਅਨਹਦ- ਇਕ ਰਸ, ਮਨਿ ਚਾਉ ਭਇਆ ਬੈਰਾਗੀਆ - ਵੈਰਾਗੀ ਦੇ ਮਨ ਵਿਚ ਚਾਉ- ਉਤਸ਼ਾਹ, ਮੁਖਿ- ਮੂੰਹ ਤੋਂ, ਬੋਲੀ -ਉਚਾਰੀ, ਅਕਥ- ਅਕੱਥ(ਜਿਸ ਦਾ ਸਹੀ ਸਰੂਪ ਬਿਆਨ ਨਾ ਕੀਤਾ ਜਾ ਸਕੇ), ਧੁਨਿ- ਲਗਨ, ਮਸਤਕਿ- ਮੱਥੇ ਉੱਤੇ, ਭਾਗੁ- ਚੰਗੀ ਕਿਸਮਤ, ਹਰਿ ਬੈਰਾਗ- ਪ੍ਰਭ ਮਿਲਾਪ ਦੀ ਤੀਬਰ ਤਾਂਘ, ਤਨਿ-ਤਨ ਵਿੱਚ, ਸੁਭਾਇ- ਪ੍ਰਭੂ ਦੇ ਪਿਆਰ ਵਿਚ ਟਿਕ ਕੇ, ਅਨਦਿਨੁ- ਹਰ ਰੋਜ਼/ਹਰ ਵੇਲੇ, ਲਿਵ ਲਾਈ- ਸੁਰਤ ਜੋੜੀ ਰੱਖੀਂ, ਮਨ ਚਿੰਦਿਆ- ਮਨ-ਇੱਛਤ,ਵਜੀ ਵਧਾਈ- ਚੜ੍ਹਦੀ ਕਲਾ ਬਣ ਗਈ, ਚਉਥੀ ਲਾਵੈ- ਪ੍ਰਭੂ-ਪਤੀ ਨਾਲ ਜੀਵ-ਇਸਤਰੀ ਦੇ ਵਿਆਹ ਦੀ ਚੌਥੀ ਲਾਂਵ ਸਮੇਂ,ਅਵਿਨਾਸੀ- ਕਦੇ ਨਾਸ ਨਾ ਹੋਣ ਵਾਲਾ)

# ਅਭਿਆਸ-ਪ੍ਰਸ਼ਨ

1.ਹੇਠ ਲਿਖੀਆਂ ਕਾਵਿ ਤੁਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥
ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥

(ਅ) ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥
ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥

2. ਗੁਰਸਿੱਖ ਦੇ ਕਿਲਵਿਖ ਕਿਵੇਂ ਦੂਰ ਹੁੰਦੇ ਹਨ ?

3. "ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ" ਤੁਕ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ।

4.ਲਾਵਾਂ (ਰਾਗ ਸੂਹੀ) ਅਨੁਸਾਰ ਵਡਭਾਗੀ ਮਨੁੱਖ ਕੌਣ ਹਨ ?

5.'ਮਾਲਕ-ਪ੍ਰਭੂ ਸਭ ਜੀਵਾਂ ਵਿਚ ਵਿਆਪਕ ਹੈ।' ਅਰਥ ਦੇਣ ਵਾਲੀ ਤੁਕ ਸ਼ਬਦ ਵਿਚੋਂ ਚੁਣੋ।

6.'ਲਾਵ' ਸ਼ਬਦ ਦਾ ਕੇਂਦਰੀ ਭਾਵ ਲਿਖੋ।

7. "ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ" ਤੁਕ ਦੀ ਵਿਆਖਿਆ ਕਰੋ।

8. "ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ" ਤੁਕ ਦੀ ਵਿਆਖਿਆ ਕਰੋ।

9. 'ਲਾਵਾਂ (ਰਾਗ ਸੂਹੀ)' ਬਾਣੀ ਗੁਰ ਸਿੱਖਾਂ ਵਾਸਤੇ ਕਿਹੜਾ ਦਰਜਾ ਰੱਖਦੀ ਹੈ ? ਅਤੇ ਇਸ ਦੀ ਬਰਕਤ ਤੋਂ ਜਾਣੂ ਕਰਵਾਓ।

# ਭਾਈ ਗੁਰਦਾਸ ਜੀ

ਭਾਈ ਗੁਰਦਾਸ ਜੀ ਬਹੁਪੱਖੀ ਸ਼ਖ਼ਸੀਅਤ ਵਾਲੇ ਵਿਦਵਾਨ ਅਤੇ ਸਾਹਿਤ ਸਿਰਜਕ ਸਨ। ਆਪ ਜੀ ਦਾ ਜਨਮ 1551 ਈ: ਵਿੱਚ ਪਿੰਡ ਬਾਸਰਕੇ (ਅੰਮ੍ਰਿਤਸਰ) ਵਿੱਚ ਸ੍ਰੀ ਈਸ਼ਰ ਦਾਸ ਭੱਲਾ ਦੇ ਗ੍ਰਹਿ ਵਿਖੇ ਹੋਇਆ। ਆਪ ਗੁਰੂ ਅਮਰਦਾਸ ਜੀ ਦੇ ਭਤੀਜੇ ਅਤੇ ਗੁਰੂ ਅਰਜਨ ਦੇਵ ਜੀ ਦੇ ਮਾਮਾ ਜੀ ਹੋਣ ਦੇ ਨਾਲ-ਨਾਲ ਗੁਰੂ ਘਰ ਦੇ ਸੇਵਕ ਅਤੇ ਅਨਿੰਨ ਭਗਤ ਸਨ।

ਆਪ ਜੀ ਬਹੁ ਭਾਸ਼ਾਈ ਪ੍ਰਤਿਭਾ ਦੇ ਧਾਰਨੀ ਸਨ। ਆਪ ਜੀ ਨੂੰ ਪੰਜਾਬੀ, ਹਿੰਦੀ, ਸੰਸਕ੍ਰਿਤ, ਫਾਰਸੀ ਤੇ ਅਰਬੀ ਭਾਸ਼ਾਵਾਂ ਦਾ ਡੂੰਘਾ ਗਿਆਨ ਸੀ। ਭਾਈ ਗੁਰਦਾਸ ਜੀ ਗੁਰਮਤਿ ਫ਼ਲਸਫ਼ੇ ਦੇ ਪ੍ਰਚਾਰਕ ਸਨ। ਬਾਬਾ ਬੁੱਢਾ ਜੀ ਮਗਰੋਂ ਆਪ ਨੂੰ ਸ਼੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦਾ ਗ੍ਰੰਥੀ ਥਾਪਿਆ ਗਿਆ। ਸਿੱਖ ਮਤ ਦਾ ਪਰਚਾਰ ਕਰਨ ਲਈ ਆਪ ਨੂੰ ਦੇਸ਼ ਦੇ ਵੱਖੋਂ- ਵੱਖਰੇ ਖੇਤਰਾਂ ਵਿੱਚ ਭੇਜਿਆ ਗਿਆ। ਗੁਰੂ-ਘਰ ਦੀ ਸੇਵਾ ਕਰਦਿਆਂ ਆਪ ਜੀ 1637 ਈ: ਵਿੱਚ 86 ਸਾਲਾਂ ਦੀ ਉਮਰ ਬਿਤਾਉਣ ਮਗਰੋਂ ਗੋਇੰਦਵਾਲ ਵਿਖੇ ਜੋਤੀ-ਜੋਤ ਸਮਾ ਗਏ।

ਭਾਈ ਗੁਰਦਾਸ ਜੀ ਆਦਿ ਗ੍ਰੰਥ ਦੀ ਬੀੜ ਦੇ ਕਾਤਬ (ਲਿਖਾਰੀ) ਸਨ। ਆਪ ਜੀ ਨੇ ਇਹ ਕਾਰਜ ਚਾਰ ਸਾਲਾਂ (1600-1604 ਈ:) ਵਿੱਚ ਸੰਪੂਰਨ ਕੀਤਾ। ਇਸ ਦੇ ਨਾਲ-ਨਾਲ ਆਪ ਨੇ ਆਪਣੀ ਕਵਿਤਾ ਦੁਆਰਾ ਗੁਰਮਤਿ ਦੇ ਸਿਧਾਂਤਾਂ ਦੀ ਸਰਲ ਵਿਆਖਿਆ ਵੀ ਕੀਤੀ। ਗੁਰਮਤ ਮਾਰਗ ਨੂੰ ਗੁਰਬਾਣੀ ਦੇ ਆਸ਼ੇ ਅਨੁਸਾਰ ਸਪੱਸ਼ਟ ਕਰਨ ਦਾ ਯਤਨ ਕੀਤਾ। ਇਸ ਕਰਕੇ ਗੁਰੂ ਅਰਜਨ ਦੇਵ ਜੀ ਨੇ ਆਪ ਜੀ ਦੀਆਂ ਵਾਰਾਂ ਨੂੰ 'ਗੁਰਬਾਣੀ ਦੀ ਕੁੰਜੀ' ਦੀ ਪਦਵੀ ਪ੍ਰਦਾਨ ਕੀਤੀ। ਆਪ ਦੁਆਰਾ ਰਚਿਤ ਵਾਰਾਂ ਵਿੱਚ ਇਤਿਹਾਸ, ਮਿਥਿਹਾਸ ਅਤੇ ਪੌਰਾਣਿਕਤਾ ਦਾ ਸੁਮੇਲ ਹੈ।

ਭਾਈ ਗੁਰਦਾਸ ਜੀ ਦੀ ਕੁੱਲ ਰਚਨਾ 40 ਵਾਰਾਂ ਤੇ 556 ਕਬਿੱਤ ਸਵੱਈਏ ਹਨ। ਇਹਨਾਂ ਵਿੱਚੋਂ ਕਬਿੱਤ ਤੇ ਸਵੱਈਏ ਬ੍ਰਜ ਭਾਸ਼ਾ ਵਿੱਚ ਹਨ ਤੇ ਵਾਰਾਂ ਪੰਜਾਬੀ ਵਿੱਚ। ਇਹ ਵਾਰਾਂ ਵਿਸ਼ੇ ਤੇ ਰੂਪ ਦੋਹਾਂ ਪੱਖਾਂ ਤੋਂ ਮਹੱਤਵਪੂਰਨ ਤੇ ਵਿਸ਼ੇਸ਼ ਹਨ। ਇਹਨਾਂ ਵਿੱਚ ਗੁਰਮਤਿ ਫ਼ਲਸਫ਼ੇ ਦੇ ਸਿਧਾਂਤਾਂ ਦੀ ਵਿਆਖਿਆ, ਗੁਰੂ-ਚੇਲੇ ਦਾ ਸੰਬੰਧ, ਸੇਵਾ, ਭਗਤੀ, ਨਿਮਰਤਾ, ਗੁਰਮੁਖ ਦੀ ਵਡਿਆਈ ਅਤੇ ਸਮਕਾਲੀ ਸਮਾਜ ਦਾ ਯਥਾਰਥ ਆਦਿ ਅਨੇਕਾਂ ਵਿਸ਼ੇ ਲਏ ਗਏ ਹਨ। ਹਥਲੇ ਕਾਵਿ ਸੰਗ੍ਰਹਿ ਵਿੱਚ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚੋਂ ਚੋਣਵੇਂ ਅੰਸ਼ ਸ਼ਾਮਿਲ ਕੀਤੇ ਗਏ ਹਨ।

## ਧ੍ਰੂ ਹਸਦਾ ਘਰਿ ਆਇਆ

ਧ੍ਰੂ ਹਸਦਾ  ਘਰਿ ਆਇਆ ਕਰਿ ਪਿਆਰੁ ਪਿਉ ਕੁਛੜਿ ਲੀਤਾ।
ਬਾਹਹੁ ਪਕੜਿ ਉਠਾਲਿਆ ਮਨ ਵਿਚਿ ਰੋਸੁ ਮਤ੍ਰੇਈ ਕੀਤਾ।
ਡੁਡਹੁਲਿਕਾ ਮਾਂ ਪੁਛੈ ਤੂੰ ਸਾਵਾਣੀ ਹੈ ਕਿ ਸੁਰੀਤਾ।
ਸਾਵਾਣੀ ਹਾਂ ਜਨਮ ਦੀ ਨਾਮੁ ਨ ਭਗਤੀ ਕਰਮਿ ਦਿੜ੍ਹੀਤਾ।
ਕਿਸੁ ਉਦਮ ਤੇ ਰਾਜੁ ਮਿਲਿ ਸਤ੍ਰੂ ਤੇ ਸਭਿ ਹੋਵਨਿ ਮੀਤਾ।
ਪਰਮੇਸਰੁ ਆਰਾਧੀਐ ਜਿਦੂ ਹੋਈਐ ਪਤਿਤ ਪੁਨੀਤਾ।
ਬਾਹਰਿ ਚਲਿਆ ਕਰਣਿ ਤਪੁ ਮਨ ਬੈਰਾਗੀ ਹੋਇ ਅਤੀਤਾ।
ਨਾਰਦ ਮੁਨਿ ਉਪਦੇਸਿਆ ਨਾਉ ਨਿਧਾਨੁ ਅਮਿਓ ਰਸੁ ਪੀਤਾ।
ਪਿਛਹੁ ਰਾਜੇ ਸਦਿਆ ਅਬਿਚਲੁ ਰਾਜੁ ਕਰਹੁ ਨਿਤ ਨੀਤਾ।
ਹਾਰਿ ਚਲੇ ਗੁਰਮੁਖਿ ਜਗ ਜੀਤਾ॥੧॥

**(ਡੁਡਹੁਲਿਕਾ- ਰੋਂਦਾ ਹੋਇਆ/ਹਟਕੋਰੇ ਲੈਂਦਾ, ਸਾਵਾਣੀ- ਵਿਆਹੁਤਾ ਇਸਤਰੀ, ਸੁਰੀਤਾ- ਦਾਸੀ , ਅਮਿਓ- ਅੰਮ੍ਰਿਤ, ਅਬਿਚਲ- ਜੋ ਵਿਚਲਤ ਨਾ ਹੋਵੇ)**

## ਦੇਖਿ ਪਰਾਈਆਂ ਚੰਗੀਆਂ

ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ।
ਉਸੁ ਸੂਅਰੁ ਉਸੁ ਗਾਇ ਹੈ ਪਰ ਧਨ ਹਿੰਦੂ ਮੁਸਲਮਾਣੈ।
ਪੁਤ੍ਰ ਕਲਤ੍ਰ ਕੁੰਟਬੁ ਦੇਖਿ ਮੋਹੇ ਮੋਹਿ ਨ ਧੋਹਿ ਧਿਙਾਣੈ।
ਉਸਤਤਿ ਨਿੰਦਾ ਕੰਨਿ ਸੁਣਿ ਆਪਹੁ ਬੁਰਾ ਨ ਆਖਿ ਵਖਾਣੈ।
ਵਡ ਪਰਤਾਪੁ ਨ ਆਪੁ ਗਣਿ ਕਰਿ ਅਹੰਮੇਉ ਨ ਕਿਸੈ ਰਞਾਣੈ।

ਗੁਰਮੁਖਿ ਸੁਖ ਫਲ ਪਾਇਆ ਰਾਜੁ ਜੋਗੁ ਰਸ ਰਲੀਆ ਮਾਣੈ।

ਸਾਧਸੰਗਤਿ ਵਿਟਹੁ ਕੁਰਬਾਣੈ ॥੧੧॥

**(ਧਿਙਾਣੈ- ਧੱਕੇ ਨਾਲ/ਜ਼ਬਰਸਦਤੀ, ਅਹੰਮੇਉ- ਅਹੰਕਾਰ, ਰਵਾਣੈ- ਦੁਖੀ ਕਰਨਾ, ਵਿਟਹੁ- ਬਾਝੋਂ/ ਤੋ ਬਿਨਾਂ)**

## ਲਸਣੁ ਲੁਕਾਇਆ ਨਾ ਲੁਕੇ

ਲਸਣੁ ਲੁਕਾਇਆ ਨਾ ਲੁਕੇ ਬਹਿ ਖਾਜੈ ਕੂਣੈ।

ਕਾਲਾ ਕੰਬਲੁ ਉਜਲਾ ਕਿਉਂ ਹੋਇ ਸਬੂਣੈ।

ਡੇਮੂ ਖਖਰ ਜੋ ਛੁਹੈ ਦਿਸੈ ਮੁਹਿ ਸੂਣੈ।

ਕਿਤੈ ਕੰਮਿ ਨ ਆਵਈ ਲਾਵਣੁ ਬਿਨੁ ਲੂਣੈ।

ਨਿੰਦਕਿ ਨਾਮ ਵਿਸਾਰਿਆ ਗੁਰ ਗਿਆਨੁ ਵਿਹੂਣੈ।

ਹਲਤਿ ਪਲਤਿ ਸੁਖੁ ਨਾ ਲਹੈ ਦੁਖੀਆ ਸਿਰੁ ਝੂਣੈ ॥੩॥

**(ਲਸਣ- ਥੋਮ, ਕੂਣੈ- ਖੂੰਜੇ/ ਕੋਨੇ ਵਿੱਚ, ਸੂਣੈ- ਸੁੱਜਣਾ, ਲਾਵਣੁ- ਹਰੀ ਸਬਜ਼ੀ)**

## ਨਾ ਤਿਸੁ ਭਾਰੇ ਪਰਬਤਾਂ

ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ।

ਨਾ ਤਿਸੁ ਭਾਰੇ ਕੋਟ ਗੜ੍ਹ ਘਰ ਬਾਰ ਦਿਸੰਦੇ।

ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ।

ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ।

ਨਾ ਤਿਸੁ ਭਾਰੇ ਜੀਅ ਜੰਤ ਅਣਗਣਤ ਫਿਰੰਦੇ।

ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ।

(ਖਹੰਦੇ- ਖਹਿੰਦੇ/ ਛੂੰਹਦੇ, ਸਾਇਰਾਂ- ਸਰੋਵਰਾਂ, ਤਰਵਰ- ਦਰੱਖ਼ਤ, ਭੁਈਂ- ਧਰਤੀ, ਅਕਿਰਤਘਣ- ਉਪਕਾਰ ਵਿਸਾਰਨ ਵਾਲਾ)

## ਅਭਿਆਸ-ਪ੍ਰਸ਼ਨ

1. ਹੇਠ ਦਿੱਤੇ ਕਾਵਿ-ਅੰਸ਼ਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਧ੍ਰੂ ਹਸਦਾ ਘਰਿ ਆਇਆ ਕਰਿ ਪਿਆਰੁ ਪਿਉ ਕੁਛੜਿ ਲੀਤਾ।
ਬਾਹਹੁ ਪਕੜਿ ਉਠਾਲਿਆ ਮਨ ਵਿਚਿ ਰੋਸੁ ਮਤ੍ਰੇਈ ਕੀਤਾ।
ਡੁਡਹੁਲਿਕਾ ਮਾਂ ਪੁਛੈ ਤੂੰ ਸਾਵਾਣੀ ਹੈ ਕਿ ਸੁਰੀਤਾ।

(ਅ) ਲਸਣੁ ਲੁਕਾਇਆ ਨਾ ਲੁਕੇ ਬਹਿ ਖਾਜੈ ਕੂਣੈ।
ਕਾਲਾ ਕੰਬਲੁ ਉਜਲਾ ਕਿਉਂ ਹੋਇ ਸਬੂਣੈ।
ਡੇਮੂ ਖਖਰ ਜੋ ਛੁਹੈ ਦਿਸੈ ਮੁਹਿ ਸੂਣੈ।
ਕਿਤੈ ਕੰਮਿ ਨ ਆਵਈ ਲਾਵਣੁ ਬਿਨੁ ਲੂਣੈ।
ਨਿੰਦਕਿ ਨਾਮ ਵਿਸਾਰਿਆ ਗੁਰ ਗਿਆਨੁ ਵਿਹੂਣੈ।
ਹਲਤਿ ਪਲਤਿ ਸੁਖੁ ਨਾ ਲਹੈ ਦੁਖੀਆ ਸਿਰੁ ਝੂਣੈ ॥੩॥

2. 'ਨਾ ਤਿਸੁ ਭਾਰੇ ਪਰਬਤਾਂ' ਸ਼ਬਦ ਦਾ ਕੇਂਦਰੀ ਭਾਵ ਸਪੱਸ਼ਟ ਕਰੋ।

3. ਧਰੂ ਭਗਤ ਦਾ ਮਨ ਵੈਰਾਗ ਕਿਵੇਂ ਧਾਰਨ ਕਰਦਾ ਹੈ ? 'ਧ੍ਰੂ ਹਸਦਾ ਘਰਿ ਆਇਆ' ਸ਼ਬਦ ਦੇ ਆਧਾਰ 'ਤੇ ਬਿਆਨ ਕਰੋ।

4. 'ਦੇਖਿ ਪਰਾਈਆਂ ਚੰਗੀਆਂ' ਸ਼ਬਦ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

# ਮੀਆਂ ਵਜੀਦ

ਮੀਆਂ ਵਜੀਦ ਮੱਧਕਾਲ ਦਾ ਇੱਕ ਹਰਮਨ ਪਿਆਰਾ ਸੰਤ ਕਵੀ ਹੋਇਆ ਹੈ। ਪੰਜਾਬੀ ਲੋਕ ਕਾਵਿ-ਧਾਰਾ ਵਿੱਚ ਆਪ ਦਾ ਬੜਾ ਹੀ ਉੱਘਾ ਸਥਾਨ ਹੈ। ਆਪ ਨੂੰ ਸੂਫੀਆਂ ਦੇ 'ਰੌਸ਼ਨੀ' ਟੋਲੇ ਦਾ ਮੋਢੀ ਮੰਨਿਆ ਜਾਂਦਾ ਹੈ। ਆਪ ਦਾ ਜਨਮ ਜਲੰਧਰ ਵਿਖੇ ਹੋਇਆ। ਡਾ. ਮੋਹਨ ਸਿੰਘ ਦੀਵਾਨਾ ਆਪ ਦਾ ਜੀਵਨ ਕਾਲ 1550-1660 ਈ. ਤੱਕ ਮੰਨਦੇ ਹਨ। ਸੰਤ ਦਾਦੂ ਦਇਆਲ ਜੀ ਆਪ ਦੇ ਮੁਰਸ਼ਦ ਸਨ। ਆਪ ਪਹਿਲਾਂ ਕਾਬੁਲ ਰਹੇ ਅਤੇ ਫੇਰ ਮਥੁਰਾ ਤੇ ਬ੍ਰਿੰਦਾਬਨ ਦੀ ਯਾਤਰਾ 'ਤੇ ਗਏ। ਵਾਪਸ ਪੰਜਾਬ ਆ ਕੇ ਸਾਧੂ-ਸੰਤਾਂ ਦੀ ਸੰਗਤ ਵਿੱਚ ਪ੍ਰਭੂ ਭਗਤੀ ਵੱਲ ਖਿੱਚੇ ਗਏ।

ਮੀਆਂ ਵਜੀਦ ਰਚਿਤ 14 ਛੋਟੇ-ਛੋਟੇ ਗ੍ਰੰਥਾਂ ਦਾ ਹਵਾਲਾ ਮਿਲਦਾ ਹੈ। ਪ੍ਰੋ. ਪਿਆਰਾ ਸਿੰਘ ਪਦਮ ਨੇ ਵਜੀਦ ਜੀ ਦੇ 2 ਸ਼ਬਦਾਂ, 40 ਸ਼ਲੋਕਾਂ, 33 ਤੂਤੀਏ, 28 ਅੜਿੱਲਾਂ ਅਤੇ ਇੱਕ ਮਾਝ ਦੀ ਸੰਪਾਦਨਾ ਕੀਤੀ ਹੈ। ਪੰਜਾਬੀ ਵਿੱਚ ਆਪ ਦੀ ਰਚਨਾ ਦਾ ਆਕਾਰ ਤਾਂ ਭਾਵੇਂ ਛੋਟਾ ਹੈ, ਪਰ ਇਸ ਦੀ ਸ਼ੈਲੀ ਵਿਲੱਖਣ ਭਾਂਤ ਦੀ ਹੈ। ਆਪ ਜੀ ਦੇ ਸ਼ਲੋਕਾਂ ਵਿੱਚ ਭਾਰਤੀ ਹਿੰਦੂ ਮਿਥਿਹਾਸ ਅਤੇ ਇਸਲਾਮੀ ਪਰੰਪਰਾ ਦੀ ਸ਼ਬਦਾਵਲੀ ਵਰਤੀ ਗਈ ਹੈ। ਵਜੀਦ ਜੀ ਦੀ ਬਾਣੀ ਵਿੱਚ ਵਿਸ਼ੇ ਪੱਖੋਂ ਭਿੰਨ-ਭਿੰਨ ਪਹਿਲੂ ਉਜਾਗਰ ਹੋਏ ਹਨ। ਰੱਬੀ ਭਾਣੇ ਦੀ ਆਪ ਮੁਹਾਰਤਾ, ਸੰਸਾਰ ਦੀ ਨਾਸ਼ਮਾਨਤਾ, ਨੇਕ ਅਮਲਾਂ ਦੀ ਲੋੜ, ਹਉਮੈ ਦਾ ਤਿਆਗ, ਸਰਵ-ਸਾਂਝੀਵਾਲਤਾ ਦਾ ਸੰਦੇਸ਼ ਆਪ ਦੀ ਰਚਨਾ ਦੇ ਮੁੱਖ ਵਿਸ਼ੇ ਹਨ।

## ਸਲੋਕ

### ਇਕਨਾਂ ਦੇ ਘਰਿ ਪੁੱਤ

ਇਕਨਾਂ ਦੇ ਘਰਿ ਪੁੱਤ, ਪੁੱਤਾਂ ਘਰਿ ਪੋਤਰੇ।
ਇਕਨਾਂ ਦੇ ਘਰਿ ਧੀਆਂ, ਧੀਆਂ ਘਰਿ ਦੋਹਤਰੇ।
ਇਕਨਾਂ ਦੇ ਘਰਿ ਇਕ ਤੇ ਉਹ ਵੀ ਜਾਇ ਮਰ।
ਵਜੀਦਾ ਕੌਣ ਸਾਹਿਬ ਨੋ ਆਖੈ, ਐਉਂ ਨਹੀ ਅੰਞ ਕਰ।

### ਉਤਪਤ ਸਭ ਸੰਸਾਰ......

ਉਤਪਤ ਸਭ ਸੰਸਾਰ, ਜੋ ਸੱਚੇ ਰੱਬ ਦੀ।
ਇਕ ਸਾਹਿਬ ਨੇ ਰਚੀ, ਰੂਹੁ ਸੱਭ ਦੀ।
ਇਕਨਾਂ ਰਾਹ ਸ਼ਰੀਅਤ, ਇਕਨਾਂ ਰਾਮ ਹਰਿ।
ਵਜੀਦਾ ਕੌਣ ਸਾਹਿਬ ਨੋ ਆਖੈ, ਐਉਂ ਨਹੀ ਅੰਞ ਕਰ।

### ਰਾਵਣ ਵੱਡਾ ਹੰਕਾਰੀ

ਰਾਵਣ ਵੱਡਾ ਹੰਕਾਰੀ, ਲੰਕਾ ਜਿਤ ਘਰਿ।
ਕੋਟਿ-ਤੇਤੀਸਾ-ਦੇਵ, ਬੰਦੀ ਜਿਤ ਦਰਿ।
ਦਿਤੋਸੁ ਖਾਕ ਰੁਲਾਇ, ਇਕਸੇ ਪਲਕ ਭਰ।
ਵਜੀਦਾ ਕੌਣ ਸਾਹਿਬ ਨੋ ਆਖੈ, ਐਉਂ ਨਹੀ ਅੰਞ ਕਰ।

## ਗਊਆਂ ਦੇਂਦਾ ਘਾਹ

ਗਊਆਂ ਦੇਂਦਾ ਘਾਹ, ਮਲੀਂਦਾ ਕੁੱਤਿਆਂ।
ਜਾਗਦਿਆਂ ਥੀਂ ਖੋਹਿ ਕੈ, ਦੇਂਦਾ ਸੁੱਤਿਆਂ।
ਚਹੁੰ ਕੁੰਟੀ ਹੈ ਪਾਣੀ, ਤਾਲੁ ਸਰ-ਬ-ਸਰ।
ਵਜੀਦਾ ਕੌਣ ਸਾਹਿਬ ਨੋ ਆਖੈ, ਐਉਂ ਨਹੀ ਅੰਵ ਕਰ।

## ਮੂਰਖ ਨੋ ਅਸਵਾਰੀ

ਮੂਰਖ ਨੋ ਅਸਵਾਰੀ, ਹਾਥੀ ਘੋੜਿਆਂ।
ਪੰਡਿਤ ਪੈਰ ਪਿਆਦੇ, ਪਾਟੇ ਜੋੜਿਆਂ।
ਕਰਦੇ ਸੁਘੜ ਮਜੂਰੀ, ਮੂਰਖ (ਦੇ) ਜਾਇ ਘਰਿ।
ਵਜੀਦਾ ਕੌਣ ਸਾਹਿਬ ਨੋ ਆਖੈ, ਐਉਂ ਨਹੀ ਅੰਵ ਕਰ।

## ਦੁਰਜੋਧਨ ਵੱਡਾ ਹੰਕਾਰੀ

ਦੁਰਜੋਧਨ ਵੱਡਾ ਹੰਕਾਰੀ, ਕਿਸੇ ਨ ਜਾਣਦਾ।
ਕ੍ਰਿਸ਼ਣ ਫਿਰੈ ਰੈਬਾਰੀ, ਸੁਲਹ ਕਰਾਇੰਦਾ।
ਦੇਹੀ ਗਿਰਝਨ ਖਾਹੀ, ਏਵੈਂ ਗਈ ਸੜ।
ਵਜੀਦਾ ਕੌਣ ਸਾਹਿਬ ਨੋ ਆਖੈ, ਐਉਂ ਨਹੀ ਅੰਵ ਕਰ।

## ਇਕਨਾ ਮਹਲ ਉਸਾਰੇ

ਇਕਨਾ ਮਹਲ ਉਸਾਰੇ, ਮੰਡਪ-ਮਾੜੀਆਂ।

ਇਕ ਬੰਨ੍ਹਣ ਸਿਰ ਤੇ ਭਾਰ, ਉਠਾਇਨ ਖਾਰੀਆਂ।

ਇਕਨਾ ਦੇ ਹੇਠ ਤੁਰੇ, ਇਕ ਫਿਰੇ ਦਰ-ਬ-ਦਰ।

ਵਜੀਦਾ ਕੌਣ ਸਾਹਿਬ ਨੋ ਆਖੇ, ਐਉਂ ਨਹੀ ਅੰਵ ਕਰ।

## ਪੜ੍ਹ ਕਰਿ ਪੰਡਿਤ

ਪੜ੍ਹ ਕਰਿ ਪੰਡਿਤ ਨਿਤ,ਲੋਕਾਂ ਸਮਝਾਇੰਦਾ।

ਘਰ ਜਲਤੇ ਕੀ ਖਬਰ, ਨ ਹਰਗਿਜ ਪਾਇੰਦਾ।

ਜੋ ਕਛੁ ਪੋਥੀ ਕਹੈ, ਨ ਪੰਡਿਤ ਮਾਨਹੀ।

ਵਜੀਦਾ ਪੜ੍ਹਨ ਕਰਨ ਮੈਂ ਭੇਦ, ਖ਼ਾਕ ਸਿਰ ਛਾਨਈ।

**( ਸ਼ਰੀਅਤ- ਇਸਲਾਮੀ ਧਰਮ ਕਾਨੂੰਨ, ਮਲੀਂਦਾ- ਚੂਰੀ, ਪਿਆਦੇ- ਪੈਦਲ, ਸੁਘੜ- ਸੂਝਵਾਨ, ਮਜ਼ੂਰੀ- ਮਜ਼ਦੂਰੀ, ਰੈਬਾਰੀ- ਰਹਿਬਰ/ਧਾਰਮਿਕ ਗੁਰੂ, ਖਾਰੀਆਂ- ਟੋਕਰੀਆਂ, ਤੁਰੇ- ਘੋੜੇ, ਪੋਥੀ- ਧਾਰਮਿਕ ਗ੍ਰੰਥ)**

## ਅਭਿਆਸ-ਪ੍ਰਸ਼ਨ

1. ਹੇਠ ਲਿਖੀਆਂ ਕਾਵਿ ਤੁਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਇਕਨਾ ਦੇ ਘਰਿ ਪੁੱਤ, ਪੁੱਤਾਂ ਘਰਿ ਪੋਤਰੇ।
ਇਕਨਾ ਦੇ ਘਰਿ ਧੀਆਂ, ਧੀਆਂ ਘਰਿ ਦੋਹਤਰੇ।
ਇਕਨਾ ਦੇ ਘਰਿ ਇਕ ਤੇ ਉਹ ਵੀ ਜਾਇ ਮਰ।
ਵਜੀਦਾ ਕੌਣ ਸਾਹਿਬ ਨੋ ਆਖੈ, ਐਉਂ ਨਹੀ ਅੰਞ ਕਰ।

(ਅ) ਰਾਵਣ ਵੱਡਾ ਹੰਕਾਰੀ, ਲੰਕਾ ਜਿਤ ਘਰਿ।
ਕੋਟਿ-ਤੇਤੀਸਾ-ਦੇਵ, ਬੰਦੀ ਜਿਤ ਦਰਿ।
ਦਿਤੋਸੁ ਖਾਕ ਰੁਲਾਇ, ਇਕਸੇ ਪਲਕ ਭਰ।
ਵਜੀਦਾ ਕੌਣ ਸਾਹਿਬ ਨੋ ਆਖੈ, ਐਉਂ ਨਹੀ ਅੰਞ ਕਰ।

2. 'ਪੜ੍ਹ ਕਰਿ ਪੰਡਿਤ' ਸਲੋਕ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।
3. 'ਮੂਰਖ ਨੋ ਅਸਵਾਰੀ' ਸਲੋਕ ਰਾਹੀਂ ਕੀ ਸਿੱਖਿਆ ਮਿਲਦੀ ਹੈ?
4. 'ਉਤਪਤ ਸਭ ਸੰਸਾਰ' ਸਲੋਕ ਰਾਹੀਂ ਮੀਆਂ ਵਜੀਦ ਰੱਬ ਦੇ ਕਿਹੜੇ-ਕਿਹੜੇ ਗੁਣਾਂ ਦੀ ਗੱਲ ਕਰਦਾ ਹੈ?
5. ਮੀਆਂ ਵਜੀਦ ਦੇ ਕਿਹੜੇ ਸਲੋਕਾਂ ਵਿੱਚ ਹੰਕਾਰੀ ਮਨੁੱਖਾਂ ਦੀ ਦੁਰਦਸ਼ਾ ਦੇ ਇਤਿਹਾਸਿਕ ਹਵਾਲਿਆਂ ਦਾ ਚਿਤਰਨ ਹੈ? ਵਰਨਣ ਕਰੋ।

# ਬੁੱਲ੍ਹੇ ਸ਼ਾਹ

ਬੁੱਲ੍ਹੇ ਸ਼ਾਹ ਦਾ ਜਨਮ 1680 ਈ. ਵਿੱਚ ਪਿੰਡ ਪਾਂਡੋਕੇ ਜ਼ਿਲ੍ਹਾ ਲਾਹੌਰ(ਪਾਕਿਸਤਾਨ) ਵਿਖੇ ਹੋਇਆ। ਉਹਨਾਂ ਦੇ ਪਿਤਾ ਜੀ ਦਾ ਨਾਂ ਸਈਅਦ ਮੁਹੰਮਦ ਦਰਵੇਸ਼ ਸੀ ਜੋ ਕਿੱਤੇ ਵੱਜੋਂ ਅਧਿਆਪਕ ਸਨ। ਸਾਈਂ ਬੁਲ੍ਹੇ ਸ਼ਾਹ ਦਾ ਮੁੱਢਲਾ ਨਾਂ ਅਬਦੁੱਲਾ ਸੀ। ਉਸ ਨੇ ਮੁਢਲੀ ਵਿੱਦਿਆ ਆਪਣੇ ਪਿਤਾ ਪਾਸੋਂ ਹੀ ਪ੍ਰਾਪਤ ਕੀਤੀ। ਫਿਰ ਉਚੇਰੀ ਵਿੱਦਿਆ ਲਈ ਉਸ ਨੂੰ ਕਸੂਰ ਭੇਜਿਆ ਗਿਆ। ਕਸੂਰ ਦੇ ਮੌਲਵੀ ਗੁਲਾਮ ਮੁਰਤਜ਼ਾ ਕੋਲੋਂ ਆਪ ਨੇ ਸੰਸਾਰੀ  ਸਿੱਖਿਆ ਪ੍ਰਾਪਤ ਕੀਤੀ। ਇੱਥੇ ਹੀ ਉਸ ਨੇ ਸ਼ਾਹ ਇਨਾਇਤ ਕਾਦਰੀ ਕੋਲੋਂ ਅਗਲੇਰੀ ਵਿੱਦਿਆ ਹਾਸਿਲ ਕੀਤੀ ਤੇ ਫਿਰ ਉਸੇ ਨੂੰ ਆਪਣਾ ਮੁਰਸ਼ਦ ਧਾਰ ਕੇ ਕਾਦਰੀ ਸੰਪਰਦਾਇ ਵਿੱਚ ਸ਼ਾਮਲ ਹੋ ਗਿਆ।

ਬੁੱਲ੍ਹੇ ਸ਼ਾਹ ਦਾ ਸਮਾਂ ਮੁਗਲ ਰਾਜ ਦੀ ਢਹਿੰਦੀ ਕਲਾ ਦਾ ਸਮਾਂ ਸੀ। ਇਸਲਾਮ ਧਰਮ ਦੇ ਆਗੂਆਂ ਵਿੱਚ ਸ਼ਰੱਈ ਕੱਟੜਤਾ ਭਰੀ ਪਈ ਸੀ। ਬੁੱਲ੍ਹੇ ਸ਼ਾਹ ਆਪਣੇ ਸੂਫ਼ੀ ਵਿਚਾਰਾਂ ਕਾਰਨ ਸ਼ਰ੍ਹਾਂ ਦੀ ਕੋਈ ਪਰਵਾਹ ਨਹੀਂ ਸੀ ਕਰਦਾ। ਇਸ ਕਾਰਨ ਉਸ ਦੇ ਮੁਰਸ਼ਦ ਸ਼ਾਹ ਇਨਾਇਤ ਕਾਦਰੀ ਨੇ ਉਸ ਨੂੰ ਆਪਣੇ ਡੇਰੇ ਵਿੱਚੋਂ ਕੱਢ ਦਿੱਤਾ। ਮੁਰਸ਼ਦ ਦੇ ਵਿਛੋੜੇ ਵਿੱਚ ਬੁੱਲ੍ਹੇ ਸ਼ਾਹ ਤੜਫ਼ ਉੱਠਿਆ। ਇੱਕ ਦਿਨ ਉਹ ਇਨਾਇਤ ਸ਼ਾਹ ਦੇ ਰਸਤੇ ਵਿੱਚ ਮਜਲਸ ਲਾ ਕੇ ਗਾਉਣ ਲੱਗ ਪਿਆ। ਸੁਰੀਲੀ ਆਵਾਜ਼ ਅਤੇ ਸੋਜ਼ ਦੇ ਖਿਚੇ ਇਨਾਇਤ ਸ਼ਾਹ ਕਾਦਰੀ ਨੇ ਬੁਲ੍ਹੇ ਸ਼ਾਹ ਨੂੰ ਸੱਦ ਕੇ ਗਲ ਨਾਲ ਲਾ ਲਿਆ। 1718 ਈ. ਵਿੱਚ ਸ਼ਾਹ ਇਨਾਇਤ ਕਾਦਰੀ ਦੇ ਚਲਾਣੇ ਪਿੱਛੋਂ ਸਾਈਂ ਬੁੱਲ੍ਹੇ ਸ਼ਾਹ ਮੁਰਸ਼ਦ ਦੀ ਗੱਦੀ ਤੇ ਬਿਰਾਜਮਾਨ ਹੋਇਆ। ਆਪ ਦਾ ਵਧੇਰੇ ਸਮਾਂ ਲਾਹੌਰ ਵਿੱਚ ਗੁਜ਼ਰਿਆ ਅਤੇ 1758 ਈ. ਵਿੱਚ ਆਪ ਦਾ ਦੇਹਾਂਤ ਹੋ ਗਿਆ।

ਬੁੱਲ੍ਹੇ ਸ਼ਾਹ ਇੱਕ ਫ਼ਕੀਰ ਕਵੀ ਸੀ ਤੇ ਉਸ ਦੀ ਕਵਿਤਾ ਨਾਲ ਪੰਜਾਬੀ ਸੂਫ਼ੀ ਕਵਿਤਾ ਆਪਣੇ ਸਿਖਰ ਉੱਤੇ ਪੁੱਜਦੀ ਹੈ। ਉਹਨਾਂ ਦੀ ਰਚਨਾ ਗਿਣਤੀ ਤੇ ਗੁਣਾਂ ਦੋਹਾਂ ਪੱਖਾਂ ਤੋਂ ਕਾਫ਼ੀ ਮਹਾਨਤਾ ਰੱਖਦੀ ਹੈ। ਉਹਨਾਂ ਦੀ ਪ੍ਰਾਪਤ ਰਚਨਾ ਦਾ ਵੇਰਵਾ ਇਉਂ ਹੈ:- 156 ਕਾਫ਼ੀਆਂ, 48 ਦੋਹੜੇ, 40 ਕਾਫ਼ੀਆਂ, 3 ਸੀਹਰਫ਼ੀਆਂ, ਬਾਰਾਮਾਹ ਤੇ ਅਠਵਾਰਾ। ਬੁੱਲ੍ਹੇ ਸ਼ਾਹ ਦੀ ਬਹੁਤੀ ਪ੍ਰਸਿੱਧੀ ਉਸ ਦੀਆਂ ਕਾਫ਼ੀਆਂ ਕਰ ਕੇ ਹੋਈ ਹੈ।

## ਉਲਟੇ ਹੋਰ ਜ਼ਮਾਨੇ ਆਏ

ਉਲਟੇ ਹੋਰ ਜ਼ਮਾਨੇ ਆਏ,
ਅਸਾਂ ਭੇਤ ਸੱਜਣ ਦੇ ਪਾਏ।
ਆਪਣਿਆਂ ਵਿੱਚ ਉਲਫ਼ਤ ਨਾਹੀਂ,
ਕੇਹੇ ਚਾਚੇ ਤਾਏ ?

ਪਿਉ ਪੁੱਤਰਾਂ ਇਤਫ਼ਾਕ ਨ ਕਾਈ,
ਧੀਆਂ ਨਾਲ ਨ ਮਾਏ।
ਸੱਚਿਆਂ ਨੂੰ ਹੁਣ ਮਿਲਦੇ ਧੱਕੇ,
ਝੂਠੇ ਕੋਲ ਬਹਾਏ।

ਇਰਾਕੀਆਂ ਨੂੰ ਪਏ ਚਾਬਕ ਪੈਂਦੇ
ਗੱਦੋਂ ਖ਼ੁਦ ਖਵਾਏ।
ਕਾਉਂ ਲਗੜ ਨੂੰ ਮਾਰਨ ਲੱਗੇ,
ਚਿੜੀਆਂ ਜੁੱਰੇ ਖਾਏ।

ਅਗਲੇ ਜਾਏ ਬੰਗਾਲੇ ਬੈਠੇ,
ਪਿਛਲਿਆਂ ਫ਼ਰਸ਼ ਵਿਛਾਏ।
ਬੁੱਲ੍ਹਾ ! ਹੁਕਮ ਹਜ਼ੂਰੋਂ ਆਇਆ,
ਤਿਸ ਨੂੰ ਕੌਣ ਹਟਾਏ।

**( ਉਲਫ਼ਤ– ਪਿਆਰ/ਮੁਹੱਬਤ, ਇਰਾਕੀ– ਇਰਾਕ ਦੇਸ਼ ਦਾ ਘੋੜਾ, ਚਾਬਕ– ਛਾਂਟਾ, ਗੱਦੋਂ– ਖੋਤਾ, ਖ਼ੁਦ– ਹਰੇ ਜੌਂ/ਕਣਕ, ਲੱਗੜ– ਧਾਰੀਦਾਰ ਬਾਜ਼, ਜੁੱਰਾ– ਬਾਜ਼)**

## ਆਓ ਸਈਓ ਰਲ ਦਿਉ ਨੀ ਵਧਾਈ

ਆਓ ਸਈਓ ਰਲ ਦਿਉ ਨੀ ਵਧਾਈ।
ਮੈਂ ਬਰ ਪਾਇਆ ਰਾਂਝਾ ਮਾਹੀ।
ਅੱਜ ਤਾਂ ਰੋਜ਼ ਮੁਬਾਰਕ ਚੜ੍ਹਿਆ,
ਰਾਂਝਾ ਸਾਡੇ ਵਿਹੜੇ ਵੜਿਆ,
ਹੱਥ ਖੂੰਡੀ ਮੋਢੇ ਕੰਬਲ ਧਰਿਆ,
ਚਾਕਾਂ ਵਾਲੀ ਸ਼ਕਲ ਬਣਾਈ,
ਆਓ ਸਈਓ ਰਲ ਦਿਉ ਨੀ ਵਧਾਈ।

ਮੁੱਕਟ ਗਊਆਂ ਦੇ ਵਿੱਚ ਰੁੱਲਦਾ,
ਜੰਗਲ ਜੂਹਾਂ ਦੇ ਵਿੱਚ ਰੁੱਲਦਾ,
ਹੈ ਕੋਈ ਅੱਲ੍ਹਾ ਦੇ ਵੱਲ ਭੁੱਲਦਾ,
ਅਸਲ ਹਕੀਕਤ ਖ਼ਬਰ ਨਾ ਕਾਈ,
ਆਓ ਸਈਓ ਰਲ ਦਿਉ ਨੀ ਵਧਾਈ।

ਬੁੱਲ੍ਹੇ ਸ਼ਾਹ ਇੱਕ ਸੌਦਾ ਕੀਤਾ,
ਪੀਤਾ ਜ਼ਹਿਰ ਪਿਆਲਾ ਪੀਤਾ,
ਨਾ ਕੁਝ ਲਾਹਾ ਟੋਟਾ ਲੀਤਾ,
ਦਰਦ ਦੁੱਖਾਂ ਦੀ ਗਠੜੀ ਚਾਈ,
ਆਓ ਸਈਓ ਰਲ ਦਿਉ ਨੀ ਵਧਾਈ।

(**ਮੁਬਾਰਕ- ਖੁਸ਼ੀਆਂ ਵਾਲਾ, ਚਾਕ- ਨੌਕਰ ਭਾਵ ਰਾਂਝਾ, ਚਾਈ- ਚੁੱਕੀ ਹੋਈ**)

## ਬਸ ਕਰ ਜੀ ਹੁਣ ਬਸ ਕਰ ਜੀ

ਬਸ ਕਰ ਜੀ ਹੁਣ ਬਸ ਕਰ ਜੀ।
ਇਕ ਬਾਤ ਅਸਾਂ ਨਾਲ ਹੱਸ ਕਰ ਜੀ।
ਤੁਸੀਂ ਦਿਲ ਮੇਰੇ ਵਿੱਚ ਵਸਦੇ ਹੋ,
ਐਵੇ ਸਾਥੋਂ ਦੂਰ ਕਿਉਂ ਨਸਦੇ ਹੋ।
ਨਾਲ ਘੱਤ ਜਾਦੂ ਦਿਲ ਖੱਸਦੇ ਹੋ,
ਹੁਣ ਕਿਤ ਵੱਲ ਜਾਸੋ ਨੱਸ ਕਰ ਜੀ।
ਬਸ ਕਰ ਜੀ ਹੁਣ ਬਸ ਕਰ ਜੀ।

ਤੁਸੀਂ ਮੋਇਆਂ ਨੂੰ ਮਾਰ ਨਾ ਮੁੱਕਦੇ ਸੀ,
ਖਿੱਦੋ ਵਾਂਙ ਖੂੰਡੀ ਨਿੱਤ ਕੁੱਟਦੇ ਸੀ।
ਗੱਲ ਕਰਦਿਆਂ ਦਾ ਗਲ ਘੁੱਟਦੇ ਸੀ,
ਹੁਣ ਤੀਰ ਲਗਾਓ ਕੱਸ ਕਰ ਜੀ।
ਬਸ ਕਰ ਜੀ ਹੁਣ ਬਸ ਕਰ ਜੀ।
ਤੁਸੀ ਛਪਦੇ ਹੋ ਅਸਾਂ ਪਕੜੇ ਹੋ,
ਅਸਾਂ ਨਾਲ ਜੁਲਫ਼ ਦੇ ਜਕੜੇ ਹੋ।
ਤੁਸੀ ਅਜੇ ਛਪਣ ਨੂੰ ਤਕੜੇ ਹੋ,
ਹੁਣ ਜਾਣ ਨਾ ਮਿਲਦਾ ਨਸ ਕਰ ਜੀ।
ਬਸ ਕਰ ਜੀ ਹੁਣ ਬਸ ਕਰ ਜੀ।

ਬੁੱਲ੍ਹਾ ਸ਼ੌਹ ਮੈ ਤੇਰੀ ਬਰਦੀ ਹਾਂ,

ਤੇਰਾ ਮੁੱਖ ਵੇਖਣ ਨੂੰ ਮਰਦੀ ਹਾਂ।
ਨਿੱਤ ਸੌ-ਸੌ ਮਿੰਨਤਾਂ ਕਰਦੀ ਹਾਂ,
ਹੁਣ ਬੈਠ ਪਿੰਜਰ ਵਿਚ ਧੱਸ ਕਰ ਜੀ।
ਬਸ ਕਰ ਜੀ ਹੁਣ ਬਸ ਕਰ ਜੀ।

(ਘੱਤ ਜਾਦੂ- ਜਾਦੂ ਪਾ ਕੇ, ਖੱਸਣਾ- ਖੋਹਣਾ, ਖਿੱਦੋ- ਗੇਂਦ, ਬਰਦੀ- ਗੋਲੀ/ਦਾਸੀ, ਪਿੰਜਰ-ਸ਼ਰੀਰ)

## ਬੁੱਲ੍ਹਾ ਕੀ ਜਾਣਾ ਮੈਂ ਕੌਣ

ਬੁੱਲ੍ਹਾ ਕੀ ਜਾਣਾ ਮੈਂ ਕੌਣ।
ਨਾ ਮੈਂ ਮੋਮਨ ਵਿੱਚ ਮਸੀਤਾਂ,
ਨਾ ਮੈਂ ਵਿੱਚ ਕੁਫ਼ਰ ਦੀਆਂ ਰੀਤਾਂ,
ਨਾ ਮੈਂ ਪਾਕਾਂ ਵਿੱਚ ਪਲੀਤਾਂ,
ਨਾ ਮੈਂ ਮੂਸਾ ਨਾ ਫਰਔਨ।
ਬੁੱਲ੍ਹਾ ਕੀ ਜਾਣਾ ਮੈਂ ਕੌਣ।

ਨਾ ਮੈਂ ਅੰਦਰ ਬੇਦ ਕਿਤਾਬਾਂ,
ਨਾ ਵਿੱਚ ਭੰਗਾਂ ਨਾ ਸ਼ਰਾਬਾਂ,
ਨਾ ਵਿੱਚ ਰਿੰਦਾਂ ਮਸਤ ਖਰਾਬਾਂ,
ਨਾ ਵਿੱਚ ਜਾਗਣ ਨਾ ਵਿੱਚ ਸੌਣ।
ਬੁੱਲ੍ਹਾ ਕੀ ਜਾਣਾ ਮੈਂ ਕੌਣ।

ਨਾ ਵਿੱਚ ਸ਼ਾਦੀ ਨਾ ਗ਼ਮਨਾਕੀ,
ਨਾ ਮੈਂ ਵਿੱਚ ਪਲੀਤੀ ਪਾਕੀ,

ਨਾ ਮੈਂ ਆਬੀ ਨਾ ਮੈਂ ਖ਼ਾਕੀ,
ਨਾ ਮੈਂ ਆਤਿਸ਼ ਨਾ ਮੈਂ ਪੌਣ।
ਬੁੱਲ੍ਹਾ ਕੀ ਜਾਣਾ ਮੈਂ ਕੌਣ।

ਨਾ ਮੈਂ ਅਰਬੀ ਨਾ ਲਾਹੌਰੀ,
ਨਾ ਮੈਂ ਹਿੰਦੀ ਸ਼ਹਿਰ ਨਗੌਰੀ,
ਨਾ ਹਿੰਦੂ ਨਾ ਤੁਰਕ ਪਸ਼ੌਰੀ,
ਨਾ ਮੈਂ ਰਹਿੰਦਾ ਵਿੱਚ ਨਦੌਨ।
ਬੁੱਲ੍ਹਾ ਕੀ ਜਾਣਾ ਮੈਂ ਕੌਣ।

ਨਾ ਮੈਂ ਭੇਤ ਮਜ਼ਹਬ ਦਾ ਪਾਇਆ,
ਨਾ ਮੈਂ ਆਦਮ ਹੱਵਾ ਜਾਇਆ।
ਨਾ ਮੈਂ ਆਪਣਾ ਨਾਮ ਧਰਾਇਆ,
ਨਾ ਵਿੱਚ ਬੈਠਣ ਨਾ ਵਿੱਚ ਭੌਣ।
ਬੁੱਲ੍ਹਾ ਕੀ ਜਾਣਾ ਮੈਂ ਕੌਣ।

ਅੱਵਲ ਆਖ਼ਰ ਆਪ ਨੂੰ ਜਾਣਾਂ,
ਨਾ ਕੋਈ ਦੂਜਾ ਹੋਰ ਪਛਾਣਾ,
ਮੈਥੋਂ ਹੋਰ ਨਾ ਕੋਈ ਸਿਆਣਾ,
ਬੁੱਲ੍ਹਾ ਸ਼ੌਹ ਖੜਾ ਹੈ ਕੌਣ।
ਬੁੱਲ੍ਹਾ ਕੀ ਜਾਣਾ ਮੈਂ ਕੌਣ।

(**ਮੋਮਨ– ਰੱਬੀ ਏਕਤਾ ਵਿੱਚ ਵਿਸ਼ਵਾਸ਼ ਰੱਖਣ ਵਾਲਾ ਈਮਾਨਦਾਰ ਮੁਸਲਮਾਨ, ਕੁਫ਼ਰ– ਝੂਠ, ਪਾਕ– ਪਵਿੱਤਰ, ਪਲੀਤ– ਪਾਪੀ, ਰਿੰਦਾਂ– ਕਲੰਦਰ, ਗ਼ਮਨਾਕੀ– ਗ਼ਮੀ/ਦੁੱਖ, ਆਤਿਸ਼– ਅੱਗ**)

## ਅਭਿਆਸ-ਪ੍ਰਸ਼ਨ

1. ਹੇਠ ਲਿਖੀਆਂ ਕਾਵਿ ਤੁਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਸੱਚਿਆਂ ਨੂੰ ਹੁਣ ਮਿਲਦੇ ਧੱਕੇ,
ਝੂਠੇ ਕੋਲ ਬਹਾਏ।
ਇਰਾਕੀਆਂ ਨੂੰ ਪਏ ਚਾਬਕ ਪੈਂਦੇ
ਗੱਦੋਂ ਖ਼ੂਦ ਖਵਾਏ।

(ਅ) ਨਾ ਮੈਂ ਭੇਤ ਮਜ਼ਹਬ ਦਾ ਪਾਇਆ,
ਨਾ ਮੈਂ ਆਦਮ ਹੱਵਾ ਜਾਇਆ।
ਨਾ ਮੈਂ ਆਪਣਾ ਨਾਮ ਧਰਾਇਆ,
ਨਾ ਵਿੱਚ ਬੈਠਣ ਨਾ ਵਿੱਚ ਭੌਣ।
ਬੁੱਲ੍ਹਾ ਕੀ ਜਾਣਾ ਮੈਂ ਕੌਣ।

2. 'ਆਓ ਸਈਓ ਰਲ ਦਿਉ ਨੀ ਵਧਾਈ' ਕਾਫ਼ੀ ਵਿੱਚ ਬੁਲ੍ਹੇ ਸ਼ਾਹ ਕਿਹੜੀ ਵਧਾਈ ਦੇਣ ਵੱਲ ਸੰਕੇਤ ਕਰਦਾ ਹੈ ?

3. ' ਉਲਟੇ ਹੋਰ ਜ਼ਮਾਨੇ ਆਏ' ਕਾਫ਼ੀ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।

4. ' ਬੁੱਲ੍ਹਾ ਕੀ ਜਾਣਾ ਮੈਂ ਕੌਣ' ਕਾਫ਼ੀ ਕੀ ਸੁਨੇਹਾ ਦਿੰਦੀ ਹੈ ?

5. 'ਬਸ ਕਰ ਜੀ ਹੁਣ ਬਸ ਕਰ ਜੀ' ਕਾਫ਼ੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

# ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਨੂੰ ਆਧੁਨਿਕ ਪੰਜਾਬੀ ਕਵਿਤਾ ਦਾ ਮੋਢੀ ਕਵੀ ਸਵੀਕਾਰਿਆ ਜਾਂਦਾ ਹੈ। ਉਹਨਾਂ ਦੀ ਕਵਿਤਾ ਨਾਲ ਪੰਜਾਬੀ ਕਵਿਤਾ ਨਵੇਂ ਦੌਰ ਵਿੱਚ ਦਾਖਿਲ ਹੁੰਦੀ ਹੈ। ਉਹਨਾਂ ਨੇ ਗੁਰਬਾਣੀ ਦੀ ਵਿਚਾਰਧਾਰਾ ਨੂੰ ਆਪਣੀ ਕਵਿਤਾ ਵਿੱਚ ਨਿਵੇਕਲੇ ਢੰਗ ਨਾਲ ਪੇਸ਼ ਕਰਨ ਦਾ ਯਤਨ ਕੀਤਾ ਹੈ। ਉਹਨਾਂ ਨੇ ਆਪਣੀ ਕਵਿਤਾ ਵਿੱਚ ਕੁਦਰਤ ਪਿਆਰ ਨੂੰ ਵੀ ਦਾਰਸ਼ਨਿਕ ਵਿਚਾਰਾਂ ਰਾਹੀ ਸੰਚਾਰਿਤ ਕੀਤਾ ਹੈ। ਭਾਈ ਵੀਰ ਸਿੰਘ ਨੂੰ ਛੋਟੀ ਕਵਿਤਾ ਦਾ ਵੱਡਾ ਕਵੀ ਵੀ ਕਿਹਾ ਜਾਂਦਾ ਹੈ।

ਭਾਈ ਵੀਰ ਸਿੰਘ ਦਾ ਜਨਮ 5 ਦਸੰਬਰ 1872 ਈ. ਨੂੰ ਡਾ. ਚਰਨ ਸਿੰਘ ਦੇ ਘਰ ਅੰਮ੍ਰਿਤਸਰ ਵਿਖੇ ਹੋਇਆ। ਭਾਈ ਵੀਰ ਸਿੰਘ ਦੀ ਮਾਤਾ ਦਾ ਨਾਂ ਸ਼੍ਰੀਮਤੀ ਉੱਤਮ ਕੌਰ ਸੀ। ਦਸਵੀਂ ਤੱਕ ਦੀ ਵਿੱਦਿਆ ਮਿਸ਼ਨ ਹਾਈ ਸਕੂਲ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਦਸਵੀਂ ਦਾ ਇਮਤਿਹਾਨ ਜ਼ਿਲ੍ਹੇ 'ਚੋਂ ਅੱਵਲ ਰਹਿ ਕੇ ਪਾਸ ਕਰਨਾ, ਪਿਤਾ ਚਰਨ ਸਿੰਘ ਸ਼ਹੀਦ ਅਤੇ ਨਾਨਾ ਗਿਆਨੀ ਹਜ਼ਾਰਾ ਸਿੰਘ ਤੋਂ ਸਾਹਿਤਕ ਚੇਟਕ ਹਾਸਿਲ ਕਰਨਾ, ਭਾਈ ਵੀਰ ਸਿੰਘ ਦੀ ਪ੍ਰਤਿਭਾ ਦੇ ਖਾਸ ਪਛਾਣ- ਚਿੰਨ੍ਹ ਕਹੇ ਜਾ ਸਕਦੇ ਹਨ। ਭਾਈ ਸਾਹਿਬ ਨੇ ਵਜ਼ੀਰ ਹਿੰਦ ਪ੍ਰੈਸ ਸਥਾਪਿਤ ਕੀਤੀ ਤੇ 'ਖਾਲਸਾ ਸਮਾਚਾਰ' ਪੱਤਰ ਸ਼ੁਰੂ ਕੀਤਾ। ਉਹ ਸਰਬਾਂਗੀ ਲੇਖਕ ਸਨ, ਨਾਵਲ, ਨਾਟਕ, ਵਾਰਤਕ ਆਦਿ ਖੇਤਰਾਂ ਵਿੱਚ ਭਾਈ ਸਾਹਿਬ ਨੇ ਉੱਚ ਪਾਏ ਦੀਆਂ ਰਚਨਾਵਾਂ ਦੀ ਸਿਰਜਣਾ ਕੀਤੀ।

ਪੰਜਾਬ ਯੂਨੀਵਰਸਿਟੀ ਵੱਲੋਂ ਡਾਕਟਰ ਆਫ਼ ਓਰੀਐਂਟਲ ਲਰਨਿੰਗ ਦੀ ਉਪਾਧੀ ਹਾਸਿਲ ਕਰਨ, ਵਿਧਾਨ ਪ੍ਰੀਸ਼ਦ ਦਾ ਮੈਂਬਰ ਨਾਮਜ਼ਦ ਹੋਣ, ਭਾਰਤੀ ਸਾਹਿਤ ਅਕਾਦਮੀ ਵੱਲੋਂ "ਮੇਰੇ ਸਾਈਆਂ ਜੀਉ" ਕਾਵਿ ਪੁਸਤਕ 'ਤੇ ਇਨਾਮ ਹਾਸਿਲ ਕਰਨ ਦੇ ਨਾਲ-ਨਾਲ ਭਾਰਤ ਸਰਕਾਰ ਵੱਲੋਂ ਆਪ ਨੂੰ ਪਦਮ ਭੂਸ਼ਨ ਵਰਗੇ ਗੌਰਵਸ਼ਾਲੀ ਸਨਮਾਨ ਨਾਲ ਨਿਵਾਜਿਆ ਗਿਆ । 10 ਜੂਨ 1957 ਨੂੰ ਆਪ ਦਾ ਦੇਹਾਂਤ ਹੋ ਗਿਆ ।

ਭਾਈ ਸਾਹਿਬ ਦੁਆਰਾ ਰਚਿਤ ਮਹਾਂਕਾਵਿ 'ਰਾਣਾ ਸੂਰਤ ਸਿੰਘ' ਨਾਲ ਕਲਾਤਮਕ ਮਹਾਂਕਾਵਿ-ਪਰੰਪਰਾ ਦੀ ਆਧੁਨਿਕ ਪੰਜਾਬੀ ਸਾਹਿਤ ਵਿੱਚ ਸ਼ੁਰੂਆਤ ਹੁੰਦੀ ਹੈ। 'ਲਹਿਰਾਂ ਦੇ ਹਾਰ', 'ਬਿਜਲੀਆਂ ਦੇ ਹਾਰ' 'ਪ੍ਰੀਤ ਵੀਣਾ', 'ਕੰਬਦੀ ਕਲਾਈ', 'ਮਟਕ ਹੁਲਾਰੇ', 'ਲਹਿਰ ਹੁਲਾਰੇ' ਅਤੇ 'ਮੇਰੇ ਸਾਈਆਂ ਜੀਓ' ਤੋਂ ਇਲਾਵਾ 'ਦੀਵਾਨ ਭਾਈ ਵੀਰ ਸਿੰਘ'(ਗ਼ਜ਼ਲਾਂ) ਆਦਿ ਆਪ ਦੇ ਵਰਨਣਯੋਗ ਕਾਵਿ ਸੰਗ੍ਰਹਿ ਹਨ। ਭਾਈ ਵੀਰ ਸਿੰਘ ਨੇ ਆਪਣੀ ਕਾਵਿ-ਰਚਨਾ ਰਾਹੀਂ ਪੰਜਾਬੀ ਕਵਿਤਾ ਨੂੰ ਅਮੀਰੀ ਪ੍ਰਦਾਨ ਕੀਤੀ। ਇਸ ਪਾਠ-ਪੁਸਤਕ ਵਿੱਚ ਵਿਦਿਆਰਥੀਆਂ ਲਈ ਨਮੂਨੇ ਵਜੋਂ ਕੁਝ ਕਾਵਿ ਰਚਨਾਵਾਂ ਪੇਸ਼ ਕੀਤੀਆਂ ਜਾ ਰਹੀਆਂ ਹਨ।

## ਕਿੱਕਰ

ਕੱਢ ਸਿਰੀ ਉੱਪਰ ਨੂੰ ਟੁਰਿਆ
ਵੱਲ ਅਕਾਸ਼ਾਂ ਜਾਵਾਂ
ਉੱਪਰ ਨੂੰ ਤੱਕਾਂ ਰੱਬ ਵੰਨੇ
ਝਾਤਿ ਨ ਹੋਰਥਿ ਪਾਵਾਂ।
ਸ਼ਹਿਰ ਗਿਰਾਂ ਮਹਿਲ ਨਹੀਂ ਮਾੜੀ
ਕੱਲੀ ਢੋਕ ਨਾ ਭਾਲਾਂ,
ਮੀਂਹ ਹਨ੍ਹੇਰੀ ਗੜੇ ਧੁੱਪ ਵਿੱਚ
ਨੰਗੇ ਸਿਰ ਦਿਨ ਘਾਲਾਂ।
ਲੋ ਅਰਸ਼ਾਂ ਦੇ ਵਾਲੀ ਵੰਨੇ
ਹੋਰ ਲਾਲਸਾ ਨਾਹੀਂ
ਗਿੱਠ ਥਾਉਂ  ਧਰਤੀ ਤੋਂ ਲੀਤੀ
ਵਧਾਂ ਟਿਕਾਂ ਇਸ ਮਾਹੀਂ।
ਫੁੱਲਾਂ ਫਲਾਂ, ਖਿੜਾਂ, ਰਸ ਚੋਵਾਂ,
ਰਹਿ ਅਛੋਤ ਟੁਰ ਜਾਵਾਂ
ਕੁੱਲੀ,ਗੁੱਲੀ, ਜੁੱਲੀ, ਦੁਨੀਆਂ!
ਬਿਨ ਮੰਗੇ ਮਰ ਜਾਵਾਂ।
ਮੀਂਹ ਦਾ ਪੀਵਾਂ ਪਾਣੀ ਦੁਨੀਆਂ!
ਪੌਣ ਭੱਖ ਕੇ ਜੀਵਾਂ।
ਸਦੀਆਂ ਤੋਂ ਇਸਥਿਤ ਮੈਂ ਜੋਗੀ
ਸਦੀਆਂ ਇਵੇਂ ਟਿਕੀਵਾਂ।
ਛੇੜਾਂ, ਛੇੜ ਕਰਾਵਾਂ ਨਾਹੀਂ,

ਹਾਂ ਵਿਰਕਤ, ਨਿਰਗੁਣੀਆਂ;

ਮੇਰੇ ਜੋਗਾ ਬੀ ਤੈਂ ਪੱਲੇ,

ਹਾਇ, ਕੁਹਾੜਾ ਦੁਨੀਆਂ!

(ਝਾਤਿ: ਝਾਤੀ/ਪਲ-ਪਲ ਲਈ ਨਜ਼ਰ ਮਾਰਨੀ,ਢੋਕ: ਵਸੇਬਾ/ ਰਹਿਣ-ਸਹਿਣ,ਅਛੋਤ: ਬਿਨਾਂ ਕਿਸੇ ਦੇ ਨੋਟ-ਕੀਤਿਆਂ,ਇਸਥਿਤ: ਪੱਕੇ ਤੌਰ ਤੇ ਟਿਕਿਆ ਹੋਇਆ, ਵਿਰਕਤ: ਦੁਨੀਆਂ ਦੇ ਲੱਗ-ਲਬੇੜ ਤੋ ਵੱਖਰਾ/ ਉਪਰਾਮ ,ਨਿਰਗੁਣੀਆਂ: ਗੁਣਾਂ ਰਹਿਤ)

## ਗੁਲਾਬ ਦਾ ਫੁੱਲ ਤੋੜਣ ਵਾਲੇ ਨੂੰ

ਡਾਲੀ ਨਾਲੋਂ ਤੋੜ ਨ ਸਾਨੂੰ

ਅਸਾਂ ਹੱਟ 'ਮਹਿਕ' ਦੀ ਲਾਈ,

ਲਖ ਗਾਹਕ ਜੇ ਸੁੰਘੇ ਆਕੇ

ਖਾਲੀ ਕੋਇ ਨਾ ਜਾਈ:

ਤੂੰ ਜੇ ਇੱਕ ਤੋੜਕੇ ਲੈ ਗਿਓਂ,

ਇੱਕ ਜੋਗਾ ਰਹਿ ਜਾਸਾਂ-

ਉਹ ਭੀ ਪਲਕ ਝਲਕ ਦਾ ਮੇਲਾ

ਰੂਪ ਮਹਿਕ ਨਸ ਜਾਈ।

(ਮਹਿਕ : ਖੁਸ਼ਬੋ, ਪਲਕ ਝਲਕ: ਥੋੜ੍ਹੀ ਦੇਰ ਦਾ)

## ਮੇਰੀ ਜਿੰਦੇ!

ਤੇਰਾ ਥਾਉਂ ਕਿਸੇ ਨਦੀ ਦੇ ਕਿਨਾਰੇ,

ਤੇਰਾ ਥਾਉਂ ਕਿਸੇ ਜੰਗਲ ਬੇਲੇ,
ਤੇਰੇ ! ਭਾਗਾਂ ਵਿਚ ਅਰਸ਼ਾਂ ਤੇ ਉਡਣਾ,
ਤੇ ਗਾਂਦਿਆਂ ਫਿਰਨ ਅਕੇਲੇ,
ਤੇਰਾ ਜੀਵਨ ਸੀਗਾ ਤੇਰੇ ਹੀ ਜੋਗਾ,
ਤੂੰ ਆਪੇ 'ਆਪੇ' ਨਾਲ ਖੇਲੇਂ,
ਤੂੰ ਕਿਵੇਂ ਰੌਲਿਆਂ ਵਿਚ ਆ ਖਲੋਤੀ,
ਤੇਰੇ ਚਾਰ ਚੁਫੇਰੇ ਝਮੇਲੇ ?

## ਅਭਿਆਸ-ਪ੍ਰਸ਼ਨ

1. ਹੇਠ ਲਿਖੇ ਕਾਵਿ ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਤੇਰਾ ਥਾਉਂ ਕਿਸੇ ਨਦੀ ਦੇ ਕਿਨਾਰੇ,
ਤੇਰਾ ਥਾਉਂ ਕਿਸੇ ਜੰਗਲ ਬੇਲੇ,
ਤੇਰੇ ! ਭਾਗਾਂ ਵਿੱਚ ਅਰਸ਼ਾਂ ਤੇ ਉਡਣਾ,
ਤੇ ਗਾਂਦਿਆਂ ਫਿਰਨ ਅਕੇਲੇ,

(ਅ) ਤੇਰਾ ਜੀਵਨ ਸੀਗਾ ਤੇਰੇ ਹੀ ਜੋਗਾ,
ਤੂੰ ਆਪੇ 'ਆਪ' ਨਾਲ ਖੇਲੇਂ,
ਤੂੰ ਕਿਵੇਂ ਰੌਲਿਆਂ ਵਿੱਚ ਆ ਖਲੋਤੀ,
ਤੇਰੇ ਚਾਰ ਚੁਫੇਰੇ ਝਮੇਲੇ ?

(ੲ) ਡਾਲੀ ਨਾਲੋਂ ਤੋੜ ਨ ਸਾਨੂੰ
ਅਸਾਂ ਹੱਟ 'ਮਹਿਕ' ਦੀ ਲਾਈ,
ਲਖ ਗਾਹਕ ਜੇ ਸੁੰਘੇ ਆ ਕੇ
ਖਾਲੀ ਕੋਇ ਨਾ ਜਾਈ
ਤੂੰ ਜੇ ਇੱਕ ਤੋੜ ਕੇ ਲੈ ਗਿਓਂ,
ਇੱਕ ਜੋਗਾ ਰਹਿ ਜਾਸਾਂ,
ਉਹ ਭੀ ਪਲਕ ਝਲਕ ਦਾ ਮੇਲਾ
ਰੂਪ ਮਹਿਕ ਨਸ ਜਾਈ।

2. 'ਗੁਲਾਬ ਦਾ ਫੁੱਲ ਤੋੜਣ ਵਾਲੇ ਨੂੰ' ਕਵਿਤਾ ਦਾ ਕੇਂਦਰੀ ਭਾਵ ਲਿਖੋ।

3. 'ਮੇਰੀ ਜਿੰਦੇ' ਕਵਿਤਾ ਵਿੱਚ ਕਵੀ ਕੀ ਕਹਿਣਾ ਚਾਹੁੰਦਾ ਹੈ ?

4. 'ਕਿਕੱਰ' ਕਵਿਤਾ ਦਾ ਸਾਰ ਲਿਖੋ।

5. 'ਕਿੱਕਰ' ਕਵਿਤਾ ਵਿੱਚ ਕਿੱਕਰ ਦੀ ਨਿਰਾਸ਼ਤਾ ਦੇ ਕੀ ਕਾਰਨ ਹਨ ?

# ਧਨੀ ਰਾਮ ਚਾਤ੍ਰਿਕ

ਧਨੀ ਰਾਮ ਚਾਤ੍ਰਿਕ ਦੀ ਆਧੁਨਿਕ ਪੰਜਾਬੀ ਕਵਿਤਾ ਵਿਚ ਖਾਸ ਥਾਂ ਹੈ। ਉਸਨੇ ਆਪਣੀ ਕਵਿਤਾ ਵਿੱਚ ਸਾਂਝੇ ਪੰਜਾਬੀ ਸਭਿਆਚਾਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ। ਉਸ ਦੀ ਕਵਿਤਾ ਵਿੱਚ ਪੰਜਾਬੀ ਜੀਵਨ ਦੇ ਵਿਭਿੰਨ ਪਹਿਲੂਆਂ ਨੂੰ ਤਲਾਸ਼ਿਆ ਜਾ ਸਕਦਾ ਹੈ।

ਧਨੀ ਰਾਮ ਚਾਤ੍ਰਿਕ ਦਾ ਜਨਮ 4 ਅਕਤੂਬਰ 1876 ਨੂੰ ਪਿੰਡ ਪੱਸੀਆਂ ਜ਼ਿਲ੍ਹਾ ਸਿਆਲਕੋਟ(ਪਾਕਿਸਤਾਨ) ਵਿੱਚ ਹੋਇਆ। ਛੋਟੀ ਉਮਰ ਵਿੱਚ ਹੀ ਉਹ ਆਪਣੇ ਪਿਤਾ ਨਾਲ ਲੋਪੋਕੇ (ਅੰਮ੍ਰਿਤਸਰ) ਆ ਗਏ ਅਤੇ ਮੁੱਢਲੀ ਵਿੱਦਿਆ ਏਥੋਂ ਹੀ ਹਾਸਲ ਕੀਤੀ। ਮਾਇਕ ਔਕੜਾਂ ਕਾਰਨ ਉਚੇਰੀ ਪੜ੍ਹਾਈ ਕਰਨ ਤੋਂ ਉਹ ਵਾਂਝੇ ਰਹੇ। ਪੰਦਰਾਂ ਸਾਲ ਦੀ ਉਮਰ ਵਿੱਚ ਉਹਨਾਂ ਨੇ ਵਸੀਕਾ ਨਵੀਸ ਦਾ ਕੰਮ ਸ਼ੁਰੂ ਕੀਤਾ ਤੇ ਫਿਰ 1893 ਵਿੱਚ ਭਾਈ ਵੀਰ ਸਿੰਘ ਦੀ ਵਜ਼ੀਰ ਹਿੰਦ ਪ੍ਰੈਸ ਵਿੱਚ ਕੰਮ ਕੀਤਾ। ਚਾਤ੍ਰਿਕ ਨੇ ਕਵਿਤਾ ਦੇ ਨਾਲ-ਨਾਲ ਸੁੰਦਰ ਪੰਜਾਬੀ ਟਾਈਪਿੰਗ ਵੀ ਸਿੱਖੀ ਤੇ ਅੰਮ੍ਰਿਤਸਰ ਸੁਦਰਸ਼ਨ ਪ੍ਰੈਸ ਵੀ ਲਗਾਈ। 79 ਸਾਲ ਦੀ ਉਮਰ ਵਿੱਚ 18 ਦਸੰਬਰ 1954 ਨੂੰ ਪੰਜਾਬੀ ਦਾ ਇਹ ਉਸਤਾਦ ਕਵੀ ਸਾਥੋਂ ਵਿਛੜ ਗਿਆ।

'ਚੰਦਨਵਾੜੀ', 'ਕੇਸਰ ਕਿਆਰੀ', 'ਨਵਾਂ ਜਹਾਨ', 'ਸੂਫ਼ੀਖਾਨਾ' ਅਤੇ 'ਨੂਰਜਹਾਂ ਬੇਗਮ' ਆਦਿ ਚਾਤ੍ਰਿਕ ਦੀਆਂ ਮਹੱਤਵਪੂਰਨ ਕਾਵਿ-ਰਚਨਾਵਾਂ ਹਨ। ਉਹਨਾਂ ਦੀ ਕਵਿਤਾ ਵਿੱਚ ਲੋਕ-ਕਾਵਿ ਤੇ ਸੂਫ਼ੀ-ਕਾਵਿ ਦਾ ਪ੍ਰਭਾਵ ਵੀ ਵੇਖਿਆ ਜਾ ਸਕਦਾ ਹੈ। ਚਾਤ੍ਰਿਕ ਦੀ ਕਵਿਤਾ ਸਟੇਜਾਂ ਦਾ ਸ਼ਿੰਗਾਰ ਵੀ ਬਣਦੀ ਰਹੀ ਹੈ। ਇਸ ਪੁਸਤਕ ਵਿੱਚ ਉਹਨਾਂ ਦੀ ਕਵਿਤਾ ਨਾਲ ਪਛਾਣ ਕਰਵਾਉਣ ਲਈ ਕੁਝ ਕਵਿਤਾ ਪੇਸ਼ ਹਨ।

## ਬੋਲੀ ਹੈ ਪੰਜਾਬੀ ਸਾਡੀ

ਅਸਾਂ ਨਹੀਂ ਭੁਲਾਉਣੀ, ਬੋਲੀ ਹੈ ਪੰਜਾਬੀ ਸਾਡੀ।
ਏਹੋ ਜਿੰਦ ਜਾਨ ਸਾਡੀ,
ਮੋਤੀਆਂ ਦੀ ਖਾਨ ਸਾਡੀ,
ਹੱਥੋ ਨਹੀ ਗੁਆਉਣੀ, ਬੋਲੀ ਹੈ ਪੰਜਾਬੀ ਸਾਡੀ।
ਤ੍ਰਿੰਞਣਾਂ ਭੰਡਾਰਾਂ ਵਿੱਚ,
ਵੰਝਲੀ ਤੇ ਵਾਰਾਂ ਵਿੱਚ,
ਮਿੱਠੀ ਤੇ ਸੁਹਾਉਣੀ, ਬੋਲੀ ਹੈ ਪੰਜਾਬੀ ਸਾਡੀ।
ਜੋਧ ਤੇ ਕਮਾਈਆਂ ਵਿੱਚ,
ਜੰਗਾਂ ਤੇ ਲੜਾਈਆਂ ਵਿੱਚ,
ਏਹੋ ਜਿੰਦ ਪਾਉਣੀ, ਬੋਲੀ ਹੈ ਪੰਜਾਬੀ ਸਾਡੀ।
ਫੁੱਲਾਂ ਦੀ ਕਿਆਰੀ ਸਾਡੀ,
ਸੁਖਾਂ ਦੀ ਅਟਾਰੀ ਸਾਡੀ,
ਭੁੱਲ ਕੇ ਨਹੀਂ ਢਾਉਣੀ, ਬੋਲੀ ਹੈ ਪੰਜਾਬੀ ਸਾਡੀ।

(**ਤ੍ਰਿੰਞਣਃ ਚਰਖਾ ਕੱਤਣ ਵਾਲੀਆਂ ਕੁੜੀਆਂ ਦਾ ਇਕੱਠ, ਵੰਝਲੀਃ ਬੰਸਰੀ, ਪੁਰਾਤਨ ਲੋਕ ਸਾਜ਼**)

## ਸੁਖੀ ਜੀਉਣ ਦੀ ਕੁੰਜੀ

ਸੁੱਖ-ਨੀਂਦੇ ਜੇ ਸੁੱਤਾ ਚਾਹੇਂ, ਵੱਸ ਨਾ ਪਈਂ ਅਮੀਰਾਂ ਦੇ।
ਬੰਦੀਜਨ ਦੇ ਹਲੂਏ ਨਾਲੋਂ, ਟੁਕੜੇ ਭਲੇ ਫ਼ਕੀਰਾਂ ਦੇ।

ਵਿੱਚ ਗੁਲਾਮੀ ਹੋਈ ਖ਼ੁਨਾਮੀ, ਸੁੱਕਣ ਲਹੂ ਸਰੀਰਾਂ ਦੇ।
ਸੀਨੇ ਹੱਥ, ਧੌਣ ਨਿਹੁੜਾਈ, ਖੜੇ ਵਾਂਗ ਤਸਵੀਰਾਂ ਦੇ।
ਰੰਚਕ ਰੰਜ ਰਾਉ ਨੂੰ ਆਇਆ, ਸਿਰ ਕਟ ਜਾਣ ਵਜ਼ੀਰਾਂ ਦੇ।
ਸਦ-ਪਰਸੰਨ, ਡੰਨ ਤੋਂ ਚੋਖੇ, ਛੰਨ ਝੌਂਪੜੇ ਕੀਰਾਂ ਦੇ।
ਖੀਰਾਂ ਨਾਲ ਭਰੇ ਕਿਸ ਕਾਰੇ, ਮੁਖੜੇ ਦਿਲ ਦਿਲਗੀਰਾਂ ਦੇ।
ਕਰ ਗੁਜ਼ਰਾਨ ਸੁਤੰਤਰਤਾ ਵਿੱਚ, ਪਹਿਨ ਗੋਦੜੇ ਲੀਰਾਂ ਦੇ।

(**ਬੰਦੀਜਨਃ ਕੈਦੀ, ਖ਼ੁਨਾਮੀਃ ਬਦਨਾਮੀ, ਨਿਹੁੜਾਈਃ ਨੀਵੀਂ ਕੀਤੀ, ਰੰਜਃ ਗੁੱਸਾ, ਰਾਉਃ ਰਾਜਾ**)

## ਵਿਸਾਖੀ ਦਾ ਮੇਲਾ

ਪੱਕ ਪਈਆਂ ਕਣਕਾਂ, ਲੁਕਾਠ ਰਸਿਆ,
ਬੂਰ ਪਿਆ ਅੰਬਾਂ ਨੂੰ, ਗੁਲਾਬ ਹੱਸਿਆ।
ਬਾਗਾਂ ਉੱਤੇ ਰੰਗ ਫੇਰਿਆ ਬਹਾਰ ਨੇ,
ਬੇਰੀਆਂ ਲਿਫਾਈਆਂ ਟਾਹਣੀਆਂ ਦੇ ਭਾਰ ਨੇ।
ਪੁੰਗਰੀਆਂ ਵੱਲਾਂ ਵੇਲਾਂ ਰੁਖੀਂ ਚੜ੍ਹੀਆਂ,
ਫਲਾਂ ਹੇਠੋਂ ਫਲਾਂ ਨੇ ਪਰੋਈਆਂ ਲੜੀਆਂ।
ਸਾਈਂ ਦੀ ਨਿਗਾਹ ਜੱਗ ਤੇ ਸਵੱਲੀ ਏ,
ਚੱਲ ਨੀ ਪ੍ਰੇਮੀਏ , ਵਿਸਾਖੀ ਚੱਲੀਏ।

ਦੂਰ ਦੂਰ ਥਾਓਂ ਵਣਜਾਰੇ ਆਏ ਨੇ
ਸੁਹਣੇ ਸੁਹਣੇ ਕੁੰਜਾਂ ਤੇ ਫੀਤੇ ਲਿਆਏ ਨੇ।
ਗਜਰਿਆਂ ਤੇ ਵੰਗਾਂ ਦਾ ਨਾ ਅੰਤ ਕੋਈ ਏ,
ਮੰਡੀ ਝੂਠੇ ਗਾਹਣਿਆਂ ਦੀ, ਲੱਗੀ ਹੋਈ ਏ।
ਹੱਟੀਆਂ ਹਜ਼ਾਰਾਂ ਹਲਵਾਈਆਂ ਲਾਈਆਂ,

ਸੈਂਕੜੇ ਸੁਗਾਤਾਂ ਨਾਲੇ ਹੋਰ ਆਈਆਂ।
ਹੱਟੀ ਹੱਟੀ ਸ਼ੌਕੀਆਂ ਦੀ ਭੀੜ ਖਲ੍ਹੀ ਏ,
ਚੱਲ ਨੀ ਪ੍ਰੇਮੀਏ , ਵਿਸਾਖੀ ਚੱਲੀਏ।

ਥਾਈਂ-ਥਾਈਂ ਖੇਡਾਂ ਤੇ ਪੰਘੂੜੇ ਆਏ ਨੇ,
ਜੋਗੀਆਂ ਮਦਾਰੀਆਂ ਤਮਾਸ਼ੇ ਲਾਏ ਨੇ।
ਵੰਝਲੀ, ਲੰਗੋਜਾ, ਕਾਟੋ,ਤੂੰਬਾ ਵੱਜਦੇ,
ਛਿੰਝ ਵਿੱਚ ਸੂਰੇ ਪਹਿਲਵਾਨ ਗੱਜਦੇ।
ਕੱਠਾ ਹੋ ਕੇ ਆਇਆ ਰੌਲਾ ਸਾਰੇ ਜੱਗ ਦਾ,
ਭੀੜ ਵਿੱਚ ਮੋਢੇ ਨਾਲ ਮੋਢਾ ਵੱਜਦਾ।
ਕੋਹਾਂ ਵਿੱਚ ਮੇਲੇ ਨੇ ਜ਼ਮੀਨ ਮੱਲੀ ਏ,
ਚੱਲ ਨੀ ਪ੍ਰੇਮੀਏ , ਵਿਸਾਖੀ ਚੱਲੀਏ।

ਬਾਲ, ਬੁੱਢੇ, ਗੱਭਰੂ, ਮੇਲੇ 'ਚ ਆਏ ਨੇਂ,
ਟੁੰਬ ਟੁੰਬ ਰੀਝਾਂ ਨੇ ਸਾਰੇ ਜਗਾਏ ਨੇਂ।
ਭਾਂਤੋ ਭਾਂਤ ਦਿਲ, ਭਾਂਤੋ ਭਾਂਤ ਮਾਲ ਨੇਂ,
ਟੋਲ ਰਹੇ ਆਪੋ ਆਪਣਾ ਖ਼ਿਆਲ ਨੇਂ।
ਮੇਲੇ ਦੀ ਬਹਾਰ ਏ ਤਿਕਾਲਾਂ ਤੀਕ ਏ,
ਸੌਦਾ ਲੈ ਵਿਹਾਝ, ਜਿਦ੍ਹੀ ਜੋ ਤਫ਼ੀਕ ਏ।
ਪਲੋ ਪਲੀ ਵਿੱਚ ਹੋਣੀ ਚੱਲੋ ਚਲੀ ਏ,
ਚੱਲ ਨੀ ਪ੍ਰੇਮੀਏ , ਵਿਸਾਖੀ ਚੱਲੀਏ।

(**ਲੁਕਾਠ: ਇੱਕ ਗੋਲ ਦਰਮਿਆਨੇ ਆਕਾਰ ਦਾ ਮਿੱਠਾ ਫਲ,ਸਵੱਲੀ: ਮਿਹਰ ਭਰੀ/ਚੰਗੀ,ਕੁੰਜਾਂ ਤੇ ਫੀਤੇ: ਕੱਪੜੇ ਦੇ ਬਣਾਏ ਸਜਾਵਟੀ ਗੋਟੇ ਕਿਨਾਰੀਆਂ,ਛਿੰਝ: ਕੁਸ਼ਤੀ ਦਾ ਅਖਾੜਾ,ਵਿਹਾਝ: ਲੈਣਾ, ਤਫ਼ੀਕ:**

**ਸਮਰੱਥਾ, ਕਾਬਲੀਅਤ, ਹੈਸੀਅਤ**)

## ਨਵੀਂ ਬਹਾਰ

ਨਵੀਓਂ ਨਵੀਂ ਬਹਾਰ, ਸਮੇਂ ਦੀ ਨਵੀਓਂ ਨਵੀਂ ਬਹਾਰ।
ਨਵੀਂ ਹਿਸਟਰੀ, ਨਵੇਂ ਫ਼ਸਾਨੇ,
ਨਵੇਂ ਸ਼ਿਕਾਰੀ, ਨਵੇਂ ਨਿਸ਼ਾਨੇ,
ਨਵੇਂ ਚਿਰਾਗ, ਨਵੇਂ ਪਰਵਾਨੇ,
ਨਵੇਂ ਨਵੇਂ ਦਿਲਦਾਰ,
ਸਮੇਂ ਦੀ ਨਵੀਓਂ ਨਵੀਂ ਬਹਾਰ।

ਮਾਸ਼ੂਕਾਂ ਦੀ ਚਾਲ ਪੁਰਾਣੀ,
ਗੱਲਾਂ ਨਾਲ ਰਿੜਕਣਾ ਪਾਣੀ,
ਨਾ ਮਰਨਾ, ਨਾ ਮੰਜੀ ਚਾਣੀ,
ਲਾਈ ਰਖਣੀ ਲਾਰ,
ਸਮੇਂ ਦੀ ਨਵੀਓਂ ਨਵੀਂ ਬਹਾਰ।
ਨਵੀਂ ਕਿਸਮ ਦੀ ਅਮਨ ਪਸੰਦੀ,
ਜੀਭ ਕਲਮ ਦੀ ਨਾਕਾ ਬੰਦੀ,
ਆਜ਼ਾਦੀ ਦੇ ਸਿਰ ਤੇ ਲਟਕੇ,
ਤਾਕਤ ਦੀ ਤਲਵਾਰ,
ਸਮੇਂ ਦੀ ਨਵੀਓਂ ਨਵੀਂ ਬਹਾਰ।

(**ਹਿਸਟਰੀ: ਇਤਿਹਾਸ,ਫ਼ਸਾਨੇ: ਕਿੱਸੇ-ਕਹਾਣੀਆਂ,ਮਾਸ਼ੂਕਾ: ਮਹਿਬੂਬ, ਦਿਲਬਰ,ਚਾਣੀ: ਚੁੱਕਣੀ**)

## ਅਭਿਆਸ-ਪ੍ਰਸ਼ਨ

1. ਹੇਠ ਲਿਖੇ ਕਾਵਿ ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਸੁੱਖ-ਨੀਂਦੇ ਜੇ ਸੁੱਤਾ ਚਾਹੇਂ, ਵੱਸ ਨਾ ਪਈਂ ਅਮੀਰਾਂ ਦੇ।
ਬੰਦੀਜਨ ਦੇ ਹਲੂਏ ਨਾਲੋਂ, ਟੁਕੜੇ ਭਲੇ ਫਕੀਰਾਂ ਦੇ।
ਵਿੱਚ ਗੁਲਾਮੀ ਹੋਈ ਖ਼ੁਨਾਮੀ, ਸੁੱਕਣ ਲਹੂ ਸਰੀਰਾਂ ਦੇ।
ਸੀਨੇ ਹੱਥ, ਧੌਣ ਨਿਹੁੜਾਈ, ਖੜੇ ਵਾਂਗ ਤਸਵੀਰਾਂ ਦੇ।

(ਅ) ਅਸਾਂ ਨਹੀਂ ਭੁਲਾਉਣੀ, ਬੋਲੀ ਹੈ ਪੰਜਾਬੀ ਸਾਡੀ।
ਏਹੋ ਜਿੰਦ ਜਾਨ ਸਾਡੀ,
ਮੋਤੀਆਂ ਦੀ ਖਾਨ ਸਾਡੀ,
ਹੱਥੋ ਨਹੀ ਗੁਆਉਣੀ, ਬੋਲੀ ਹੈ ਪੰਜਾਬੀ ਸਾਡੀ।
ਤ੍ਰਿੰਞਣਾਂ ਭੰਡਾਰਾਂ ਵਿੱਚ,
ਵੰਝਲੀ ਤੇ ਵਾਰਾਂ ਵਿੱਚ,

2. 'ਨਵੀਂ ਬਹਾਰ' ਕਵਿਤਾ ਦਾ ਕੇਂਦਰੀ ਭਾਵ ਲਿਖੋ।
3. 'ਸੁਖੀ ਜੀਉਣ ਦੀ ਕੁੰਜੀ' ਕਵਿਤਾ ਵਿੱਚ ਆਏ ਵਿਚਾਰਾਂ ਨੂੰ ਸਪੱਸ਼ਟ ਕਰਕੇ ਲਿਖੋ।
4. 'ਵਿਸਾਖੀ ਦਾ ਮੇਲਾ' ਕਵਿਤਾ ਦਾ ਸਾਰ ਲਿਖੋ।
5. 'ਬੋਲੀ ਹੈ ਪੰਜਾਬੀ ਸਾਡੀ' ਕਾਵਿ ਰਚਨਾ ਕੀ ਸੁਨੇਹਾ ਦਿੰਦੀ ਹੈ ?

# ਪ੍ਰੋ. ਮੋਹਨ ਸਿੰਘ

ਪ੍ਰੋ. ਮੋਹਨ ਸਿੰਘ ਆਧੁਨਿਕ ਪੰਜਾਬੀ ਕਵਿਤਾ ਵਿੱਚ ਵਿਸ਼ੇਸ਼ ਨਾਂ ਹੈ। ਪ੍ਰੋ. ਮੋਹਨ ਸਿੰਘ ਨੂੰ ਪੰਜਾਬੀ ਕਾਵਿ-ਜਗਤ ਵਿੱਚ ਰੁਮਾਂਸਵਾਦੀ-ਪ੍ਰਗਤੀਵਾਦੀ ਕਵੀ ਵਜੋਂ ਜਾਣਿਆ ਜਾਂਦਾ ਹੈ। ਉਹਨਾਂ ਨੂੰ ਪ੍ਰੀਤ ਦਾ ਕਵੀ ਵੀ ਕਿਹਾ ਜਾਂਦਾ ਹੈ। ਉਹਨਾਂ ਦੀ ਕਵਿਤਾ ਵਿੱਚ ਨਿੱਜ ਦਾ ਰੰਗ ਪ੍ਰਧਾਨ ਹੈ। ਨਵੀਨ ਛੰਦਾਂ ਅਤੇ ਬਿੰਬਾਂ ਦੀ ਵਰਤੋਂ ਉਸ ਦੀ ਕਵਿਤਾ ਦਾ ਵਿਸ਼ੇਸ਼ ਹਾਸਿਲ ਹੈ। ਪ੍ਰੋ. ਮੋਹਨ ਸਿੰਘ ਦਾ ਜਨਮ 20 ਅਕਤੂਬਰ 1905 ਨੂੰ ਮਰਦਾਨ(ਪਾਕਿਸਤਾਨ) ਵਿਖੇ ਹੋਇਆ। ਆਪ ਦੇ ਪਿਤਾ ਸਰਦਾਰ ਜੋਧ ਸਿੰਘ ਤੇ ਮਾਤਾ ਦਾ ਨਾਂ ਭਾਗਵੰਤੀ ਸੀ ।ਮੁੱਢਲੀ ਵਿੱਦਿਆ ਧਮਿਆਲ, ਮੈਟ੍ਰਿਕ ਰਾਵਲਪਿੰਡੀ ਤੋਂ ਪਾਸ ਕੀਤੀ ਅਤੇ ਓਰੀਐਂਟਲ ਕਾਲਜ ਲਾਹੌਰ ਤੋ ਮੁੰਸ਼ੀ ਫਾਜ਼ਿਲ ਦੀ ਪੜ੍ਹਾਈ ਕੀਤੀ। 1923 ਵਿੱਚ ਬਸੰਤ ਨਾਂ ਦੀ ਮੁਟਿਆਰ ਨਾਲ ਸ਼ਾਦੀ ਹੋਈ, ਜਿਸ ਦੀ 1927 ਵਿੱਚ ਮੌਤ ਹੋ ਗਈ। ਇਸ ਘਟਨਾ ਨੇ ਪ੍ਰੋ. ਮੋਹਨ ਸਿੰਘ ਨੂੰ ਝੰਜੋੜ ਕੇ ਰੱਖ ਦਿੱਤਾ। ਜੇਕਰ ਇਸ ਘਟਨਾਂ ਨੂੰ ਪ੍ਰੋ. ਮੋਹਨ ਸਿੰਘ ਦੀ ਕਾਵਿਕ ਯਾਤਰਾ ਦਾ ਅਹਿਮ ਬਿੰਦੂ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਪ੍ਰੋ. ਮੋਹਨ ਸਿੰਘ ਨੇ ਐਮ.ਏ. ਫ਼ਾਰਸੀ ਅਤੇ ਐਮ. ਓ. ਐੱਲ. ਦੀ ਡਿਗਰੀ ਹਾਸਿਲ ਕੀਤੀ। ਪ੍ਰੋ. ਮੋਹਨ ਸਿੰਘ ਨੇ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਅਧਿਆਪਨ ਦਾ ਕਾਰਜ ਨਿਭਾਇਆ। 3 ਮਈ 1979 ਨੂੰ ਲੁਧਿਆਣਾ ਵਿਖੇ ਆਪ ਦਾ ਦੇਹਾਂਤ ਹੋ ਗਿਆ।

ਪ੍ਰੋ. ਮੋਹਨ ਸਿੰਘ ਨੇ ਮਹਾਂਕਾਵਿ 'ਨਨਕਾਇਣ' ਤੋਂ ਇਲਾਵਾ 'ਏਸ਼ੀਆ ਦਾ ਚਾਨਣ' (ਅਨੁਵਾਦਤ ਰਚਨਾ) ਦੀ ਸਿਰਜਨਾ ਕੀਤੀ। 'ਕਸੁੰਭੜਾ', 'ਅੱਧਵਾਟੇ', 'ਕੱਚ ਸੱਚ', 'ਆਵਾਜ਼ਾਂ', 'ਵੱਡਾ ਵੇਲਾ' , 'ਜੈਮੀਰ', 'ਜੰਦਰੇ', 'ਬੂਹੇ' ਆਦਿ ਉਹਨਾਂ ਦੇ ਮਹੱਤਵਪੂਰਨ ਕਾਵਿ ਸੰਗ੍ਰਹਿ ਹਨ। 'ਵੱਡਾ ਵੇਲਾ' ਭਾਰਤੀ ਸਾਹਿਤ ਅਕਾਦਮੀ ਪੁਰਸਕ੍ਰਿਤ ਪੁਸਤਕ ਹੈ। ਪ੍ਰੋ. ਮੋਹਨ ਸਿੰਘ ਦੀ ਕਵਿਤਾ ਵਿਭਿੰਨ ਪੜਾਵਾਂ 'ਚ ਵਿਕਾਸ ਕਰਦੀ ਹੈ। ਉਸ ਦੀ ਕਵਿਤਾ ਵਿੱਚ ਸੰਚਾਰ, ਰਿਦਮ ਅਤੇ ਪ੍ਰਗੀਤਕਤਾ ਦੇ ਲੱਛਣ ਵਿਸ਼ੇਸ਼ ਮਹੱਤਵ ਦੇ ਧਾਰਨੀ ਹਨ। ਉਸ ਦੀ ਕਵਿਤਾ ਵਿੱਚੋਂ ਕੁਝ ਕਵਿਤਾਵਾਂ ਨੂੰ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰਨ ਲਈ ਪੇਸ਼ ਕੀਤਾ ਜਾ ਰਿਹਾ ਹੈ।

## ਮਾਂ

ਮਾਂ ਵਰਗਾ ਘਣ-ਛਾਂਵਾਂ ਬੂਟਾ,
ਮੈਨੂੰ ਨਜ਼ਰ ਨਾ ਆਏ।
ਲੈ ਕੇ ਜਿਸ ਤੋਂ ਛਾਂ ਉਧਾਰੀ,
ਰੱਬ ਨੇ ਸੁਰਗ ਬਣਾਏ।
ਬਾਕੀ ਕੁੱਲ ਦੁਨੀਆਂ ਦੇ ਬੂਟੇ,
ਜੜ੍ਹ ਸੁੱਕਿਆਂ ਮੁਰਝਾਂਦੇ,
ਐਪਰ ਫੁੱਲਾਂ ਦੇ ਮੁਰਝਾਇਆਂ,
ਇਹ ਬੂਟਾ ਸੁਕ ਜਾਏ।

(ਘਣ-ਛਾਵਾਂ: ਸੰਘਣਾ, ਮੁਰਝਾਂਦੇ: ਕੁਮਲਾਂਦੇ)

## ਹਾਲੀ ਦਾ ਗੀਤ

ਬੱਲੇ ਬੱਲੇ ਬੱਗਿਆ ਸ਼ੇਰਾ,
ਅਸ਼ਕੇ ਅਸ਼ਕੇ ਵਗਣਾ ਤੇਰਾ।
ਤੂੰ ਚਲਦਾ ਤੇ ਦੁਨੀਆਂ ਚਲਦੀ,
ਤੂੰ ਖਲ੍ਹਦਾ ਤੇ ਦੁਨੀਆਂ ਖਲ੍ਹਦੀ।
ਤੇਰੇ ਵਰਗਾ ਕਿਹੜਾ ਬਲੀ,
ਸਿੰਙ ਉੱਤੇ ਜਿਸ ਦੁਨੀਆਂ ਝੱਲੀ।
ਤਤਾ ਤਤਾ ਤਤਾ ਤਤਾ..........

ਝੁੱਲ ਤੇਰੀ ਨੂੰ ਲੱਗੇ ਛੱਬੇ,
ਗਲ ਤੇਰੇ ਵਿੱਚ ਗਾਨੀ ਫੱਬੇ।
ਤੇਰੇ ਜੰਗ, ਹਮੇਲਾਂ, ਟੱਲੀਆਂ,
ਮੈ ਗਾਵਾਂ ਇਹ ਮਾਰਨ ਤਲੀਆਂ।
ਤਤਾ ਤਤਾ ਤਤਾ ਤਤਾ..........

ਵਹੁਟੀ ਮੇਰੀ ਸਜ ਵਿਆਹੀ,
ਕਿੰਨਾ ਸਾਰਾ ਦਾਜ ਲਿਆਈ।
ਵਿੱਚ ਲਿਆਈ ਚੀਰਾ ਮੇਰਾ,
ਨਾਲੇ ਇੱਕ ਮਖੇਰਨਾ ਤੇਰਾ।
ਤਤਾ ਤਤਾ ਤਤਾ ਤਤਾ..........
ਇਹ ਮਖੇਰਨਾ ਭਾਗਾਂ ਭਰਿਆ,
ਮੇਰੀ ਸੱਜ ਵਿਆਹੀ ਜੜ੍ਹਿਆ।
ਫੁੰਮਣਾਂ ਅਤੇ ਜ਼ੰਜੀਰਾਂ ਨਾਲ,
ਘੋਗਿਆਂ ਤੇ ਤਸਵੀਰਾਂ ਨਾਲ।
ਤਤਾ ਤਤਾ ਤਤਾ ਤਤਾ..........

ਮੱਥੇ ਤੇਰੇ ਮਖੇਰਨਾ ਪਾ ਕੇ ,
ਨਾਲ ਝਾਂਜਰਾ ਪੈਰ ਸਜਾ ਕੇ,
ਲੱਕ ਆਪਣੇ ਚਾਦਰ ਖੜਕਾ ਕੇ,
ਡੱਬਾਂ ਵਿੱਚ ਰੁਪਈਏ ਪਾ ਕੇ,
ਬਣ ਜਾਵਾਂਗੇ ਦੋਵੇਂ ਛੇਲੇਂ,

ਫੇਰ ਚਲਾਂਗੇ ਆਪਾਂ ਮੇਲੇ

ਤਤਾ ਤਤਾ ਤਤਾ ਤਤਾ..........

(ਜੰਗ, ਹਮੇਲਾਂ, ਟੱਲੀਆਂ: ਬਲਦ ਨੂੰ ਸਜਾਉਣ ਦਾ ਸਮਾਨ, ਮਖੇਰਨਾ: ਬਲਦ ਦੇ ਮੱਥੇ ਦਾ ਸ਼ਿੰਗਾਰ, ਛੱਬੇ: ਗੁੱਛੇ,ਫੱਬੇ: ਸਜੇ/ਸੋਹਣਾ ਲੱਗੇ, ਚੀਰਾ: ਲਾਲ ਸੂਹੇ ਰੰਗ ਦੀ ਪੱਗ, ਭਾਗਾਂ ਭਰਿਆ: ਕਿਸਮਤ ਵਾਲਾ)

## ਗੁਰੂ ਨਾਨਕ ਨੂੰ

ਆ ਬਾਬਾ ਤੇਰਾ ਵਤਨ ਹੈ ਵੀਰਾਨ ਹੋ ਗਿਆ,
ਰਬ ਦੇ ਘਰ ਦਾ ਰਾਖਾ ਮੁੜ ਸ਼ੈਤਾਨ ਹੋ ਗਿਆ।

'ਕਲਯੁਗ ਹੈ ਰੱਥ ਅਗਨ ਦਾ', ਤੂੰ ਆਪ ਆਖਿਆ,
ਮੁੜ ਕੂੜ ਓਸ ਰੱਥ ਦਾ, ਰਥਵਾਨ ਹੋ ਗਿਆ।

ਜੋ ਖ਼ਾਬ ਸੀ ਤੂੰ ਵੇਖਿਆ ਵਣ ਥੱਲੇ ਸੁੱਤਿਆਂ,
ਸੋਹਣਾ ਉਹ ਤੇਰਾ ਖ਼ਾਬ ਪਰੇਸ਼ਾਨ ਹੋ ਗਿਆ।

ਉਹ ਮੱਚੇ ਤੇਰੇ ਦੇਸ਼ ਦੀ ਹਿੱਕ ਤੇ ਉਲੰਬੜੇ,
ਪੰਜ-ਪਾਣੀਆਂ ਦਾ ਪਾਣੀ ਵੀ ਹੈਰਾਨ ਹੋ ਗਿਆ।

ਉਹ ਝੁਲੀਆਂ ਤੇਰੇ ਦੇਸ਼ ਤੇ ਮਾਰੂ ਹਨੇਰੀਆਂ,
ਉਡ ਕੇ ਅਸਾਡਾ ਆਹਲਣਾ ਕੱਖ ਕਾਨ ਹੋ ਗਿਆ।

ਜੁੱਗਾਂ ਦੀ ਸਾਂਝੀ ਸੱਭਿਤਾ ਪੈਰੀਂ ਲਿਤੜ ਗਈ,
ਸਦੀਆਂ ਦੇ ਸਾਂਝੇ ਖ਼ੂਨ ਦਾ ਵੀ ਨ੍ਹਾਣ ਹੋ ਗਿਆ।

ਵੰਡ ਬੈਠੇ ਤੇਰੇ ਪੁੱਤ ਨੇ ਸਾਂਝੇ ਸਵਰਗ ਨੂੰ,
ਵੰਡਿਆ ਸਵਰਗ ਨਰਕ ਦਾ ਸਮਿਆਨ ਹੋ ਗਿਆ।

ਓਧਰ ਧਰਮ-ਗ੍ਰੰਥਾਂ ਤੇ ਮੰਦਰਾਂ ਦਾ ਜਸ ਗਿਆ,
ਏਧਰ ਮਸੀਤੋਂ ਬਾਹਰ ਹੈ ਕੁਰਆਨ ਹੋ ਗਿਆ।

ਹਿੰਦਵਾਣੀਆਂ, ਤੁਰਕਾਣੀਆਂ ਦੋਹਾਂ ਦੀ ਪਤ ਗਈ,
ਬੁਰਕੇ ਸੰਧੂਰ ਦੋਹਾਂ ਦਾ ਅਪਮਾਨ ਹੋ ਗਿਆ।

ਇਕ ਪਾਸੇ ਪਾਕ, ਪਾਕੀ, ਪਾਕਿਸਤਾਨ ਹੋ ਗਿਆ,
ਇਕ ਪਾਸੇ ਹਿੰਦੂ, ਹਿੰਦੀ, ਹਿੰਦੁਸਤਾਨ ਹੋ ਗਿਆ।

ਇਕ ਸੱਜੀ ਤੇਰੀ ਅੱਖ ਸੀ, ਇੱਕ ਖੱਬੀ ਤੇਰੀ ਅੱਖ,
ਦੋਹਾਂ ਅੱਖਾਂ ਦਾ ਹਾਲ ਤੇ ਨੁਕਸਾਨ ਹੋ ਗਿਆ।

ਕੁਝ ਐਸਾ ਕੁਫ਼ਰ ਤੋਲਿਆ ਈਮਾਨ ਵਾਲਿਆਂ,
ਕਿ ਕੁਫ਼ਰ ਤੋਂ ਵੀ ਹੌਲਾ ਹੈ ਈਮਾਨ ਹੋ ਗਿਆ।

ਮੁੜ ਮੈਦੇ ਬਾਸਮਤੀਆਂ ਦਾ ਆਦਰ ਹੈ ਵਧਿਆ,
ਮੁੜ ਕੋਧਰੇ ਦੀ ਰੋਟੀ ਦਾ ਅਪਮਾਨ ਹੋ ਗਿਆ।

ਮੁੜ ਭਾਗੋਆਂ ਦੀ ਚਾਦਰੀਂ ਛਿੱਟੇ ਨੇ ਖ਼ੂਨ ਦੇ,
ਮੁੜ ਲਾਲੋਆਂ ਦੇ ਖ਼ੂਨ ਦਾ ਨੁਚੜਾਨ ਹੋ ਗਿਆ।

ਫਿਰ ਉੱਚਿਆਂ ਦੇ ਮਹਿਲਾਂ ਤੇ ਸੋਨਾ ਮੜ੍ਹੀ ਰਿਹਾ,
ਫਿਰ ਨੀਵਿਆਂ ਦੀ ਕੁੱਲੀ ਦਾ ਵੀ ਵਾਹਣ ਹੋ ਗਿਆ।

'ਉਸ ਸੂਰ ਓਸ ਗਾਇ', ਦਾ ਹਕ ਨਾਹਰਾ ਲਾਇਆ ਤੂੰ,
ਇਹ ਹੱਕ ਪਰ ਨਿਹੱਕ ਤੋਂ ਕੁਰਬਾਨ ਹੋ ਗਿਆ।

ਮੁੜ ਗਾਉਣੇ ਪਏ ਨੇ ਮੈਨੂੰ ਸੋਹਲੇ ਖ਼ੂਨ ਦੇ,
ਪਾ ਪਾ ਕੇ ਕੁੰਗੂ ਰੱਤ ਦਾ ਰਤਲਾਣ ਹੋ ਗਿਆ।

ਤੂੰ ਰੱਬ ਨੂੰ ਵੰਗਾਰਿਆ, ਤੈਨੂੰ ਵੰਗਾਰਾਂ ਮੈਂ,
'ਆਇਆ ਨਾ ਤੈਂ ਕੀ ਦਰਦ ਏਨਾ ਘਾਣ ਹੋ ਗਿਆ ?'

(**ਉਲੰਬੜੇ: ਅੱਗਾਂ, ਖ਼ੂਨ ਦਾ ਨ੍ਹਾਣ: ਆਪਣਾ ਵੀ ਆਪਣਾ ਨਾ ਰਿਹਾ, ਕੁਫ਼ਰ ਤੋਲਿਆ: ਝੂਠ ਬੋਲਿਆ, ਕੁੱਲੀ: ਝੌਂਪੜੀ**)

## ਅਭਿਆਸ-ਪ੍ਰਸ਼ਨ

1. ਹੇਠ ਲਿਖੇ ਕਾਵਿ ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਮਾਂ ਵਰਗਾ ਘਣ-ਛਾਂਵਾਂ ਬੂਟਾ,
ਮੈਨੂੰ ਨਜ਼ਰ ਨਾ ਆਏ।
ਲੈ ਕੇ ਜਿਸ ਤੋ ਛਾਂ ਉਧਾਰੀ,
ਰੱਬ ਨੇ ਸੁਰਗ ਬਣਾਏ।
ਬਾਕੀ ਕੁੱਲ ਦੁਨੀਆਂ ਦੇ ਬੂਟੇ,
ਜੜ੍ਹ ਸੁੱਕਿਆਂ ਮੁਰਝਾਂਦੇ,
ਐਪਰ ਫੁੱਲਾਂ ਦੇ ਮੁਰਝਾਇਆਂ,
ਇਹ ਬੂਟਾ ਸੁਕ ਜਾਏ।

(ਅ) ਮੱਥੇ ਤੇਰੇ ਮਖੇਰਨਾ ਪਾ ਕੇ ,
ਨਾਲ ਝਾਂਜਰਾ ਪੈਰ ਸਜਾ ਕੇ,
ਲੱਕ ਆਪਣੇ ਚਾਦਰ ਖੜਕਾ ਕੇ,
ਡੱਬਾਂ ਵਿੱਚ ਰੁਪਈਏ ਪਾ ਕੇ,
ਬਣ ਜਾਵਾਂਗੇ ਦੋਵੇਂ ਛੇਲੇਂ,
ਫੇਰ ਚਲਾਂਗੇ ਆਪਾਂ ਮੇਲੇ
ਤਤਾ ਤਤਾ ਤਤਾ ਤਤਾ..........

(ੲ) ਉਹ ਝੁਲੀਆਂ ਤੇਰੇ ਦੇਸ਼ ਤੇ ਮਾਰੂ ਹਨੇਰੀਆਂ,
ਉਡ ਕੇ ਅਸਾਡਾ ਆਹਲਣਾ ਕੱਖ ਕਾਨ ਹੋ ਗਿਆ।

ਜੁੱਗਾਂ ਦੀ ਸਾਂਝੀ ਸੱਭਿਤਾ ਪੈਰੀਂ ਲਿਤੜ ਗਈ,

ਸਦੀਆਂ ਦੇ ਸਾਂਝੇ ਖ਼ੂਨ ਦਾ ਵੀ ਨ੍ਹਾਣ ਹੋ ਗਿਆ।

2. 'ਮਾਂ' ਕਵਿਤਾ ਦਾ ਕੇਂਦਰੀ ਭਾਵ ਲਿਖੋ।

3. 'ਗੁਰੂ ਨਾਨਕ ਨੂੰ' ਕਵਿਤਾ ਦਾ ਸਾਰ ਲਿਖੋ।

4. 'ਹਾਲੀ ਦਾ ਗੀਤ' ਕਵਿਤਾ ਅਨੁਸਾਰ ਵਹੁਟੀ ਦਾਜ ਵਿੱਚ ਕੀ ਕੁਝ ਲਿਆਈ ਹੈ ? ਬਿਆਨ ਕਰੋ।

5. 'ਗੁਰੂ ਨਾਨਕ ਨੂੰ' ਕਵਿਤਾ ਵਿੱਚ ਕਵੀ ਕਿਹੜੇ ਦੋ ਦੇਸ਼ ਬਣਨ ਦਾ ਜ਼ਿਕਰ ਕਰਦਾ ਹੈ ?

# ਅੰਮ੍ਰਿਤਾ ਪ੍ਰੀਤਮ

ਅੰਮ੍ਰਿਤਾ ਪ੍ਰੀਤਮ ਆਧੁਨਿਕ ਪੰਜਾਬੀ ਕਵਿਤਾ ਦੇ ਦੂਸਰੇ ਪੜਾਅ ਦੀ ਮਹਾਨ ਸ਼ਾਇਰਾ ਹੈ। ਉਸਨੇ ਆਧੁਨਿਕ ਪੰਜਾਬੀ ਕਵਿਤਾ ਵਿੱਚ ਰੁਮਾਂਸ ਤੇ ਸਮਾਜਵਾਦ ਤੋਂ ਚੱਲ ਕੇ ਆਧੁਨਿਕ ਯੁੱਗ ਬੋਧ ਨੂੰ ਸਾਕਾਰ ਕਰਨ ਵਾਲੀ ਕਵਿਤਾ ਦੀ ਸਿਰਜਨਾ ਕੀਤੀ। ਸਾਹਿਤਕ ਤੇ ਵਿਚਾਰਧਾਰਕ ਪੱਖੋਂ ਉਸ ਦੀ ਕਵਿਤਾ ਉਚੇਚੇ ਧਿਆਨ ਦੀ ਮੰਗ ਕਰਦੀ ਹੈ।

ਇਸ ਮਹਾਨ ਸ਼ਾਇਰਾ ਦਾ ਜਨਮ 31 ਅਗਸਤ 1919 ਨੂੰ ਗੁਜਰਾਂਵਾਲਾ (ਪਾਕਿਸਤਾਨ) ਵਿਖੇ ਹੋਇਆ। ਅੰਮ੍ਰਿਤਾ ਪ੍ਰੀਤਮ ਦੇ ਪਿਤਾ ਦਾ ਨਾਂ ਗਿਆਨੀ ਕਰਤਾਰ ਸਿੰਘ ਹਿਤਕਾਰੀ ਤੇ ਮਾਤਾ ਦਾ ਨਾਂ ਰਾਜ ਕੌਰ ਸੀ। ਅੰਮ੍ਰਿਤਾ ਪ੍ਰੀਤਮ ਨੇ ਮੈਟ੍ਰਿਕ ਦੀ ਪੜ੍ਹਾਈ ਤੋਂ ਬਾਅਦ ਗਿਆਨੀ ਪਾਸ ਕੀਤੀ। ਉਸ ਨੂੰ ਕਾਵਿ ਸਿਰਜਣਾ ਦੀ ਪ੍ਰੇਰਣਾ ਆਪਣੇ ਬਾਪ ਤੋਂ ਹੀ ਹਸਿਲ ਹੋਈ। ਚਾਰ ਸਾਲ ਦੀ ਉਮਰ ਵਿੱਚ ਹੀ ਪੁਰਾਣੀ ਰੀਤ ਅਨੁਸਾਰ ਅੰਮ੍ਰਿਤਾ ਪ੍ਰੀਤਮ ਦੀ ਮੰਗਣੀ ਪ੍ਰੀਤਮ ਸਿੰਘ ਨਾਲ ਕਰ ਦਿੱਤੀ ਤੇ 1939 ਵਿੱਚ ਉਸ ਦਾ ਵਿਆਹ ਵੀ ਕਰ ਦਿੱਤਾ। ਪਤੀ ਦਾ ਨਾਂ ਪ੍ਰੀਤਮ ਸਿੰਘ ਹੋਣ ਕਰਕੇ ਉਸ ਨੇ ਆਪਣੇ ਨਾਂ ਨਾਲ ਅੰਮ੍ਰਿਤਾ ਤੋਂ ਬਾਅਦ ਪ੍ਰੀਤਮ ਸ਼ਬਦ ਜੋੜ ਲਿਆ। ਉਹ ਇਸ ਨਾਂ ਨਾਲ ਹੀ ਪ੍ਰਸਿੱਧ ਹੋਈ। ਉਸ ਨੇ ਦੇਸ਼-ਵੰਡ ਤੋਂ ਬਾਅਦ ਦੇਹਰਾਦੂਨ ਤੇ ਦਿੱਲੀ ਵਿਖੇ ਆਲ ਇੰਡੀਆ ਰੇਡੀਓ ਸਟੇਸ਼ਨ ’ਤੇ ਪੰਜਾਬੀ ਅਨਾਉਂਸਰ ਵਜੋਂ ਕਾਰਜ ਕੀਤਾ। ਉਸ ਨੇ ‘ਨਾਗਮਣੀ’ ਰਸਾਲੇ ਦਾ ਸੰਪਾਦਨ ਵੀ ਕੀਤਾ। ਉਹ ਸਰਬਾਂਗੀ ਲੇਖਿਕਾ ਸੀ । ਨਾਵਲ, ਕਹਾਣੀ, ਕਵਿਤਾ ਤੇ ਵਾਰਤਕ ਆਦਿ ਵਿਧਾਵਾਂ ’ਤੇ ਉਸ ਨੂੰ ਇੱਕੋ ਜਿਹੀ ਮੁਹਾਰਤ ਹਾਸਿਲ ਸੀ।

‘ਰਸੀਦੀ ਟਿਕਟ’ ਉਸ ਦੀ ਸਵੈ-ਜੀਵਨੀ ਹੈ। ਉਸ ਦੀ ਸਾਹਿਤਕ ਪ੍ਰਤਿਭਾ ਕਰਕੇ ਉਸ ਨੂੰ ਅਨੇਕਾਂ ਇਨਾਮ ਸਨਮਾਨ ਪ੍ਰਾਪਤ ਹੋਏ। ‘ਸੁਨੇਹੜੇ’ ਕਾਵਿ ਪੁਸਤਕ ’ਤੇ ਉਸ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਇਨਾਮ ਮਿਲਿਆ। ਪੰਜਾਬ ਸਰਕਾਰ ਵੱਲੋ ਸ਼੍ਰੋਮਣੀ ਸਾਹਿਤਕਾਰ, ਦਿੱਲੀ ਯੂਨੀਵਰਸਿਟੀ ਵੱਲੋਂ ਡੀ. ਲਿੱਟ ਦੀ ਡਿਗਰੀ, ਰਾਜ ਸਭਾ ਦੀ ਮੈਂਬਰ, ਗਿਆਨ ਪੀਠ ਵਰਗੇ ਉੱਚਤਮ ਐਵਾਰਡ ਉਹ ਹਾਸਿਲ ਕਰ ਚੁੱਕੀ ਸੀ। 2005 ਵਿੱਚ ਉਹ ਇਸ ਦੁਨੀਆਂ ਤੋਂ ਵਿਦਾ ਹੋ ਗਈ।

‘ਅੰਮ੍ਰਿਤ ਲਹਿਰਾਂ’, ‘ਜਿਉਂਦਾ ਜੀਵਨ’, ‘ਤ੍ਰੇਲ ਧੋਤੇ ਫੁੱਲ’, ‘ਲੰਮੀਆਂ ਵਾਟਾਂ’, ‘ਮੈਂ ਤਵਾਰੀਖ ਹਾਂ ਹਿੰਦ ਦੀ’, ‘ਸਰਘੀ ਵੇਲਾ’, ‘ਓ ਗੀਤਾਂ ਵਾਲਿਓ’, ‘ਬੱਦਲਾਂ ਦੇ ਪੱਲੇ ਵਿੱਚ’, ‘ਸੁਨੇਹੜੇ’, ‘ਅਸ਼ੋਕਾ ਚੇਤੀ’, ‘ਕਸਤੂਰੀ’, ‘ਨਾਗਮਣੀ’, ‘ਕਾਗਜ਼ ਤੇ ਕੈਨਵਸ’ ਆਦਿ ਉਸ ਦੇ ਕਾਵਿ ਸੰਗ੍ਰਹਿ ਹਨ। ਉਸ ਨੇ ਆਪਣੀ ਕਵਿਤਾ ਵਿੱਚ ਨਾਰੀ ਸਮੱਸਿਆਵਾਂ/ਹੋਣੀ ਨੂੰ ਵਿਸ਼ੇਸ਼ ਰੂਪ ਵਿੱਚ ਉਭਾਰਨ ਦਾ ਯਤਨ ਕੀਤਾ। ਸਮਾਜਕ ਕਾਣੀ ਵੰਡ ਉੱਤੇ ਤਿੱਖਾ ਵਿਅੰਗ ਕਰਨਾ ਉਸ ਦੀ ਕਾਵਿ -ਕਲਾ ਦਾ ਵਿਸ਼ੇਸ਼ ਲੱਛਣ ਕਿਹਾ ਜਾ ਸਕਦਾ ਹੈ। ਇੱਥੇ ਕੁਝ ਕਾਵਿ ਰਚਨਾਵਾਂ ਨੂੰ ਉਦਾਹਰਨ ਵਜੋਂ ਪੇਸ਼ ਕੀਤਾ ਜਾ ਰਿਹਾ ਹੈ।

## ਅੱਜ ਆਖਾਂ ਵਾਰਿਸ ਸ਼ਾਹ ਨੂੰ

ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿੱਚੋਂ ਬੋਲ !
ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।
ਇੱਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ,
ਅੱਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਿਸ ਸ਼ਾਹ ਨੂੰ ਕਹਿਣ:
ਉਠ ਦਰਦਮੰਦਾਂ ਦਿਆਂ ਦਰਦੀਆ ਉੱਠ ਤੱਕ ਆਪਣਾ ਪੰਜਾਬ
ਅਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ।
ਕਿਸੇ ਨੇ ਪੰਜਾਂ ਪਾਣੀਆਂ ਵਿੱਚ ਦਿੱਤੀ ਜ਼ਹਿਰ ਰਲਾ,
ਤੇ ਉਨ੍ਹਾਂ ਪਾਣੀਆਂ ਧਰਤ ਨੂੰ ਦਿੱਤਾ ਪਾਣੀ ਲਾ।
ਇਸ ਜ਼ਰਖ਼ੇਜ਼ ਜ਼ਮੀਨ ਦੇ ਲੂੰ ਲੂੰ ਫੁੱਟਿਆ ਜ਼ਹਿਰ,
ਗਿੱਠ ਗਿੱਠ ਚੜ੍ਹੀਆਂ ਲਾਲੀਆਂ ਫੁਟ ਫੁਟ ਚੜ੍ਹਿਆ ਕਹਿਰ
ਵਿਹੁ ਵਿਲਿੱਸੀ ਵਾ ਫਿਰ ਵਣ-ਵਣ ਵੱਗੀ ਜਾ
ਉਹਨੇ ਹਰ ਇੱਕ ਵਾਂਸ ਦੀ ਵੰਝਲੀ ਦਿੱਤੀ ਨਾਗ ਬਣਾ।
ਪਹਿਲਾ ਡੰਗ ਮਦਾਰੀਆਂ ਮੰਤਰ ਗਏ ਗੁਆਚ।
ਦੂਜੇ ਡੰਗ ਦੀ ਲੱਗ ਗਈ ਜਣੇ-ਖਣੇ ਨੂੰ ਲਾਗ।
ਨਾਗਾਂ ਕੀਲੇ ਲੋਕ ਮੂੰਹ ਬਸ ਫਿਰ ਡੰਗ ਹੀ ਡੰਗ,
ਪਲੋ ਪਲੀ ਪੰਜਾਬ ਦੇ ਨੀਲੇ ਪੈ ਗਏ ਅੰਗ।
ਗਲੀਉਂ ਟੁੱਟੇ ਗੀਤ ਫਿਰ ਤੱਕਲਿਉਂ ਟੁੱਟੀ ਤੰਦ,
ਤ੍ਰਿੰਞਣੋਂ ਟੁੱਟੀਆਂ ਸਹੇਲੀਆਂ ਚਰਖੜੇ ਘੂਕਰ ਬੰਦ।
ਸਣੇ ਸੇਜ ਦੇ ਬੇੜੀਆਂ ਲੁੱਡਣ ਦਿੱਤੀਆਂ ਰੋੜ੍ਹ,
ਸਣੇ ਡਾਲੀਆਂ ਪੀਂਘ ਅੱਜ ਪਿੱਪਲਾਂ ਦਿੱਤੀ ਤੋੜ।
ਜਿੱਥੇ ਵੱਜਦੀ ਸੀ ਫੂਕ ਪਿਆਰ ਦੀ ਉਹ ਵੰਝਲੀ ਗਈ ਗੁਆਚ,

ਰਾਂਝੇ ਦੇ ਸਭ ਵੀਰ ਅੱਜ  ਭੁੱਲ ਗਏ ਉਹਦੀ ਜਾਚ।

ਧਰਤੀ ’ਤੇ ਲਹੂ ਵਸਿਆ ਕਬਰਾਂ ਪਈਆਂ ਚੋਣ,

ਪ੍ਰੀਤ ਦੀਆਂ ਸ਼ਹਿਜ਼ਾਦੀਆਂ ਅੱਜ ਵਿੱਚ ਮਜ਼ਾਰਾਂ ਰੋਣ।

ਅੱਜ ਸੱਭੇ ਕੈਦੋ ਬਣ ਗਏ ਹੁਸਨ ਇਸ਼ਕ ਦੇ ਚੋਰ,

ਅੱਜ ਕਿੱਥੋਂ ਲਿਆਈਏ ਲੱਭ ਕੇ ਵਾਰਿਸ ਸ਼ਾਹ ਇੱਕ ਹੋਰ।

ਅੱਜ ਆਖਾਂ ਵਾਰਸ ਸ਼ਾਹ ਨੂੰ ਕਿਤੋਂ ਕਬਰਾਂ ਵਿੱਚੋਂ ਬੋਲ !

ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।

(**ਕਿਤਾਬੇ ਇਸ਼ਕ: ਇਸ਼ਕ ਦੀ ਕਿਤਾਬ/ਕਿੱਸਾ ਹੀਰ, ਜ਼ਰਖ਼ੇਜ ਜ਼ਮੀਨ: ਉਪਜਾਊ ਧਰਤੀ, ਵਿਹੁ–ਵਲਿੱਸੀ: ਜ਼ਹਿਰ ਲਿਬੜੀ, ਮਜ਼ਾਰਾਂ: ਪੀਰਾਂ ਦੀਆਂ ਥਾਵਾਂ**)

## ਚਾਨਣ ਦੀ ਫੁਲਕਾਰੀ

ਚਾਨਣ ਦੀ ਫੁਲਕਾਰੀ ਤੋਪਾ ਕੌਣ ਭਰੇ !

ਅੰਬਰ ਦਾ ਇਕ ਆਲਾ ਸੂਰਜ ਬਾਲ ਦਿਆਂ

ਮਨ ਦੀ ਉੱਚੀ ਮਮਟੀ ਦੀਵਾ ਕੌਣ ਧਰੇ !

ਅੰਬਰ–ਗੰਗਾ ਹੁੰਦੀ ਗਾਗਰ ਭਰ ਦੇਂਦੀ

ਦਰਦਾਂ ਦਾ ਦਰਿਆਉ ਕਿਹੜਾ ਘੁੱਟ ਭਰੇ !

ਇਹ ਜੁ ਸਾਨੂੰ ਅੱਗ ਉਧਾਰੀ ਦੇ ਚਲਿਉਂ

ਦਿਲ ਦੀ ਬੁੱਕਲ ਬਲਦੀ ਚਿਣਗਾਂ ਕੌਣ ਜਰੇ !

ਆਪਣੇ ਵੱਲੋਂ ਸਾਰੀ ਬਾਤ ਮਕਾ ਬੈਠੇ
ਹਾਲੇ ਵੀ ਇਕ ਹਉਕਾ ਤੇਰੀ ਗੱਲ ਕਰੇ !

ਚਾਨਣ ਦੀ ਫੁਲਕਾਰੀ ਤੋਪਾ ਕੌਣ ਭਰੇ !

**(ਮਮਟੀ: ਮਕਾਨ ਦੀ ਛੱਤ 'ਤੇ ਉੱਚੀ ਕੰਧ ਜਾਂ ਕੰਧੋਲੀ, ਗਾਗਰ: ਚਾਂਦੀ ਜਾਂ ਲੋਹੇ ਦੀ ਮਟਕੀ)**

## ਤਮਗ਼ੇ

ਬਹਾਦੁਰ ਲੋਕ ਮੇਰੇ ਦੇਸ਼ ਦੇ
ਬਹਾਦੁਰ ਲੋਕ ਤੇਰੇ ਦੇਸ਼ ਦੇ

ਇਹ ਸਾਰੇ ਮਰਨ ਮਾਰਨ ਜਾਣਦੇ
ਸਿਰਾਂ ਨੂੰ ਵਾਰਨ ਜਾਣਦੇ
ਸਿਰਫ ਇਹ ਗੱਲ ਵੱਖਰੀ ਹੈ
ਕਿ ਸਿਰ ਕਦੇ ਆਪਣਾ ਨਹੀਂ ਹੁੰਦਾ।

ਇਨਸਾਨ ਦੀ ਇਕ ਲਾਸ਼ ਹੁੰਦੀ ਹੈ
ਪਰ ਖ਼ੁਦਾ ਦੀ ਲਾਸ਼ ਨਹੀਂ ਹੁੰਦੀ
ਤੇ ਜਦੋਂ ਵੀ ਇਨਸਾਨ ਵਿਚਲੇ
ਰੱਬ ਦਾ ਟੁਕੜਾ ਮਰੇ
ਉਸ ਦੀ ਕਦੇ ਬਦਬੂ ਨਹੀਂ ਆਉਂਦੀ।
ਮਹਿਬੂਬ ਕਿਸੇ ਦਾ ਕੋਈ ਨਹੀਂ

ਬਿਲਕੁਲ ਰਕੀਬ ਦਾ ਖ਼ਤਰਾ ਨਹੀਂ
ਤੇ ਨਾ ਹੀ ਖ਼ਤਰਾ ਕਿਸੇ ਦਰਦ ਦਾ।

ਸਿਰਫ਼ ਜਿਹੜੀ ਲੀਕ ਵੱਡੀ ਹੈ
ਉਹ ਇਹ ਦਾ ਅਪਮਾਨ ਕਰਦੀ ਹੈ
ਇਹ ਲੀ ਮੇਟਦੇ, ਕਿ ਲੀਕ ਜੋ
ਸਰਬੱਤ ਦੇ ਮੇਚੇ ਨਹੀਂ ਆਉਂਦੀ।

ਜੋ ਸਾਰੀ ਜਿੱਤ ਵੀ ਨਿਰਵਿਘਨ ਹੈ
ਤੇ ਸਾਰਾ ਜਸ਼ਨ ਵੀ ਨਿਰਵਿਘਨ ਹੈ

ਵਕਤ ਮੁਸਕਰਾ ਰਿਹਾ ਹੈ–
ਤੇ ਇਹਨਾਂ ਦੀ ਛਾਤੀ ਤੇ ਲਾ ਰਿਹਾ ਹੈ
ਨਿਪੁੰਸਕ ਬਹਾਦਰੀ ਦੇ ਕਈ ਤਮਗ਼ੇ.......

**(ਮਹਿਬੂਬਃ ਪਿਆਰਾ, ਰਕੀਬਃ ਵਿਰੋਧੀ, ਨਿਪੁੰਸਕ ਬਹਾਦਰੀਃ ਜੋ ਬਹਾਦਰੀ ਕਿਸੇ ਕੰਮ ਦੀ ਨਹੀਂ, ਸਰਬੱਤਃ ਸਭ ਲਈ)**

## ਅਭਿਆਸ-ਪ੍ਰਸ਼ਨ

1. ਹੇਠ ਲਿਖੇ ਕਾਵਿ ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿੱਚੋਂ ਬੋਲ !
ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।
ਇਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ,
ਅੱਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਿਸ ਸ਼ਾਹ ਨੂੰ ਕਹਿਣ:
ਉਠ ਦਰਦਮੰਦਾਂ ਦਿਆਂ ਦਰਦੀਆ ਉੱਠ ਤੱਕ ਆਪਣਾ ਪੰਜਾਬ,
ਅਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ।

(ਅ) ਇਹ ਸਾਰੇ ਮਰਨ ਮਾਰਨ ਜਾਣਦੇ
ਸਿਰਾਂ ਨੂੰ ਵਾਰਨ ਜਾਣਦੇ
ਸਿਰਫ ਇਹ ਗੱਲ ਵੱਖਰੀ ਹੈ
ਕਿ ਸਿਰ ਕਦੇ ਆਪਣਾ ਨਹੀ ਹੁੰਦਾ।

2. 'ਚਾਨਣ ਦੀ ਫੁਲਕਾਰੀ' ਕਾਵਿ ਰਚਨਾ ਦਾ ਕੇਂਦਰੀ ਭਾਵ ਸਪਸ਼ਟ ਕਰੋ।

3. ਕਵਿੱਤਰੀ ਵਾਰਸ਼ ਸ਼ਾਹ ਨੂੰ ਕਿਉਂ ਯਾਦ ਕਰਦੀ ਹੈ ? ਅਤੇ ਉਸ ਨੂੰ ਕੀ ਕਰਨ ਲਈ ਕਹਿੰਦੀ ਹੈ ?

4. 'ਤਮਗ਼ੇ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

5. 'ਅੱਜ ਆਖਾਂ ਵਾਰਿਸ਼ ਸ਼ਾਹ ਨੂੰ' ਕਵਿਤਾ ਕਿਸ ਇਤਿਹਾਸਿਕ ਘਟਨਾ ਵੱਲ ਸੰਕੇਤ ਕਰਦੀ ਹੈ ?ਬਿਆਨ ਕਰੋ।

# ÇôòÕºîÅðìàÅñòÆ

ਸ਼ਿਵ ਕੁਮਾਰ ਬਟਾਲਵੀ ਦੀ ਪੰਜਾਬੀ ਕਾਵਿ ਵਿੱਚ ਹੂਕ ਵੱਖਰੀ ਸੁਣਾਈ ਦਿੰਦੀ ਹੈ। ਉਸ ਨੂੰ ਬਿਰਹਾ ਦੇ ਕਵੀ ਕਰਕੇ ਜਾਣਿਆ ਜਾਂਦਾ ਹੈ। ਪਰ ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਸ਼ਿਵ ਨੇ ਪ੍ਰਗਤੀਵਾਦੀ ਵਿਚਾਰਾਂ ਨੂੰ ਵੀ ਗ੍ਰਹਿਣ ਕੀਤਾ । ਉਸ ਦੀ ਕਵਿਤਾ ਦਾ ਵਿਸ਼ੇਸ਼ ਗੁਣ ਇਹ ਹੈ, ਕਿ ਉਸ ਨੇ ਪੰਜਾਬੀ ਸਭਿਆਚਾਰ, ਲੋਕਧਾਰਾ ਅਤੇ ਵਿਰਸੇ ਵਿਚਲੀ ਸ਼ਬਦਾਵਲੀ ਨੂੰ ਪ੍ਰਤੀਕਮਈ ਲਹਿਜ਼ੇ ਵਿੱਚ ਪੇਸ਼ ਕਰਕੇ ਨਿਵੇਕਲਾ ਕਾਰਜ ਕੀਤਾ। ਉਸ ਦੀ ਕਾਵਿ ਸ਼ਬਦਾਵਲੀ ਦਾ ਨਿਵੇਕਲਾ ਕੋਸ਼ ਤਿਆਰ ਕੀਤਾ ਜਾ ਸਕਦਾ ਹੈ।

ਸ਼ਿਵ ਕੁਮਾਰ ਬਟਾਲਵੀ ਦਾ ਜਨਮ 1937 ਈ. ਨੂੰ ਪਿੰਡ ਲੋਹਟੀਆਂ ਜਿਲ੍ਹਾ ਸਿਆਲਕੋਟ(ਪਾਕਿਸਤਾਨ) ਵਿਖੇ ਪੰਡਿਤ ਕ੍ਰਿਸ਼ਨ ਗੋਪਾਲ ਦੇ ਘਰ ਹੋਇਆ। ਸ਼ਿਵ ਕੁਮਾਰ ਬਟਾਲਵੀ ਦੀ ਮਾਤਾ ਦਾ ਨਾਂ ਸ਼ਾਂਤੀ ਦੇਵੀ ਸੀ। ਸ਼ਿਵ ਕੁਮਾਰ ਬਟਾਲਵੀ ਨੇ ਪ੍ਰਾਇਮਰੀ ਦੀ ਪੜ੍ਹਾਈ ਪਿੰਡ ਤੋਂ ਹੀ ਪ੍ਰਾਪਤ ਕੀਤੀ। 10ਵੀਂ ਬਟਾਲਾ ਦੇ ਆਰਮੀ ਹਾਈ ਸਕੂਲ ਤੋਂ ਕੀਤੀ। ਉਚੇਰੀ ਪੜ੍ਹਾਈ ਲਈ ਸ਼ਿਵ ਕੁਮਾਰ ਬਟਾਲਵੀ ਬੇਅਰਿੰਗ ਯੂਨੀਅਨ ਕ੍ਰਿਸਚਿਅਨ ਕਾਲਜ ਵਿੱਚ ਦਾਖਿਲ ਹੋਇਆ, ਪਰ ਪੜ੍ਹਾਈ ਵਿੱਚੇ ਛੱਡ ਕੇ ਓਵਰਸੀਅਰ ਦਾ ਕੋਰਸ ਕਰਨ ਲਈ ਬੈਜਨਾਥ ਦਾਖਿਲਾ ਲੈ ਲਿਆ। ਇੱਥੇ ਵੀ ਪੜਾਈ ਵਿੱਚੇ ਹੀ ਛੱਡ ਦਿੱਤੀ। ਸੁਭਾਅ ਦੇ ਪ੍ਰਤੀਕੂਲ ਪਟਵਾਰਪੁਣਾ ਕੀਤਾ, ਪ੍ਰੰਤੂ ਕੁਝ ਸਮੇਂ ਬਾਅਦ ਨੌਕਰੀ ਛੱਡ ਦਿੱਤੀ। ਸ਼ਿਵ ਨੇ ਕੁਝ ਸਮਾਂ ਸਟੇਟ ਬੈਂਕ ਆਫ ਇੰਡੀਆਂ ਵਿੱਚ ਵੀ ਨੌਕਰੀ ਕੀਤੀ, ਪਰ ਵਿੱਚੇ ਛੱਡ ਕੇ ਸ਼੍ਰੀਮਤੀ ਕੈਲਾਸ਼ ਪੁਰੀ ਦੇ ਸੱਦੇ ਤੇ ਇੰਗਲੈਂਡ ਚਲਾ ਗਿਆ। ਭਾਰਤ ਵਾਪਿਸ ਪਰਤਿਆ ਤਾਂ ਬੀਮਾਰੀ ਕਾਰਨ 6 ਮਈ 1973 ਨੂੰ ਸਾਥੋਂ ਸਦਾ ਲਈ ਵਿੱਛੜ ਗਿਆ।

ਛੋਟੇ ਜੀਵਨ ਕਾਲ ਵਿੱਚ ਸ਼ਿਵ ਨੇ ਪੰਜਾਬੀ ਕਾਵਿ ਜਗਤ ਨੂੰ 'ਪੀੜਾਂ ਦਾ ਪਰਾਗਾ', 'ਲਾਜਵੰਤੀ' ,'ਆਟੇ ਦੀਆਂ ਚਿੜੀਆਂ', 'ਮੈਨੂੰ ਵਿਦਾ ਕਰੋ', 'ਦਰਦਮੰਦਾਂ ਦੀਆਂ ਆਹੀਂ', 'ਬਿਰਹਾ ਤੂੰ ਸੁਲਤਾਨ', 'ਮੈਂ ਤੇ ਮੈਂ', 'ਆਰਤੀ', 'ਅਲਵਿਦਾ', 'ਲੂਣਾ' ਵਰਗੀਆਂ ਖ਼ੂਬਸੂਰਤ ਕਾਵਿ-ਰਚਨਾਵਾਂ ਪ੍ਰਦਾਨ ਕੀਤੀਆਂ। ਸ਼ਿਵ ਨੂੰ 'ਲੂਣਾ' ਕਾਵਿ-ਸੰਗ੍ਰਹਿ 'ਤੇ ਭਾਰਤੀ ਸਾਹਿਤ ਅਕਾਦਮੀ ਇਨਾਮ ਹਾਸਿਲ ਹੋਇਆ। ਸ਼ਿਵ ਦੀ ਕਵਿਤਾ ਵਿੱਚੋਂ ਲੋਕ ਗੀਤਾਂ ਵਰਗੀ ਮਹਿਕ ਆਉਂਦੀ ਹੈ। ਵਿਦਿਆਰਥੀਆਂ ਲਈ ਉਸ ਦੀ ਕਾਵਿ ਰਚਨਾ ਵਿੱਚੋਂ ਕੁਝ ਅੰਸ਼ ਪ੍ਰਸਤੁਤ ਕੀਤੇ ਜਾ ਰਹੇ ਹਨ।

## ðÖ

Õ°Þð°¼Ö îËù ê°¼å ñ×ç¶[é¶[

Õ°Þ ð°¼Ö ñ×ç¶[ î»ò»

Õ°¼Þð°¼Öé±³Ô»èÆÁ»ñ×ç¶[

Õ°¼Þð°¼Öò»×íðÅò»

Õ°Þð°¼Öñ¶[ð¶[ìÅñ¶[òÅÕä

ê¹¼åð àÅò» àÅò»

Õ°¼Þð°¼Öñ¶[ðÆçÅçÆòð×¶[

Ú±ðÆ êÅòäÕÅò»Í

Õ°¼Þð°¼ÖïÅð» òð×¶[ñ×ç¶[

Ú³°î» å¶[ ×ñ ñÅò»

ÇÂ¼Õñ¶[ðÆîÇÔì±ìÅòÅÕä

Çî¼áÅÁå¶[ç°ÖÅò»

Õ°¼Þð°¼Öñ¶[ðÅÇçñÕðçÅÂ¶[

ਮੋਢੇ ਚੁੱਕ ਖਿਡਾਵਾਂ

ਕੁਝ ਰੁੱਖ ਮੇਰਾ ਦਿਲ ਕਰਦਾ ਏ

Ú°³î» å¶[ îð ÜÅò»

Õ°¼Þð°¼Ö ÜçòÆðñ Õ¶[Þ³±îä

å¶[Ü ò×ä Üç ÓòÅò»

ÃÅâÆïñÆÃíð°¼Ö»çÆ

Çç ñ ÕðçÅ ÇñÖ ÜÅò»

î¶[ðÅ òÆ ÇÂÔ Çç ñ ÕðçÅ Â¶[

ð°¼ÖçÆÜ±é¶[ÁÅò»

Ü¶[å°Ã» î¶[ðÅ ×ÆåÔË Ã°äéÅ

îËºð°¼Ö»Çð¼Ú×Åò»

ð°¼Ö å» î¶[ðÆ î» òð×¶[ é¶[

ÇÜÀ°äð°¼Ö»çÆÁ» ÛÅò»Í

(ਬਾਬੇ- ਬਜ਼ੁਰਗ, ਟਾਵਾਂ ਟਾਵਾਂ- ਵਿਰਲਾ, ਵਾਕਣ- ਵਾਂਗ, ਮਹਿਬੂਬਾ- ਪ੍ਰੇਮਿਕਾ)

## **åËù ÇçÁ» Ô³Þ±Á» çÅ íÅóÅ**

åËù ÇçÁ» Ô³Þ±Á» çÅ íÅóÅ,

éÆ êÆó» çÅ êðÅ×Å í°³é ç¶[

î¼áÆòÅñÆÂ¶[!

î¼áÆòÅñÆÂ¶[,Ú³¶[çÆÂ¶[âÅñÆÂ¶[,

éÆ ç°¼Ö» çÅ êðÅ×Å í°³éç¶[

î¼áÆòÅñÆÂ¶[!

Ô¯Ç×ÁÅ Õ°ò¶[ñÅ îËé±³

ãñ ×ÂÆÁ» ÛÅºò» éÆºÍ

ì¶[ÇñÁ»ÓÚ¯º î°óÁÅÂÆÁ»

î¼ÞÆÁ» å¶[×Åò» éÆºÍ

êÅÇÂÁÅÇÚóÆÁ»é¶[ÚÆÕ-ÇÚÔÅóÅ,

éÆ êÆó» çÅ êðÅ×Å í°³é ç¶[

ì¼áÆòÅñÆÂ¶[!

åËù ÇçÁ» Ô³Þ±Á» çÅ íÅóÅ,

éÆ êÆó» çÅ êðÅ×Å í°³é ç¶[

ì¼áÆòÅñÆÂ¶[!

Û¶[åÆÛ¶[åÆÕðÆº,

îËº å¶[ ÜÅäÅ ìóÆ ç±ð éÆÍ

ÇÜ¹¼æ¶[ì¶[ð¶[ÔÅäÆÁ»çÅ,

à°ðÇ×ÁÅ ê±ð éÆÍ

úÃ Çê³â çÅ Ã°äÆºçË ðÅÔîÅóÅ,

éÆ êÆó» çÅ êðÅ×Å í°³é ç¶[

ì¼áÆòÅñÆÂ¶[!

åËù ÇçÁ» Ô³Þ±Á» çÅ íÅóÅ,

éÆ ç°¹¼Ö» çÅ êðÅ×Å í°³éç¶[

ì¼áÆòÅñÆÂ¶[!

ì¶[ðÆòÅðÆê¹¼ÇåÁ»çÆ,

ê³âÇÃ¹¼ñ·ÆÔ¯×ÂÆ,

Çì¼àÆçÆÕóÅÔÆå¶[ðÆ,

ÕÅÔé±³Çê¹¼ñÆÔ¯×ÂÆÍ

å¶ð¶Ã¶ÕùÕÆÔò¼ÇÜÁÅçº×ÅóÅ,

éÆ êÆó» çÅ êðÅ×Å í°³é ç¶

î¼áÆòÅñÆÂ¶!

åËù ÇçÁ» Ô³Þ±Á» çÅ íÅóÅ

éÆ êÆó» çÅ êðÅ×Å í°³é ç¶,

î¼áÆòÅñÆÂ¶!

ñ¼êÕ° Â¶Ú³×î¶ðÆ,

îËù êÇÔñ» à¯ð éÆ!

Õ¼Ú¶Õ¼Ú¶þ¼ÖéÅéÆ,

ðÅó·æ¯ó¶Ô¯ðéÆ!

Õð» Çî³éå» î°ÕÅ ç¶ éÆ ê° ÁÅóÅ,

éÆ êÆó» çÅ êðÅ×Å í°³é ç¶,

î¼áÆòÅñÆÂ¶!

åËù ÇçÁ» Ô³Þ±Á» çÅ íÅóÅ

éÆ ç°¼Ö» çÅ êðÅ×Å í°³éç¶

î¼áÆòÅñÆÂ¶!

Ã½º×ÂÆÁ»ÔòÅò»ð¯ð¯

Õð ÇòðñÅê éÆÍ

åÅÇðÁ» é±³Úó·Ç×ÁÅ

î¼áÅ î¼áÅ åÅê éÆÍ

Ü³Ü ÃÅÔò»çÆçÅð°¼ÃÇ×ÁÅñÅóÅ,

éÆ êÆó» çÅ êðÅ×Å í°³é ç¶

ﬁ¼áÆòÅñÆÂ¶!

åËù ÇçÁ» Ô³Þ±Á» çÅ íÅóÅ

éÆ ç°¼Ö» çÅ êðÅ×Å í°³é ç¶

ﬁ¼áÆòÅñÆÂ¶!

(ਪਰਾਗਾ: ਇੱਕ ਵਾਰ ਦਾ ਪੂਰ, ਹਿਜ਼ਰ: ਵਿਛੋੜਾ, ਪਿੱਲੀ: ਕੱਚੀ)

## ਅਭਿਆਸ-ਪ੍ਰਸ਼ਨ

1. ਹੇਠ ਲਿਖੇ ਕਾਵਿ ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) Ã½º×ÂÆÁ»ÔòÅò»ð¯ð¯

Õð ÇòðñÅê éÆÍ

åÅÇðÁ»é±³Úó·Ç×ÁÅ

î¼áÅ î¼áÅ åÅê éÆÍ

Ü³Ü ÃÅÔò»çÆçÅð¹¼ÃÇ×ÁÅñÅóÅ,

éÆ êÆó» çÅ êðÅ×Å í°³é ç¶

ɼáÆòÅñÆÂ¶!

(ਅ) Õ°Þð¹¼Ö îËù ê¹¼å ñ×ç¶é¶

Õ°Þ ð¹¼Ö ñ×ç¶ î»ò»

Õ¹¼Þð¹¼Öé±³Ô»èÆÁ»ñ×ç¶

Õ¹¼Þð¹¼Öò»×íðÅò»

Õ°Þð¹¼Öî¶ð¶ìÅî¶òÅÕä

ê¼åð àÅò» àÅò»

Õ¹¼Þð¹¼Öî¶ðÆçÅçÆòð×¶

Ú±ðÆ êÅòäÕÅò»Í

2. 'ਰੁੱਖ' ਕਵਿਤਾ ਦਾ ਕੇਂਦਰੀ ਭਾਵ ਲਿਖੋ।

3. 'ਤੈਨੂੰ ਦਿਆਂ ਹੰਝੂਆਂ ਦਾ ਭਾੜਾ' ਕਵਿਤਾ ਦਾ ਸਾਰ ਲਿਖੋ।

4. 'ਰੁੱਖ' ਕਵਿਤਾ ਵਿੱਚ ਕਵੀ ਨੇ ਕਿਹੜੇ-ਕਿਹੜੇ ਰਿਸ਼ਤਿਆਂ ਦੀ ਗੱਲ ਕੀਤੀ ਹੈ ? ਅਤੇ ਉਹਨਾਂ ਬਾਰੇ ਕੀ ਵਿਚਾਰ ਪੇਸ਼ ਕੀਤੇ ਹਨ ?

5. 'ਜਿੱਥੇ ਮੇਰੇ ਹਾਣੀਆਂ ਦਾ ਟੁਰ ਗਿਆ ਪੂਰ ਨੀ' ਤੁਕ ਤੋਂ ਕੀ ਭਾਵ ਹੈ ?

# ਸੁਰਜੀਤ ਪਾਤਰ

ਸਮਕਾਲੀ ਪੰਜਾਬੀ ਕਾਵਿ-ਜਗਤ ਵਿੱਚ ਸੁਰਜੀਤ ਪਾਤਰ ਵਿਸ਼ੇਸ਼ ਥਾਂ ਰੱਖਦਾ ਹੈ। ਉਹ ਆਪਣੀ ਸੰਵੇਦਨਾ ਤੇ ਮੌਲਿਕ ਕਾਵਿ-ਸੰਚਾਰ ਲਹਿਜ਼ੇ ਕਾਰਨ ਹੋਰਨਾਂ ਕਵੀਆਂ ਤੋਂ ਅੱਡਰਾ ਹੈ। ਸੁਰਜੀਤ ਪਾਤਰ ਕਾਵਿ ਦੀ ਲੋਕਪ੍ਰਿਅਤਾ ਏਨੀ ਹੈ ਕਿ ਉਹ ਆਧੁਨਿਕ ਪੰਜਾਬੀ ਕਵਿਤਾ ਵਿੱਚ ਸਭ ਤੋਂ ਵੱਧ ਪੜ੍ਹਿਆ ਤੇ ਸਤਿਕਾਰਿਆ ਜਾਣ ਵਾਲਾ ਪ੍ਰਸਿੱਧ ਸ਼ਾਇਰ ਹੈ। ਉਸ ਦੀ ਕਾਵਿ ਸ਼ੈਲੀ ਵਿੱਚ ਲੋਕ-ਕਾਵਿ ਵਰਗੀ ਸ਼ੈਲੀ ਵਿੱਦਮਾਨ ਹੈ।

ਸੁਰਜੀਤ ਪਾਤਰ ਦਾ ਜਨਮ 14 ਜਨਵਰੀ 1945 ਨੂੰ ਮਾਤਾ ਗੁਰਬਖਸ਼ ਕੌਰ, ਪਿਤਾ ਹਰਭਜਨ ਸਿੰਘ ਦੇ ਘਰ ਪਿੰਡ ਪੱਤੜ ਕਲਾਂ, ਜ਼ਿਲ੍ਹਾ ਜਲੰਧਰ(ਪੰਜਾਬ) ਵਿੱਚ ਹੋਇਆ। ਉਸ ਨੇ ਬੀ.ਏ. ਪੱਧਰ ਦੀ ਪੜ੍ਹਾਈ ਸਰਕਾਰੀ ਕਾਲਜ ਕਪੂਰਥਲਾ ਤੋਂ ਕੀਤੀ। ਐਮ.ਏ. ਪੰਜਾਬੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਗੋਲਡ ਮੈਡਲ ਨਾਲ ਹਾਸਲ ਕੀਤੀ। ਪੀ.ਐਚ.ਡੀ. ਦੀ ਡਿਗਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਵੱਖ-ਵੱਖ ਕਾਲਜਾਂ ਵਿੱਚ ਪੜਾਉਣ ਉਪਰੰਤ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿੱਚ ਸੇਵਾ ਨਿਭਾਈ। ਅੱਜ-ਕੱਲ੍ਹ ਉਹ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਵਿਖੇ ਆਪਣੀਆਂ ਸੇਵਾਵਾਂ ਨਿਭਾ ਰਿਹਾ ਹੈ। ਉਸ ਦੀ ਕਾਵਿਕ ਪ੍ਰਤਿਭਾ ਕਰਕੇ ਉਸ ਨੂੰ ਅਨੇਕਾਂ ਸਨਮਾਨਾਂ ਨਾਲ ਨਿਵਾਜਿਆ ਗਿਆ ਹੈ। ਭਾਰਤੀ ਸਾਹਿਤ ਅਕਾਦਮੀ ਦਿੱਲੀ ਵੱਲੋਂ ਉਸ ਦੀ ਕਾਵਿ ਪੁਸਤਕ 'ਹਨੇਰੇ ਵਿੱਚ ਸੁਲਗਦੀ ਵਰਣਮਾਲਾ' ਨੂੰ ਇਨਾਮ ਮਿਲ ਚੁੱਕਿਆ ਹੈ। ਉਸ ਨੂੰ ਪਦਮ ਸ਼੍ਰੀ, ਸਰਸਵਤੀ ਪੁਰਸਕਾਰ ਦੇ ਨਾਲ-ਨਾਲ ਭਾਸ਼ਾ ਵਿਭਾਗ ਵੱਲੋਂ ਵੀ ਸ਼੍ਰੋਮਣੀ ਕਵੀ ਐਲਾਨਿਆ ਜਾ ਚੁੱਕਾ ਹੈ।

'ਕੋਲਾਜ਼', 'ਹਵਾ ਵਿੱਚ ਲਿਖੇ ਹਰਫ਼', 'ਬਿਰਖ਼ ਅਰਜ਼ ਕਰੇ', 'ਪਤਝੜ ਦੀ ਪਾਜ਼ੇਬ', 'ਸੁਰਜ਼ਮੀਨ' ਆਦਿ ਉਸ ਦੀਆਂ ਮੱਹਤਵਪੂਰਨ ਕਾਵਿ-ਪੁਸਤਕਾਂ ਹਨ। ਪਾਤਰ ਨੇ ਪੰਜਾਬ ਸੰਕਟ ਬਾਰੇ ਭਾਵਪੂਰਤ ਸ਼ਾਇਰੀ ਰਚੀ ਹੈ। ਪਾਤਰ ਆਪਣੀ ਕਾਵਿ-ਸਿਰਜਣਾ ਸਮੇਂ ਦਮਘੋਟੂ ਸਿਸਟਮ ਉੱਤੇ ਤਿੱਖਾ ਵਿਅੰਗ ਕਰਦਾ ਹੈ। ਇੱਥੇ ਸੁਰਜੀਤ ਪਾਤਰ ਦੀਆਂ ਕੁਝ ਕਾਵਿ ਰਚਨਾਵਾਂ ਨੂੰ ਪੇਸ਼ ਕਰਕੇ ਵਿਦਿਆਰਥੀਆਂ ਨੂੰ ਪਾਤਰ ਕਾਵਿ ਤੋਂ ਜਾਣੂ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

## **Õ°Û ÇÕÔÅ å»............(ö÷ñ)**

Õ°ÛÇÕÔÅå»Ôé¶·ðÅ Üð¶×ÅÇÕò¶º
Ú°¼êÇðÔÅå»õî~ÅçÅéÕÆÕÇÔä×¶
×ÆåçÆî½åÇÂÃ ðÅåÜ¶Ô¯×ÂÆ
î¶ðÅ ÜÆäÅî¶ð¶ïÅðÇÕ³ÞÃÇÔä×¶

ÇÂÃ ÁçÅñå ÓÚ ì³ç¶ Çìðõ Ô¯×Â¶
øËÃñ¶Ã°äÇçÁ» Ã°äÇçÁ» Ã°Õ×Â¶
ÁÅÖ¯Â¶é·» ùÀ°Üó¶ØðÆºÜÅäÔ°ä
ÇÂÔÕç¯ºåÆÕÂ¶æ¶Öó·¶ðÇÔä×¶

ïÅð î¶ð¶ Ü° ÇÂÃ ÁÅÃ å¶ îð×Â¶
ÇÕ îËº úé·» ç¶ ç¼°Ö çÅ ìäÅò»×Å ×Æå
Ü¶îËºÚ°¼êÔÆÇðÔÅÜ¶îºËÕ°ÛéÅÇÕÔÅ
ìä Õ¶ ð±Ô» ÃçÅ íàÕç¶ ðÇÔä×¶

Ü¯ìç¶Ã»ÓÚ ð°ñç¶é¶ð¯÷ÆñÂÆ
À°Ô Üç¯º ç¶Ã êðåä×¶ ÁÅêä¶ ÕçÆ
Õ°Þ å» Ã¶Õä×¶ î» ç¶ ÇÃò¶ çÆ Á×é
ìÅÕÆÕìð»ç¶ð°¼ÖÔ¶áÜÅìÇÔä×¶

ÕÆÇÂÔÇÂéÃÅøÔÀ°îËç¶ê°¼åÕðé×¶

ÕÆ ÇÂÔ õÅî¯ô ê¼æð ç¶ ì°å Õðé×¶

Ü¯ ÃñÆì» å¶ à³×¶ é¶ ñ¼æä¶ éÔÆº

ðÅÜ ìçñä×¶ Ã±ðÜ Úó·é ñÇÔä×¶

ÇÂÔ Ü° ð³×» ÓÚ ÇÚåð¶ é¶ Ö°ðÜÅä×¶

ÇÂÔ Ü° îðîð ÓÚ À°Õð¶ é¶ Çîà ÜÅä×¶

ìñç¶Ô¼æ»é¶ ÇÜÔó¶ ÔòÅ Çò¼Ú ÇñÖ¶

Ôðø úÔÆ Ôî¶ô» ÇñÖ¶ ðÇÔä×¶

ÇÂÔ òÆ ôÅ ÇÂç î¶ ðÅ ÁÅêäÅ òÇÔîÔË

Õ¯ÂÆ çÆ òÅ Ü×¶ ×Åî¶ ðÆ Õìð Óå¶

Ü¶ ÔòÅ ÇÂÔ ðÔÆ Õìð» À¹¼å¶ å» ÕÆ

Ãí Øð» ÓÚ òÆ çÆò¶ ì°Þ¶ ðÇÔä×¶

(ਸ਼ਮ੍ਹਾਦਾਨ: ਦੀਵੇ, ਬਿਰਖ: ਰੁੱਖ, ਹਉਮੈ: ਹੰਕਾਰ, ਸਲੀਬਾਂ: ਸੂਲੀਆਂ, ਮਰਮਰ: ਕੂਲਾ ਪੱਥਰ)

## ਸੁੰਨੇ ਸੁੰਨੇ ਰਾਹਾਂ ਵਿਚ

ਸੁੰਨੇ ਸੁੰਨੇ ਰਾਹਾਂ ਵਿਚ ਕੋਈ ਕੋਈ ਪੈੜ ਏ,

ਦਿਲ ਹੀ ਉਦਾਸ ਏ ਜੀ ਬਾਕੀ ਸਭ ਖੈਰ ਏ।

ਦੂਰ ਇਕ ਪਿੰਡ ਵਿਚ ਛੋਟਾ ਜਿਹਾ ਘਰ ਸੀ।

ਕੱਚੀਆਂ ਸੀ ਕੰਧਾਂ ਉਹਦਾ ਥੋੜਾ ਜਿਹਾ ਦਰ ਸੀ।

ਅੰਮੀ ਮੇਰੀ ਚਿੰਤਾ ਸੀ ਬਾਪੂ ਮੇਰਾ ਡਰ ਸੀ।
ਓਦੋ ਮੇਰੀ ਅਉਧ ਯਾਰੋ ਐਵੇਂ ਫੁੱਲ ਭਰ ਸੀ।

ਜਦੋਂ ਦਾ ਅਸਾਡੇ ਨਾਲ ਖ਼ੁਸ਼ੀਆਂ ਨੂੰ ਵੈਰ ਏ।

ਦੋਦਲੀ ਦਸੂਤੀ ਫੁੱਲ ਪਾਉਣ ਭੈਣਾਂ ਮੇਰੀਆਂ।
ਫੁੱਲੀਆਂ ਨੇ ਕਿੱਕਰਾਂ ਤੇ ਫੁੱਲੀਆਂ ਨੇ ਬੇਰੀਆਂ।
ਕੰਧਾਂ ਨਾਲੋਂ ਉੱਚੀਆਂ ਧਰੇਕਾਂ ਹੋਈਆਂ ਤੇਰੀਆਂ।
ਤੋਰ ਡੋਲੀ ਤੋਰ ਹੁਣ ਕਾਹਦੀਆਂ ਨੇ ਦੇਰੀਆਂ।

ਸਾਹ ਲੈ ਲੋਕਾ ਹਾਲੇ ਮੇਰੀ ਲੇਖਾਂ ਨਾਲ ਕੈੜ ਏ।

ਮੈਲੀ ਜਿਹੀ ਸਿਆਲ ਦੀ ਉਹ ਧੁੰਦਲੀ ਸਵੇਰ ਸੀ।
ਸੂਰਜ ਦੇ ਚੜ੍ਹਨ 'ਚ ਹਾਲੇ ਬੜੀ ਦੇਰ ਸੀ।
ਪਿਤਾ ਪਰਦੇਸ ਗਿਆ ਜਦੋਂ ਪਹਿਲੀ ਵੇਰ ਸੀ।
ਮੇਰੀ ਮਾਂ ਦੇ ਨੈਣਾਂ ਵਿੱਚ ਹੰਝੂ ਤੇ ਹਨ੍ਹੇਰ ਸੀ।

ਹਾਲੇ ਤੀਕ ਨੈਣਾਂ ਵਿੱਚ ਮਾੜੀ ਮਾੜੀ ਗਹਿਰ ਏ।

ਕਿੱਥੋਂ ਦਿਆਂ ਪੰਛੀਆਂ ਨੂੰ ਕਿੱਥੋਂ ਚੋਗਾ ਲੱਭਿਆ।
ਧੀਆਂ ਦੇ ਵਸੇਬੇ ਲਈ ਬਾਪੂ ਦੇਸ ਛੱਡਿਆ।
ਕਿੰਨਾ ਹੈ ਮਹਾਨ ਦੇਸ ਓਦੋਂ ਪਤਾ ਲੱਗਿਆ।
ਡੂੰਘਾ ਮੇਰੀ ਹਿੱਕ 'ਚ ਤਰੰਗਾ ਗਿਆ ਗੱਡਿਆ।

ਝੁਲ ਓ ਤਰੰਗਿਆ ਤੂੰ ਝੁੱਲ ਸਾਡੀ ਖ਼ੈਰ ਏ।

ਸੁੰਨੇ ਸੁੰਨੇ ਰਾਹਾਂ ਵਿੱਚ ਕੋਈ ਕੋਈ ਪੈੜ ਏ।

ਦਿਲ ਹੀ ਉਦਾਸ ਏ ਜੀ ਬਾਕੀ ਸਭ ਖ਼ੈਰ ਏ।

**(ਪੈੜ- ਪੈਦਲ ਚਲਣ ਦੇ ਨਿਸ਼ਾਨ, ਕੈੜ- ਕੁੜੱਤਣ, ਗਹਿਰ- ਹਨੇਰਾ, ਖ਼ੈਰ- ਸਲਾਮਤੀ)**

## ਅਭਿਆਸ ਪ੍ਰਸ਼ਨ

1. ਹੇਠ ਲਿਖੇ ਕਾਵਿ ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

(ੳ) ÕÆÇÂÔÇÂéÃÅøÔÀ°îËç¶ê°¼åÕðé×¶

ÕÆ ÇÂÔ õÅî¯ô ê¼æð ç¶ ì°å Õðé×¶

Ü¯ ÃñÆì» å¶ à³×¶ é¶ ñ¼æä¶ éÔÆº

ðÅÜ ìçñä×¶ Ã±ðÜ Úó·é ñÇÔä×¶

(ਅ) ਕਿੱਥੋਂ ਦਿਆਂ ਪੰਛੀਆਂ ਨੂੰ ਕਿੱਥੋਂ ਚੋਗਾ ਲੱਭਿਆ।

ਧੀਆਂ ਦੇ ਵਸੇਬੇ ਲਈ ਬਾਪੂ ਦੇਸ ਛੱਡਿਆ।

ਕਿੰਨਾ ਹੈ ਮਹਾਨ ਦੇਸ ਓਦੋਂ ਪਤਾ ਲੱਗਿਆ।

ਡੂੰਘਾ ਮੇਰੀ ਹਿੱਕ ’ਚ ਤਰੰਗਾ ਗਿਆ ਗੱਡਿਆ।

2. ‘ਕੁਛ ਕਿਹਾ ਤਾਂ’....ਕਵਿਤਾ ਕਿੰਨਾਂ ਭਾਵਾਂ ਦੀ ਤਰਜ਼ਮਾਨੀ ਕਰਦੀ ਹੈ ?

3. ਕਵੀ ਬਦੇਸ਼ਾਂ ’ਚ ਜਾਣ ਵਾਲੇ ਲੋਕਾਂ ਦੇ ਕਿਹੜੇ ਦੁੱਖਾਂ ਦਾ ਜ਼ਿਕਰ ਕਰਦਾ ਹੈ ?

4. ‘ਸੁੰਨੇ ਸੁੰਨੇ ਰਾਹਾਂ ਵਿੱਚ’ ਕਵਿਤਾ ਦਾ ਸਾਰ ਲਿਖੋ।

# ਭਾਗ ਦੂਜਾ–ਨਿਬੰਧ

# ਪ੍ਰੋ. ਪੂਰਨ ਸਿੰਘ

ਪ੍ਰੋ. ਪੂਰਨ ਸਿੰਘ ਪੰਜਾਬੀ ਕਾਵਿ ਜਗਤ ਵਿੱਚ ਅਲਬੇਲੇ ਕਵੀ ਵਜੋਂ ਜਾਣਿਆ ਜਾਂਦਾ ਹੈ। ਆਪ ਨੇ ਪੰਜਾਬੀ ਵਿੱਚ ਖੁੱਲ੍ਹੀ ਕਵਿਤਾ(ਛੰਦ ਮੁਕਤ) ਦੀ ਪਿਰਤ ਪਾਈ ਜਿਸ ਨੂੰ ਸੈਲਾਨੀ ਛੰਦ ਦੀ ਸੰਗਿਆ ਵੀ ਦਿੱਤੀ ਜਾਂਦੀ ਹੈ। ਆਪ ਨੇ ਪੰਜਾਬੀ ਕਵਿਤਾ ਵਿੱਚ ਵੱਡਾ ਪਰਿਵਰਤਨ ਲਿਆਂਦਾ। ਇਸ ਪੱਖੋਂ ਆਪ ਦੀ ਕਵਿਤਾ 'ਤੇ ਅਮਰੀਕਨ ਕਵੀ ਵਾਲਟ ਵਿਟਮੈਨ ਦਾ ਪ੍ਰਭਾਵ ਮੰਨਿਆ ਜਾਂਦਾ ਹੈ। ਪ੍ਰੋ. ਪੂਰਨ ਸਿੰਘ ਦੀ ਕਵਿਤਾ ਵਿੱਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਝਲਕ ਨਜ਼ਰ ਆਉਂਦੀ ਹੈ।

ਪ੍ਰੋ. ਪੂਰਨ ਸਿੰਘ ਦਾ ਜਨਮ 17 ਜਨਵਰੀ 1881 ਵਿੱਚ ਸਲਹੱਡ, ਐਬਟਾਬਾਦ(ਪਕਿਸਤਾਨ) ਵਿਖੇ ਹੋਇਆ। ਪ੍ਰੋ. ਪੂਰਨ ਸਿੰਘ ਨੇ ਮੁੱਢਲੀ ਵਿੱਦਿਆ ਰਾਵਲਪਿੰਡੀ ਤੋਂ ਹਾਸਿਲ ਕੀਤੀ। ਐਮ.ਐਸ. ਸੀ. ਪਾਸ ਕਰਕੇ ਉਚੇਰੀ ਪੜ੍ਹਾਈ ਲਈ ਜਾਪਾਨ ਗਏ। ਜਾਪਾਨ ਵਿੱਚ ਸਾਹਿਤ ਕਲਾ ਦਾ ਅਧਿਐਨ ਕਰਦਿਆਂ ਆਪ ਨੇ ਬੁੱਧ ਧਰਮ ਦਾ ਵਿਸ਼ੇਸ਼ ਪ੍ਰਭਾਵ ਵੀ ਕਬੂਲਿਆ। ਸਵਾਮੀ ਰਾਮ ਤੀਰਥ ਦੇ ਪ੍ਰਭਾਵ ਅਧੀਨ ਆਪ ਵੇਦਾਂਤੀ ਬਣ ਗਏ, ਅੰਤ ਭਾਈ ਵੀਰ ਸਿੰਘ ਦੀ ਪ੍ਰੇਰਣਾ ਸਦਕਾ ਸਿੰਘ ਸਜ ਗਏ। ਪ੍ਰੋ. ਪੂਰਨ ਸਿੰਘ ਨੇ ਪੰਜਾਬੀ ਤੋਂ ਇਲਾਵਾ ਅੰਗਰੇਜ਼ੀ ਅਤੇ ਹਿੰਦੀ ਵਿੱਚ ਵੀ ਕਲਮ ਅਜ਼ਮਾਈ। 'ਖੁੱਲ੍ਹੇ ਲੇਖ' ਆਪ ਦੀ ਮਹੱਤਵਪੂਰਨ ਕਿਰਤ ਹੈ। 31 ਮਾਰਚ 1931 ਨੂੰ ਪ੍ਰੋ. ਪੂਰਨ ਸਿੰਘ ਦਾ ਦੇਹਾਂਤ ਹੋ ਗਿਆ। 'ਖੁੱਲ੍ਹੇ ਘੁੰਡ', 'ਖੁੱਲ੍ਹੇ ਰੰਗ ਅਸਮਾਨੀ', 'ਖੁੱਲ੍ਹੇ ਮੈਦਾਨ' ਆਪ ਦੀਆਂ ਮਹੱਤਵਪੂਰਨ ਕਾਵਿ ਪੁਸਤਕਾਂ ਹਨ। ਪ੍ਰੋ. ਪੂਰਨ ਸਿੰਘ ਦੀ ਕਵਿਤਾ ਵਿਚਲਾ ਰੁਮਾਂਟਿਕ ਰੰਗ ਆਪ ਨੂੰ ਪੂਰਬਲੇ ਕਵੀਆਂ ਨਾਲੋਂ ਨਿਖੇੜਦਾ ਹੈ। ਇੱਥੇ ਵਿਦਿਆਰਥੀਆਂ ਨੂੰ ਪ੍ਰੋ. ਪੂਰਨ ਸਿੰਘ ਦੀ ਵਾਰਤਕ ਕਲਾ ਤੋਂ ਜਾਣੂ ਕਰਵਾਉਣ ਲਈ ਨਿਬੰਧ ਪੇਸ਼ ਕੀਤਾ ਜਾ ਰਿਹਾ ਹੈ।

# ਕਿਰਤ

ਪਿਆਰ ਤੇ ਮਿਤ੍ਰਤਾ ਤੇ ਹੋਰ ਦਿਵਯ ਗੁਣਾਂ ਨੂੰ ਆਪਣੇ ਵਿੱਚ ਆਵੇਸ਼ ਰੂਪ ਵਿੱਚ ਪੜ੍ਹਣ ਲਈ ਤੇ ਫਿਰ ਆਪਣੇ ਅੰਦਰ ਧਾਰਣ ਕਰਨ ਲਈ ਤੇ ਮੁੜ ਉਨ੍ਹਾਂ ਨੂੰ ਅੰਦਰ ਬਾਹਰ ਇੱਕ ਮਾਲਤੀ ਦੇ ਫੁੱਲ ਵਾਂਗ ਸੁਗੰਧੀ ਖਲੇਰਣ ਲਈ, ਆਦਮੀ ਨੂੰ ਕਦੀ ਨਿਕੰਮਾ ਨਹੀਂ ਰਹਿਣਾ ਚਾਹੀਦਾ। ਜਿਸ ਦੇ ਹੱਥ ਵਿੱਚ ਕਿਰਤ ਨਹੀਂ ਉਹ ਨਿਕੰਮਾ ਆਦਮੀ ਹੈ ਅਰ ਉਹ ਕਦੀ ਉੱਚ ਜੀਵਨ ਦੇ ਮਰਮਾਂ ਨੂੰ ਅਨੁਭਵ ਨਹੀਂ ਕਰ ਸਕਦਾ।

ਇਹ ਬੰਦਾ ਜਿਹੜਾ ਸਹਿਜ ਸੁਭਾ ਆਪਣੇ ਕੰਮ ਵਿੱਚ ਅੱਠ ਪਹਿਰ ਹੀ ਧਿਆਨ ਨਾਲ ਲੱਗਾ ਹੈ; ਉਸ ਨੂੰ ਮਾੜੇ ਚਿਤਵਨ ਤੇ ਕੰਗਾਲਤਾ ਦੇ ਪਾਮਰ ਕਰਮ ਕਰਨ ਦੀ ਵਿਹਲ ਹੀ ਨਹੀ ਲਗਦੀ-ਸਿਆਣਿਆਂ ਜੋ ਇਹ ਕਿਹਾ ਕਿ ਨਿਕੰਮਾ ਮਨ ਸ਼ੈਤਾਨ ਦੀ ਆਪਣੀ ਟਕਸਾਲ ਹੋ ਜਾਂਦਾ ਹੈ- ਇਸ ਕਥਨ ਵਿੱਚ ਬੜਾ ਸੱਚ ਭਰਿਆ ਪਿਆ ਹੈ।

ਹੁਣ ਤੁਸੀ ਆਪਣੇ ਦੇਸ ਤੇ ਜਪਾਨ ਦੇ ਦੇਸ ਦਾ ਜੇ ਮੁਕਾਬਲਾ ਕਰੋ, ਤਦ ਪਤਾ ਲਗਦਾ ਹੈ ਕਿ ਉੱਥੇ ਕਿਸੀ ਨੂੰ ਮਨਘੜਤ ਖਿਆਲਾਂ ਤੇ ਵਿਚਾਰਾਂ ਦੀ ਕੂੜੀ ਗਿਆਨ-ਗੋਦੜੀ ਦੀਆਂ ਮਾਨਸਿਕ ਚੰਚਲਤਾ ਦੀਆਂ ਖੇਡਾਂ ਕਰਨ ਦੀ ਵਿਹਲ ਨਹੀ। ਓਹ ਚਿਤ੍ਵਤ ਆਪਣੇ ਕੰਮਾਂ ਵਿੱਚ ਲੱਗੇ ਹਨ। ਇੱਕ ਤਰਖਾਣ ਜੋ ਆਪਣੇ ਹੱਥ ਨਾਲ ਲੱਕੜੀ ਨੂੰ ਰੂਪ ਦੇ ਰਿਹਾ ਹੈ, ਇੱਕ ਲੋਹਾਰ ਜੋ ਗਰਮ ਲੋਹੇ ਨੂੰ ਸਾਧ ਰਿਹਾ ਹੈ, ਇੱਕ ਚਿਤ੍ਰਕਾਰ ਜਿਹੜਾ ਧਿਆਨ ਵਿੱਚ ਕਿਸੀ ਦੇਖ਼ੀ ਚੀਜ਼ ਨੂੰ ਅਮਰ ਕਰ ਰਿਹਾ ਹੈ, ਭਾਵੇ ਉਹ ਸਿਰਫ ਰੰਗ ਰੂਪ ਤੇ ਪ੍ਰਭਾਉ ਨੂੰ ਅਮਰ ਕਰ ਰਿਹਾ ਹੈ, ਉਨ੍ਹਾਂ ਨੂੰ ਅਥੱਕ ਕਿਰਤ ਕਰਨ ਥੀਂ ਉਪਜੀ ਸਹਿਜ ਸਮਾਧੀ ਦੇ ਸੁਖ ਥੀ ਵਿਹਲ ਹੋ ਹੀ ਨਹੀ ਸਕਦੀ ਕਿ ਉਹ ਕਿਸੇ ਦਵੈਤ ਤੇ ਦੁੱਖ ਦੇ ਨਿਕੰਮੇ ਵਾਦ-ਵਿਵਾਦ ਵਿੱਚ ਪੈਣ; ਉਹ ਗੱਲਾਂ ਕਰਨ ਵਾਲਿਆਂ ਨੂੰ ਕੁਛ ਪਾਗਲ ਸਮਝਦੇ ਹਨ। ਓਹ ਸਮਾਂ ਜਿਹੜਾ ਨੈਨਾਂ ਪ੍ਰਾਣਾਂ ਨਾਲ ਕੁਛ ਸਾਧ ਸਕਦਾ ਹੈ, ਓਹ ਵਿਅਰਥ ਨਿਕੰਮੇ ਮਨ ਦੇ ਭੋਰੇ ਖਿਆਲ ਉਡਾਰੀਆਂ, ਮਸਲੇ ਬਾਜ਼ੀਆਂ, " ਰੱਬ ਹੈ, ਨਹੀਂ ਹੈ ", "ਚਿਟਾ ਹੈ, ਕਾਲਾ ਹੈ, " ਆਦਿ ਵਿੱਚ ਵੰਜਾਣ, ਕਿਹੜੀ ਸਿਆਣਪ ਹੈ ? ਸੁੱਚੀ ਕਿਰਤ ਕਰਨ ਵਾਲੇ ਦੇ ਹੱਥ ਪੈਰ ਆਪ-ਮੁਹਾਰੇ ਪਾਕ ਹੋ ਜਾਂਦੇ ਹਨ। ਮਾਨਸਿਕ ਚਿਤਵਨ ਕਿੰਨਾ ਹੀ ਉੱਚਾ ਹੋਵੇ ਰੂਹ ਨੂੰ ਸਾਫ਼ ਨਹੀਂ ਕਰਦਾ, ਮੈਲਾ ਕਰਦਾ ਹੈ, ਪਰ ਸਰੀਰ ਨਾਲ ਕੀਤੀ ਕਿਰਤ ਆਪ-ਮੁਹਾਰੀ ਜਿਸ ਤਰਾਂ ਬ੍ਰਿਛਾਂ ਉੱਤੇ ਫਲ ਫੁੱਲ ਆਣ ਲੱਗਦੇ ਹਨ, ਸਿਦਕ ਤੇ ਪਿਆਰ ਤੇ ਰੱਬ ਦੀ ਰੱਬਤਾ ਵਿੱਚ ਜੀਣ ਲੱਗ ਜਾਂਦਾ ਹੈ। ਈਸਾਈ ਮੱਤ ਬਾਦਸ਼ਾਹੀ ਮਹੱਲਾਂ ਵਿੱਚ ਟੋਲਸਟਾਏ ਨੂੰ ਨਜ਼ਰ ਨਹੀ ਸੀ ਆਇਆ ਪਰ ਭੋਲੇ ਭਾਲੇ ਰੂਸ ਦੇ ਕਿਰਸਾਨਾਂ ਦੇ ਵਹਿਮਾਂ ਦੇ ਹਨੇਰੇ ਵਿੱਚ ਬਿਜਲੀ ਲਿਸ਼ਕਦੀਆਂ ਧਾਰੀਆਂ ਸੱਚੇ ਸਿਦਕ ਦੀ ਓਹਨੂੰ ਨਜ਼ਰ ਆਈਆਂ। ਕਿਰਸਾਨ ਜ਼ਿਮੀਦਾਰ ਜਿਹੜੇ ਹਲ ਵਾਹੁੰਦੇ ਤੇ ਮਜ਼ੂਰੀਆਂ ਕਰਦੇ ਹਨ, ਉਨ੍ਹਾਂ ਵਿੱਚ ਸਹਿਜ-ਸੁਭਾ ਦਯਾ, ਉਦਾਰਤਾ, ਤਿਆਗ, ਰਜ਼ਾ ਆਦਿ ਮਹਾਨ ਗੁਣਾਂ ਦੀ ਛਾਯਾ ਹੁੰਦੀ ਹੈ। ਕਿਸੀ ਅਮੀਰ ਦੇ ਦਿਲ ਵਿੱਚ ਨੁਕਸਾਨ ਉਠਾ ਕੇ ਰਜ਼ਾ ਦਾ ਨੁਕਤਾ ਨਹੀਂ ਆਉਂਦਾ। ਪਰ ਮੈਂ ਕਿਰਤੀ ਕਿਰਸਾਨਾਂ ਕੀ ਸਿੱਖ ਤੇ ਕੀ ਮੁਸਲਮਾਨ ਤੇ ਕੀ ਹਿੰਦੂ ਸਬ ਵੇਖਿਆ ਹੈ ਕਿ ਓਹ ਬੜੇ-ਬੜੇ ਨੁਕਸਾਨ ਨੂੰ ਰੱਬ ਦੀ ਰਜ਼ਾ ਦੇ ਨੁਕਤੇ ਵਿੱਚ ਗੁਜ਼ਾਰ ਦਿੰਦੇ ਹਨ, ਓਹ ਗ਼ਮ ਤੇ ਦੁੱਖ ਦੀ ਓਨੀ ਕਾਂਬ ਨਹੀ ਖਾਂਦੇ ਜਿੰਨੀ ਅਕਲਾਂ ਵਾਲੇ ਤੇ ਬਹੁ ਸੋਚਾਂ ਵਾਲੇ ਨਿੱਕੇ-ਨਿੱਕੇ ਨੁਕਸਾਨ ਵੀ ਬਿਨਾਂ ਸ਼ਿਕਵੇ ਦੇ ਬਰਦਾਸ਼ਤ ਨਹੀਂ ਕਰ ਸਕਦੇ, ਤੇ ਖਲਵਾੜੇ ਵਿੱਚ ਬੈਠਾ ਕਿਰਸਾਨ ਜਿਸ ਖੁੱਲ੍ਹੇ ਦਿਲ ਤੇ ਉਦਾਰਤਾ ਨਾਲ ਦਾਨ ਕਰਦਾ ਹੈ ਓਹ ਅਕਲ ਵਾਲਾ ਤੇ ਸੋਚਾਂ ਵਾਲਾ ਮਾਨਸਿਕ ਆਦਮੀ ਨਹੀਂ ਕਰ ਸਕਦਾ। ਜਿਸ ਤਰ੍ਹਾਂ ਗਊ ਵਿੱਚ ਬੱਚੇ ਨੂੰ ਪਿਆਰ ਕਰਨ ਦਾ ਸਹਿਜ ਸੁਭਾ ਗੁਣ ਹੈ ਤੇ ਕੁਦਰਤ ਤੇ ਜੀਵਨ ਵਿੱਚ ਆਖਰ ਦਿਬਯਤਾ ਦਾ ਲੱਛਣ ਦਰਸਾਉਂਦਾ ਹੈ ਤਿਵੇਂ ਕਿਸਾਨ ਮਿਹਨਤ ਕਰਨ ਵਾਲਾ ਕੁਦਰਤ ਦੇ ਇਸ ਨੇਮ ਦੇ ਦਰਸ਼ਨ ਕਰਾਉਂਦਾ ਹੈ ਕਿ ਹੱਥ ਪੈਰ ਤੋਂ ਜੇ ਕੋਈ ਕਾਰ ਕਰੇ ਤਾਂ(ਚਿਤ) ਆਪ ਮੁਹਾਰਾ ਨਿਰੰਜਣ ਨਾਲ ਜੁੜਣ ਲੱਗ ਜਾਂਦਾ ਹੈ ਤੇ ਸਮਾਂ ਪਾ ਕੇ ਕਿਰਤ ਹੀ ਪੂਜਾ ਹੋ ਜਾਂਦੀ ਹੈ। ਕਾਰਲਾਈਲ ਨੇ ਠੀਕ ਵਚਨ ਕੀਤਾ ਹੈ, ਕਿ ਇਹੋ ਜਿਹੀ ਰਜ਼ਾ ਸਹਿਜ-ਸੁਭਾ ਰੱਬਤਾ ਦੀ ਚੁੱਪ ਸਿਦਕ ਵਿੱਚ ਜੀਂਦੀ ਥੀਂਦੀ ਕਿਰਤ ਰੱਬ ਦੀ ਪੂਜਾ ਤੁਲਯ ਹੈ।

ਇਹ ਦੱਸਣ ਦੀ ਕੀ ਲੋੜ ਹੈ ਕਿ ਸਮੁੰਦਰਾਂ ਵਿੱਚ ਕੋਰਲ ਕੀੜੇ ਨਿਕੀ ਕਿਰਤ ਨਾਲ ਪਹਾੜ ਖੜ੍ਹੇ ਕਰ ਦਿੰਦੇ ਹਨ ਤੇ ਸਮੁੰਦਰਾਂ ਵਿੱਚ ਕੋਰਲ ਟਾਪੂ ਬਣ ਜਾਂਦੇ ਹਨ। ਸੋ ਕਿਰਤੀ ਦਾ ਇੱਕ ਇਹ ਵੀ ਸੁਭਾ ਹੁੰਦਾ ਹੈ ਕਿ ਉਹ ਨਿਰਮਾਣ ਹੋ ਕੇ ਲੱਗਾ ਰਹਿੰਦਾ ਹੈ ਤੇ ਉਹਦੇ ਕੰਮ ਵਿੱਚ ਬਰਕਤ ਪਾਣ ਵਾਲਾ ਕੋਈ ਹੋਰ ਹੁੰਦਾ ਹੈ। ਸੁੱਚੀ ਕਿਰਤ ਕਰਨ ਵਾਲੇ ਦਾ ਸਹਿਜ-ਸੁਭਾ ਇਹ ਅਨੁਭਵ ਹੁੰਦਾ ਹੈ, ਕਿ ਮੇਰਾ ਤਾਂ ਕੰਮ ਕਰਨਾ ਹੀ ਬਣਦਾ ਹੈ ਫ਼ਲ ਦੇਣ ਵਾਲਾ ਕੋਈ ਹੋਰ ਹੈ। ਸੋ ਇਸ ਸਿਦਕ ਵਿੱਚ ਉਸ ਅੰਦਰ ਚੰਚਲ ਮਨਾਂ ਤੇ ਅਨੇਕ ਚਿੰਤਾ ਵਾਲੇ ਬੇ-ਆਸਰਾ ਹੋ ਚੁੱਕੇ ਮਨਾਂ ਵਾਲੀ ਲੋਭ ਲਾਲਚ ਦੀ ਬਿਰਤੀ ਨਹੀਂ ਹੁੰਦੀ। ਥੋੜ੍ਹੇ ਵਿੱਚ ਸਬਰ ਬਹੁਤ ਹੁੰਦਾ ਹੈ, ਤੇ ਇਹ ਚਮਕਦੀ ਉੱਚੀ ਸੁਰਤਿ ਦਾ ਚੋਟੀ ਦਾ ਰਸਿਕ ਅਨੁਭਵ ਹੈ:

ਗੋ ਧਨ ਗਜ ਧਨ ਬਾਜ ਔਰ ਰਤਨ ਧਨ ਖਾਨ॥

ਜਬ ਆਵੇ ਸੰਤੋਖ ਧਨ ਸਬ ਧਨ ਧੂਲ ਸਮਾਨ॥

ਆਪਣੇ ਕਸਬ ਵਿੱਚ, ਹਰ ਇੱਕ ਕਿਰਤੀ ਦੇ ਅੰਦਰ ਕੁਦਰਤੀ ਸਾਦਗੀ ਤੇ ਬੇਪਰਵਾਹੀ ਹੁੰਦੀ ਹੈ। ਉਹ ਚਿਤ੍ਰਕਾਰ ਆਪਣੇ ਬਣਾਏ ਚਿਤ੍ਰ ਦੇ ਰੰਗ ਵੇਖ-ਵੇਖ ਵਿਗਸਦਾ ਹੈ, ਓਹਨੂੰ ਕਿੱਥੇ ਫ਼ੁਰਸਤ ਹੈ ਕਿ ਉਹ ਆਪਣੇ ਕੱਪੜਿਆਂ ਦੀਆਂ ਸਿਲਵਟਾਂ ਵਲ ਤਕੇ ਯਾ ਆਪਣੇ ਖ਼ੁਦ ਬਣ ਗਏ ਵੈਰੀਆਂ ਦੀਆਂ ਚੋਟਾਂ ਦਾ ਖਿਆਲ ਕਰੇ। ਨਸ਼ੇ ਵਿੱਚ ਆਦਮੀ ਦੁਨੀਆਂ ਤੇ ਆਪਣੇ ਚੁਗਿਰਦੇ ਦੀ ਕੀ ਪਰਵਾਹ ਕਰਦਾ ਹੈ ? ਸੋ ਕੰਮ ਵਿੱਚ ਲੱਗੇ ਆਦਮੀ ਸਹਿਜੇ ਹੀ ਕੁਛ ਆਪੇ ਦਾ ਰਸ ਮਾਣਦੇ ਹਨ ਅਰ ਉਹ ਨਿੰਦਿਆ ਉਸਤਤ ਦੋਹਾਂ ਥੀ ਅਤੀਤ ਜਿਹੇ ਹੁੰਦੇ ਹਨ, ਤੇ ਰਸਿਕ ਕਿਰਤਾਂ ਨੂੰ ਛੱਡ ਵੀ ਦੇਈਏ ਸਾਧਾਰਣ ਸੁੱਚੀ ਹੱਥਾਂ ਪੈਰਾਂ ਦੀ ਕਿਰਤ ਤੇ ਕਸਬ ਵਾਲੇ ਆਪ ਵਿੱਚ ਬੱਚੇ ਵਾਂਗ ਅਬੋਝ ਅਵਸਥਾ ਵਿੱਚ ਟਿਕੇ ਰਹਿੰਦੇ ਹਨ। ਇੱਕ ਅਮੀਰ ਇੱਕ ਵੇਰੀ ਮੋਟਰ ਤੇ ਜਾ ਰਿਹਾ ਸੀ, ਮੈਂ ਵਿੱਚ ਬੈਠਾਂ ਸਾਂ ਤੇ ਅੱਗੇ ਇੱਕ ਬੁੱਢਾ ਗਰੀਬ ਗਵਾਲੀਅਰ ਦਾ ਕਿਰਸਾਨ ਠੁਮਕ-ਠੁਮਕ ਆਪਣੀ ਲੈਅ ਵਿੱਚ ਜਾ ਰਿਹਾ ਸੀ। ਮੋਟਰ ਦੀ ਟੱਕਰ ਲੱਗ ਗਈ। ਮੋਟਰ ਵਾਲਾ ਸੱਜੇ ਤੇ ਉਹ ਖੱਬੇ ਹੋਯਾ, ਉਸ ਖੱਬੇ ਪਰਤਾਈ ਤੇ ਉਹ ਸੱਜੇ ਹੋਯਾ। ਇਸ ਘਬਰਾਹਟ ਵਿੱਚ ਟੱਕਰ ਓਹਨੂੰ ਲੱਗੀ, ਗਰੀਬ ਕਿਰਤੀ ਢਹਿ ਪਿਆ। ਅਮੀਰ ਨੇ ਮੋਟਰ ਖੜ੍ਹੀ ਕੀਤੀ। ਓਹ ਇਉਂ ਪਿਆ ਸੀ ਜਿਵੇ ਕਿਸੇ ਬ੍ਰਿਛ ਨੂੰ ਟੱਕਰ ਲੱਗੀ ਸੀ। ਕੁਛ ਵੀ ਨਹੀਂ ਕੁਇਆ। ਅਸਾਂ ਸਮਝਿਆ ਟੰਗ ਟੁੱਟ ਗਈ ਤੇ ਹਸਪਤਾਲ ਲੈ ਗਏ। ਓਹ ਡਾਕਟਰ ਅੱਗੇ ਵੀ ਇਉਂ ਪੈ ਗਿਆ ਜਿਵੇ ਕੋਈ ਲੱਠ ਹੁੰਦੀ ਹੈ। ਡਾਕਟਰ ਨੇ ਹਿਲਾ ਚਿਲਾ ਕੇ ਵੇਖਿਆ ਤੇ ਕਿਹਾ ਟੁੱਟਿਆ ਕੁਛ ਨਹੀਂ। ਉਸ ਬੇਜ਼ਬਾਨ ਨੇ ਨਾ ਕੋਈ ਸ਼ਕਾਯਤ ਕੀਤੀ ਨਾ ਕੁਝ ਕੂਯਾ। ਜੇ ਕੋਈ ਅਨੇਕ ਚਿੰਤਨ ਵਾਲਾ ਹੁੰਦਾ ਤੇ ਹੋਰ ਕੁਝ ਨਹੀ ਤਦ ਸ਼ਾਕੀ ਤਾਂ ਜ਼ਰੂਰ ਹੁੰਦਾ। ਇਹ ਸ਼ਿਕਵਾ ਵੀ ਨਾ ਕਰਨਾ ਕੋਈ ਜਹਾਲਤ ਦੀ ਗੱਲ ਨਹੀਂ, ਇਹ ਕਿਰਤ ਦਵਾਰਾ ਸਹਿਜ ਸੁਭਾ ਟਿਕੇ, ਭਾਵੇਂ ਭੋਲੇ ਭਾਵ ਵਿੱਚ ਟਿਕੇ ਮਨ ਦਾ ਲੱਛਣ ਹੈ। ਸੋ ਸੁੱਚੀ ਕਿਰਤ ਜਰੂਰ ਰੱਬ ਦੀ ਪੂਜਾ ਹੈ, ਕਿਉਂਕਿ ਸਾਧ ਤੇ ਕਿਰਤੀ ਦੇ ਲੱਛਣ ਮਿਲਦੇ ਹਨ।

ਜਦ ਅਮੀਰ ਲੋਕ ਹੱਦ ਥੀਂ ਵੱਧ ਅਤਯਾਚਾਰ ਕਰਦੇ ਹਨ, ਤਦ ਰੱਬ ਵਲੋਂ ਹੀ ਕੋਈ ਤੂਫ਼ਾਨ ਸੋਸਾਇਟੀ ਵਿੱਚ ਆਉਂਦਾ ਹੈ, ਜਿਹੜਾ ਸੋਸਾਇਟੀ ਦੀ ਜ਼ਮੀਨ ਉੱਚੀ ਨਿੱਚੀ ਪੈਲੀ ਵਿੱਚ ਕਰਾਹ ਫੇਰਦਾ ਹੈ ਤੇ ਬੰਨੇ ਚੰਟੇ ਵੱਟ ਟੋਏ ਨੂੰ ਇੱਕ ਬਰਾਬਰ ਕਰ ਦਿੰਦਾ ਹੈ। ਯੂਰਪ ਵਿੱਚ ਕਈ ਵੇਰੀ ਇਹ ਹੋਯਾ ਪਰ ਫਿਰ ਵੀ ਮੁੜਮੁੜ ਗੱਲ ਸਮਾਂ ਪਾ ਕੇ ਉੱਥੇ ਹੀ ਆ ਟਿਕਦੀ ਹੈ। ਕਿਰਤੀ ਕੁਛ ਗਰੀਬ ਜਿਹੇ, ਨਿਮਾਣੇ ਜਿਹੇ, ਤੇ ਅਮੀਰ ਲੋਕ ਮਨ ਦੇ ਚੰਚਲ ਇਉ. ਜਿਵੇ ਮੋਮ ਦੇ ਬਣੇ ਬੇਜਾਨ ਜਿਹੇ ਬੁੱਤ ਹੁੰਦੇ ਹਨ ਤੇ ਅੱਖਾਂ ਝਮਕਾਂਦੇ ਹਨ ਤੇ ਹੋਠ ਹਿਲਾਂਦੇ ਹਨ। ਉਹਨਾਂ ਨੂੰ ਉਹ ਸੁਖ ਜਿਹੜਾ ਕਿਰਤੀ ਦੀ ਹੱਡੀ ਵਿੱਚ ਕਿਰਤ ਪੈਦਾ ਕਰਦੀ ਹੈ, ਕਦੀ ਨਹੀਂ ਆ ਸਕਦਾ! ਨਿਕੰਮੇ ਹੋਣ ਕਰਕੇ ਉਨ੍ਹਾਂ ਨੂੰ ਧਰਮ-ਕਰਮ ਦੀਆਂ ਗੱਲਾਂ ਮਸਜਿਦਾਂ-ਮੰਦਰ ਬਨਾਉਣ ਦੇ ਅਹੰਕਾਰੀ ਤੇ ਬਨਾਵਟੀ ਦਾਨ ਤੇ ਖੈਰਇਤਾ ਸੁੱਝਦੀਆਂ ਹਨ। ਉਹਨਾਂ ਨੂੰ ਅਗਰ ਵਿਸ਼ੈ ਦੇ ਕੀੜੇ ਕਿਹਾ ਜਾਏ

ਤਦ ਸਾਧਾਰਣ ਉਹਨਾਂ ਦੀ ਸੁਰਤਿ ਦੀ ਹਾਲਤ ਦਾ ਵਰਨਣ ਹੈ। ਯਾ ਕਿਰਤੀ ਸੁੱਚਾ ਯਾ ਆਵੇਸ਼ ਗਰਭਿਤ ਸਾਧ, ਬਸ ਦੋ ਬੰਦੇ ਇਸ ਦੁਨੀਆਂ ਦੇ ਸਹਿਜ ਸੁਭਾ ਦੈਵੀ ਗੁਣਾਂ ਦੇ ਪ੍ਰਕਾਸ਼ਕ ਹੁੰਦੇ ਹਨ, ਅਰ ਓਹਨਾਂ ਦੇ ਓਹ ਗੁਣ ਆਪ ਮੁਹਾਰੇ ਇਉਂ ਚਮਕਦੇ ਹਨ, ਜਿਸ ਤਰ੍ਹਾਂ ਇਸ ਠਹਿਰੇ ਗਗਨ ਵਿੱਚ ਸੂਰਜ ਦੀ ਜੋਤੀ ਉਹਦੀ ਕਿਰਤ ਸਦਾ ਰਸਿਕ ਕਿਰਤ ਹੈ, ਜਿਹਦਾ ਦਿਸਣ ਵਾਲਾ ਰੂਪ ਕੇਵਲ ਬਸ ਜੀਵਣ ਰੌਂ ਚਲਾਣ ਵਾਲਾ ਦਰਸ਼ਨ ਹੈ, ਤੇ ਕਲਾ ਕੌਸ਼ਲ, ਆਰਟ, ਕਵਿਤਾ ਆਦਿ ਉਸ ਦੇ ਦਰਸ਼ਨ ਦੇ ਚਾਨਣਾ ਰੂਪ ਹਨ। ਓਹ ਸਾਧ ਹੈ ਤੇ ਇੱਧਰ ਇੱਕ ਅਭੋਲ ਸੁੱਚਾ ਕਿਰਤੀ ਸਦਾ ਕਸਬ ਕਰਨ ਵਾਲਾ ਬੰਦਾ ਹੈ, ਜਿਸ ਵਿੱਚ ਸਾਧ ਦੇ ਜੀਵਨ ਦਾ ਪ੍ਰਤੀਬਿੰਬ ਆਪ-ਮੁਹਾਰਾ ਪੈਂਦਾ ਹੈ।

ਮੈਂ ਵੇਖਿਆ ਹੈ ਕਿ ਸਿਰਫ਼ ਇੱਕ ਗੁਰੂ ਨਾਨਕ ਸਾਹਿਬ ਤੇ ਦਸ ਗੁਰੂਆਂ ਦੇ ਵਿਯਾਖਯਾਨ ਵਿੱਚ ਸਹਿਜ ਸੁਭਾ ਦਿਆਂ ਗੁਣਾਂ ਦੇ ਪ੍ਰਕਾਸ਼ਕ ਨੂੰ ਬਾਂਹ ਪਕੜ ਇਸ ਕੂੜ ਭੰਵਰ ਵਿੱਚੋਂ ਕੱਢਿਆ ਹੈ। ਉਨ੍ਹਾਂ ਦੇ ਦਰਬਾਰ ਵਿੱਚ ਇੱਕ ਪਾਸੇ ਸੁੱਚੀ ਕਿਰਤ ਨੈਣ ਪਰਾਣਾਂ ਦੀ ਦਸਾਂ ਨੌਹਾਂ ਦੀ ਮਿਹਨਤ ਦੀ ਕਦਰ ਹੈ ਤੇ ਦੂਜੇ ਪਾਸੇ ਪੂਰਣ ਬ੍ਰਹਮ ਗਿਆਨੀ ਅਕ੍ਰੈ ਰਸਿਕ ਕਿਰਤ ਵਾਲੇ ਸਾਧੂ ਦੀ ਚੁੱਪ ਕਿਰਤ ਤੇ ਪੁਰਾਣ ਦਰਸ਼ਨ ਦੀ ਸਿਫ਼ਤ ਹੈ ਤੇ ਸੋਸਾਇਟੀ ਮਨੁਖ ਦੀ ਜੜ੍ਹ ਤਾਂ ਕਿਰਤੀ ਦੀ ਕਿਰਤ ਤੇ ਚੋਟੀ ਦਾ ਫ਼ਲ ਸਾਧ ਦਾ ਵਜੂਦ ਦਸਿਆ ਹੈ, ਇਸ ਥੀਂ ਛੁੱਟ ਸਭ "ਕਰਮ ਧਰਮ ਪਾਂਖੰਡ ਜੋ ਦੀਸਹਿ ਤਿਨ ਜਮ ਜਾਗਾਤੀ ਲੂਟੇ," ਇਹਨਾਂ ਨੂੰ ਕੂੜੇ ਵਾਂਗੂੰ ਬੁਹਾਰੀ ਦੇ ਆਪਣੇ ਮੰਦਰ ਥੀਂ ਬਾਹਰ ਸੁੱਟੇ ਹਨ।

ਓਹ ਵਿਦਯਾ ਅਵਿਦਯਾ ਹੈ, ਜਿਹੜੀ ਮਾਨਸਿਕ ਜੂਏ ਨੂੰ ਤੇ ਅਨੇਕ ਚਿਤਵਨਾਂ ਤੇ ਮਨ ਘੜਿਤ ਮਸਲਿਆਂ ਨੂੰ ਕੁਦਰਤ ਤੇ ਕਾਦਰ ਦੇ ਰੰਗ ਥੀਂ ਜੁਦਾ ਕੀਤੇ ਮਨ ਦੀਆਂ ਚਰਚਾਵਾਂ ਤੇ ਖਿਆਲਾਂ ਨੂੰ ਕੋਈ ਹੈਸੀਅਤ ਦਿੰਦੀ ਹੈ ਤੇ ਉਹ ਅਵਿਦਯਾ ਵਿਦਯਾ ਰੂਪ ਹੈ, ਜਿਹੜੀ ਕੁਦਰਤ ਦੇ ਰੂਹ ਨਾਲ ਅਭੇਦ ਹੋ ਉਸੀ ਕਾਦਰ ਦੇ ਰੰਗ ਵਿੱਚ ਕਿਰਤ ਕਰਦੀ ਸਾਹ ਲੈਂਦੀ ਹੈ।

## ਅਭਿਆਸ-ਪ੍ਰਸ਼ਨ

1. 'ਕਿਰਤ' ਨਿਬੰਧ ਵਿੱਚ ਆਏ ਮੁੱਖ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।
2. 'ਸੁੱਚੀ ਕਿਰਤ ਜ਼ਰੂਰ ਰੱਬ ਦੀ ਪੂਜਾ ਹੈ।' ਸਪੱਸ਼ਟ ਕਰੋ।
3. ਕੌਣ ਉੱਚ ਜੀਵਨ ਦੇ ਮਰਮਾਂ ਨੂੰ ਅਨੁਭਵ ਨਹੀਂ ਕਰ ਸਕਦਾ ? ਨਿਬੰਧ ਦੇ ਆਧਾਰ 'ਤੇ ਬਿਆਨ ਕਰੋ।
4. ਸਾਧ ਤੇ ਕਿਰਤੀ ਦੇ ਲੱਛਣ ਕਿਵੇਂ ਮਿਲਦੇ ਹਨ ? ਸਪੱਸ਼ਟ ਕਰੋ।
5. ਭਾਰਤ ਤੇ ਜਪਾਨ ਦੇਸ਼ ਦੇ ਲੋਕਾਂ ਵਿੱਚ ਕੀ ਵੱਖਰਤਾ ਹੈ ? ਨਿਬੰਧ ਦੇ ਆਧਾਰ ਤੇ ਬਿਆਨ ਕਰੋ।

# ਪ੍ਰਿੰ. ਤੇਜਾ ਸਿੰਘ

ਪ੍ਰਿੰ. ਤੇਜਾ ਸਿੰਘ ਨੂੰ ਪੰਜਾਬੀ ਵਾਰਤਕ ਦਾ ਪ੍ਰਮੁੱਖ ਸ਼ੈਲੀਕਾਰ ਹੋਣ ਦਾ ਮਾਣ ਹਾਸਿਲ ਹੈ। ਉਹਨਾਂ ਦੀ ਵਾਰਤਕ ਵਿਚਲੀ ਸਰਲਤਾ, ਸੰਜਮਤਾ ਤੇ ਸੁਭਾਵਿਕ ਸ਼ੈਲੀ ਪਾਠਕ 'ਤੇ ਆਪਣਾ ਪ੍ਰਭਾਵੀ ਅਸਰ ਛੱਡਦੀ ਹੈ।

ਪ੍ਰਿੰ. ਤੇਜਾ ਸਿੰਘ ਦਾ ਜਨਮ ਸਰਦਾਰ ਭਲਾਕਾਰ ਸਿੰਘ ਦੇ ਘਰ 2 ਜੂਨ 1894 ਨੂੰ ਪਿੰਡ ਅਡਿਆਲਾ ਜ਼ਿਲ੍ਹਾ ਰਾਵਲਪਿੰਡੀ(ਪਾਕਿਸਤਾਨ) ਵਿਖੇ ਹੋਇਆ। ਆਪ ਨੇ ਗਾਰਡਨ ਕਾਲਜ ਰਾਵਲਪਿੰਡੀ ਤੋਂ ਬੀ.ਏ. ਪਾਸ ਕਰਕੇ, ਉੱਥੇ ਹੀ ਅੰਗਰੇਜ਼ੀ ਤੇ ਇਤਿਹਾਸ ਪੜ੍ਹਾਉਣਾ ਆਰੰਭ ਕਰ ਦਿੱਤਾ। ਆਪ ਨੇ ਐੱਮ. ਏ. ਅੰਗਰੇਜ਼ੀ ਪਾਸ ਕਰਨ ਤੋਂ ਬਾਅਦ 1919 ਈ. ਵਿੱਚ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਬਤੌਰ ਅੰਗਰੇਜ਼ੀ ਲੈਕਚਰਾਰ ਅਤੇ 1945 ਵਿੱਚ ਖਾਲਸਾ ਕਾਲਜ ਬੰਬਈ ਦੇ ਪ੍ਰਿੰਸੀਪਲ ਵਜੋਂ ਸੇਵਾ ਨਿਭਾਈ। 1949 ਵਿੱਚ ਮਹਿੰਦਰਾ ਸਰਕਾਰੀ ਕਾਲਜ ਪਟਿਆਲਾ ਪ੍ਰਿੰਸੀਪਲ ਨਿਯੁਕਤ ਹੋਏ। ਬਾਅਦ ਵਿੱਚ ਪੈਪਸੂ ਸਰਕਾਰ ਦੇ ਸਿੱਖਿਆ ਵਿਭਾਗ ਦੇ ਡਾਇਰੈਕਟਰ ਵਜੋਂ ਰਿਟਾਇਰ ਹੋਏ। ਕੁਝ ਸਮਾਂ ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸਕੱਤਰ ਵਜੋਂ ਵੀ ਭੂਮਿਕਾ ਨਿਭਾਈ। ਆਪ ਦੀ ਮੌਤ 10 ਜਨਵਰੀ 1957 ਈ. ਨੂੰ ਹੋਈ।

'ਸਹਿਜ ਸੁਭਾ', 'ਨਵੀਆਂ ਸੋਚਾਂ', ਆਦਿ ਉਹਨਾਂ ਦੇ ਪ੍ਰਮੁੱਖ ਨਿਬੰਧ ਸੰਗ੍ਰਹਿ ਹਨ। ਸਿੱਖ ਧਰਮ ਨਾਲ ਸੰਬੰਧਿਤ ਆਪ ਦੀਆਂ ਅੰਗਰੇਜ਼ੀ ਪੁਸਤਕਾਂ ਵੀ ਬਹੁਤ ਸਲਾਹੀਆਂ ਜਾਂਦੀਆਂ ਹਨ। ਉਹਨਾਂ ਦੇ ਨਿਬੰਧਾਂ ਵਿੱਚ ਪੈਰ੍ਹਿਆਂ ਦੀ ਵੰਡ, ਸ਼ੁੱਧ ਤੇ ਮਿਆਰੀ ਭਾਸ਼ਾ, ਕਾਵਿਕ ਰੰਗਣ, ਢੁੱਕਵੀਂ ਸ਼ਬਦ ਚੋਣ, ਵਾਕ ਬਣਤਰ ਆਦਿ ਸ਼ੈਲੀਗਤ ਜੁਗਤਾਂ ਸਹਿਜੇ ਹੀ ਦੇਖਣ ਨੂੰ ਮਿਲਦੀਆਂ ਹਨ। ਵਰਨਣ ਤੇ ਚਿਤਰਣ ਦਾ ਸੁਮੇਲ ਬੜਾ ਹੀ ਪ੍ਰਭਾਵਸ਼ਾਲੀ ਹੈ। ਵਿਸ਼ਾਲ ਅਧਿਐਨ ਅਤੇ ਅਨੁਭਵ ਪੱਖੋਂ ਉਹ ਪੰਜਾਬੀ ਦੇ ਉੱਘੇ ਵਾਰਤਕਕਾਰ ਹਨ।

# ਗੰਗਾ ਦੀਨ

ਮੈਂ ਉਸ ਨੂੰ ਨਿੱਕਿਆਂ ਹੁੰਦਿਆਂ ਤੋਂ ਜਾਣਦਾ ਸਾਂ, ਕਿਉਂਕਿ ਉਹ ਮੇਰੇ ਭਾਈਏ ਹੋਰਾਂ ਜੋਗੇ ਬੂਟ ਬਣਾਉਂਦਾ ਹੁੰਦਾ ਸੀ। ਉਹ ਅੰਮ੍ਰਿਤਸਰ ਵਿਚ ਸ਼ੇਰ ਸਿੰਘ ਦੇ ਕਟੜੇ ਵਿਚ ਇਕ ਦੁਕਾਨ ਵਿਚ ਕੰਮ ਕਰਦਾ ਹੁੰਦਾ ਸੀ। ਇਹ ਹੱਟੀ ਦੋ ਹੱਟੀਆਂ ਮਿਲਾ ਕੇ ਇਕੋ ਬਣੀ ਹੋਈ ਸੀ। ਹੁਣ ਤਾਂ ਇਹ ਬਜ਼ਾਰ ਬੜਾ ਉਜਾੜ ਜਿਹਾ ਹੈ ਤੇ ਘਟ ਵਧ ਹੀ ਕੋਈ ਇਧਰੋਂ ਲੰਘਦਾ ਹੈ, ਪਰ ਕਦੇ ਉਥੇ ਬੜੀ ਰੌਣਕ ਹੁੰਦੀ ਸੀ।

ਇਹ ਅਨੋਖੀ ਤਰ੍ਹਾਂ ਦਾ ਦੁਕਾਨਦਾਰ ਸੀ। ਇਸ ਦੀ ਹੱਟੀ ਉਤੇ ਕੋਈ ਵੱਡਾ ਸਾਰਾ ਸਾਈਨ-ਬੋਰਡ ਨਹੀਂ ਸੀ ਲੱਗਾ ਹੋਇਆ। ਨਾ ਉਹ ਕਿਸੇ ਦਾ ਚੀਫ਼ ਏਜੰਟ ਸੀ। ਨਾ ਉਸ ਨੇ ਕਿਤੇ ਇਹ ਲਿਖਿਆ ਸੀ ਕਿ ਉਸ ਦੇ ਬਣਾਏ ਬੂਟ ਸਰਕਾਰ ਖਰੀਦਦੀ ਹੈ। ਨਾ ਹੀ ਕੋਈ ਸ਼ੀਸ਼ਿਆਂ ਵਾਲੀਆਂ ਅਲਮਾਰੀਆਂ ਰਖ ਕੇ ਉਨ੍ਹਾਂ ਵਿਚ ਰੰਗ-ਬਰੰਗੇ ਬੂਟ ਸਜਾਏ ਹੋਏ ਸਨ। ਨਾ ਭਾਂਤ ਭਾਂਤ ਦੇ ਡੱਬੇ ਦਿਸਦੇ ਸਨ। ਹੱਟੀ ਲੱਭਣ ਵਾਲਿਆਂ ਦੀ ਅਗਵਾਈ ਲਈ ਉਥੇ ਇਕੋ ਨਿਸ਼ਾਨੀ ਸੀ, ਉਸਨੇ ਇਕ ਗੱਤੇ ਉਤੇ ਆਪ ਹੀ ਕੇਵਲ ਆਪਣਾ ਨਾਂ 'ਗੰਗਾ ਦੀਨ' ਲਿਖ ਕੇ ਧਾਗੇ ਨਾਲ ਬੂਹੇ ਤੇ ਲਟਕਾ ਛਡਿਆ ਸੀ। ਇਹ ਭੀ ਉਸ ਦੇ ਡਾਕੀਏ ਤੇ ਹੋਰ ਕਈ ਇਕ ਗਾਹਕਾਂ ਦੇ ਕਹਿਣ ਤੇ ਕੀਤਾ ਸੀ।

ਹੱਟੀ ਦੇ ਵਧਵੇਂ ਫੱਟੇ ਉਤੇ ਇਕ ਬਾਲਟੀ ਤੇ ਲੋਹੇ ਦੀ ਇਕ ਪੁਰਾਣੀ ਕੁਰਸੀ ਪਈ ਰਹਿੰਦੀ ਸੀ। ਜਾਂ ਉਥੇ ਦੋ ਜੋੜੇ ਪੁਰਾਣੇ ਬੂਟਾਂ ਦੇ ਸਜੇ ਹੁੰਦੇ ਸਨ। ਮੈਂ ਸਾਰੀ ਉਮਰ ਉਹੀ ਦੋ ਜੋੜੇ ਉਥੇ ਪਏ ਵੇਖਦਾ ਰਿਹਾ, ਕਿਉਂਕਿ ਉਹ ਵਾਧੂ ਜੋੜੇ ਬਣਾਉਂਦਾ ਹੀ ਨਹੀਂ ਸੀ। ਉਹ ਕੇਵਲ ਸਾਈ ਦੇ ਜੋੜੇ ਬਣਾਉਂਦਾ ਸੀ। ਉਹ ਇਉਂ ਨਹੀਂ ਸੀ ਕਰਦਾ ਕਿ ਐਵੇਂ ਬੂਟ ਬਣਾ- ਬਣਾ ਰੱਖੀ ਜਾਵੇ ਤੇ ਜਿਹੜਾ ਜਿਸ ਗਾਹਕ ਦੀ ਪੈਰੀਂ ਆ ਜਾਵੇ ਉਹ ਉਸ ਦੇ ਗਲ ਮੜ੍ਹ ਦੇਵੇ। ਉਹ ਹਰ ਇਕ ਗਾਹਕ ਦੇ ਦੋਹਾਂ ਪੈਰਾਂ ਦਾ ਅੱਡ-ਅੱਡ ਮੇਚਾ ਲੈਂਦਾ ਸੀ; ਉਸ ਦੇ ਪੈਰ ਦੀ ਇਕ-ਇਕ ਉਂਗਲ ਨੂੰ ਵੇਖਦਾ ਸੀ ਕਿ ਉਹ ਕਿਥੋਂ ਲੰਮੀ ਹੈ ਤੇ ਕਿਥੋਂ ਉੱਚੀ, ਤਾਂ ਜੋ ਬੂਟ ਉਚੇਚਾ ਉਸ ਦੇ ਪੈਰਾਂ ਲਈ ਬਣੇ ਤੇ ਅਜੇਹਾ ਬਣੇ ਜੋ ਉਸ ਦੀ ਇਕ ਇਕ ਉਂਗਲ ਨਾਲ ਠੀਕ ਆਵੇ, ਕਿਧਰੇ ਵੀ ਲੱਗੇ ਨਾ ਤੇ ਨਾ ਹੀ ਛੇਤੀ ਖ਼ਰਾਬ ਹੋਵੇ। ਇਹ ਕਦੇ ਨਹੀਂ ਸੀ ਹੋਇਆ ਕਿ ਉਸ ਦਾ ਬਣਾਇਆ ਬੂਟ ਗਾਹਕ ਨੂੰ ਠੀਕ ਮੇਚੇ ਨਾ ਆਇਆ ਹੋਵੇ।

ਫਿਰ ਇਹ ਦੋ ਜੋੜੇ ਬਾਹਰ ਪਏ ਰਹਿੰਦੇ ਸਨ, ਕਿਥੋਂ ਆ ਗਏ ? ਇਹ ਭੀ ਅਨਹੋਣੀ ਗੱਲ ਹੈ। ਉਹ ਤਾਂ ਕਦੇ ਭੀ ਆਪਣੀ ਦੁਕਾਨ ਤੇ ਘਰ ਦੀ ਹਦ ਵਿਚ ਚਮੜੇ ਦੀ ਅਜੇਹੀ ਚੀਜ਼ ਨਹੀਂ ਸੀ ਲਿਆ ਸਕਦਾ, ਜਿਸ ਉਤੇ ਉਸ ਨੇ ਆਪ ਮਿਹਨਤ ਨਾ ਕੀਤੀ ਹੋਵੇ। ਨਾਲੇ ਉਹ ਦੋਵੇਂ ਬੂਟ ਡਾਢੇ ਪੱਕੇ ਤੇ ਡਾਢੇ ਸੋਹਣੇ ਸਨ। ਉਨ੍ਹਾਂ ਨੂੰ ਚਮੜਾ ਬੜਾ ਕੀਮਤੀ ਲੱਗਾ ਹੋਇਆ ਸੀ। ਉਨ੍ਹਾਂ ਨੂੰ ਵੇਖਦਿਆਂ ਹੀ ਬੂਟ ਖਰੀਦਣ ਨੂੰ ਜੀਅ ਕਰ ਆਉਂਦਾ ਸੀ। ਉਹ ਨਮੂਨੇ ਦੇ ਬੂਟ ਸਨ ਤੇ ਉਨ੍ਹਾਂ ਨੂੰ ਕੇਵਲ ਉਹੀ ਬਣਾ ਸਕਦਾ ਸੀ ਜੋ ਦਿਲੋਂ ਆਪਣੇ ਕੰਮ ਨਾਲ ਪਿਆਰ ਕਰਦਾ ਹੋਵੇ ਤੇ ਨਮੂਨੇ ਦੀਆਂ ਚੀਜ਼ਾਂ ਫ਼ਰਜ਼ ਕਰਕੇ ਉਨ੍ਹਾਂ ਨੂੰ ਬਣਾਉਣ ਲਈ ਵਾਹ ਲਾਉਂਦਾ ਹੋਵੇ।

ਇਹ ਠੀਕ ਹੈ ਕਿ ਉਸ ਬਾਬਤ ਇਹ ਸਾਰੀਆਂ ਗੱਲਾਂ ਮੈਨੂੰ ਢੇਰ ਚਿਰ ਪਿਛੋਂ ਜਾ ਕੇ ਸੁਝੀਆਂ ਸਨ। ਪਰ ਜਦੋਂ ਮੈਂ 14 ਸਾਲ ਦੀ ਉਮਰ ਵਿਚ ਉਸ ਦੀ ਹੱਟੀ ਤੇ ਪਹਿਲੀ ਵਾਰੀ ਗਿਆ ਸਾਂ, ਓਦੋਂ ਭੀ ਮੇਰੇ ਉਤੇ ਉਸ ਦੇ ਤੇ ਉਸ ਦੇ ਭਰਾ ਦੇ ਵਡੱਪਣ ਦਾ ਬੜਾ ਭਾਰੀ ਅਸਰ ਪਿਆ ਸੀ, ਕਿਉਂਕਿ ਹਿੰਦ ਵਿਚ ਹੱਥੀਂ ਬੂਟ ਬਣਾਉਣੇ - ਫਿਰ ਇਹੋ ਜਿਹੇ ਬੂਟ ਬਣਾਉਣੇ ਮੇਰੇ ਲਈ ਇਕ ਅਚੰਭਾ ਤੇ ਗੁੰਝਲ ਸੀ। ਮੈਂ ਉਸ ਦਿਨ ਤਕ

ਇਹੋ ਸਮਝਦਾ ਰਿਹਾ ਸਾਂ ਕਿ ਸਾਰੇ ਬੂਟ ਵਲੈਤੋਂ ਹੀ ਆਉਂਦੇ ਹਨ ਤੇ ਕੇਵਲ ਮਸ਼ੀਨ ਨਾਲ ਹੀ ਬਣ ਸਕਦੇ ਹਨ।

ਮੈਨੂੰ ਯਾਦ ਹੈ ਕਿ ਇਕ ਦਿਨ ਮੇਚਾ ਦੇਂਦਿਆਂ ਮੈਂ ਸੰਗਦਿਆਂ ਸੰਗਦਿਆਂ ਉਸ ਨੂੰ ਕਿਹਾ, "ਗੰਗਾ ਦੀਨ, ਇਹ ਤੁਹਾਡਾ ਕੰਮ ਮੈਨੂੰ ਤਾਂ ਬੜਾ ਔਖਾ ਜਾਪਦਾ ਹੈ।" ਉਸ ਦਾ ਉੱਤਰ ਭੀ ਮੈਨੂੰ ਚੇਤੇ ਹੈ। ਉਸ ਨੇ ਆਪਣੀ ਕਰਬੜੀ ਹੋ ਚੁੱਕੀ ਦਾੜ੍ਹੀ ਵਿਚੋਂ ਮੁਸਕਰਾ ਕੇ ਕਿਹਾ, "ਹਾਂ ਸਰਦਾਰ ਜੀ, ਇਹ ਵੀ ਇਕ ਉੱਚਾ ਹੁਨਰ ਹੈ।"

ਗੰਗਾ ਦੀਨ ਆਪ ਬਹੁਤ ਮਧਰਾ ਸੀ। ਉਸ ਦਾ ਚਿਹਰਾ ਮੁਹਰਾ ਉਸ ਦੇ ਆਪਣੇ ਬਣਾਏ ਬੂਟਾਂ ਵਰਗਾ ਸਾਫ਼ ਸੀ। ਉਸ ਉਤੇ ਕੋਈ ਦਿਖਾਵਾ ਜਾਂ ਹੋਛਾਪਣ ਨਹੀਂ ਸੀ। ਉਸ ਦੇ ਸਿਰ ਤੇ ਦਾੜ੍ਹੀ ਦੇ ਵਾਲ ਭੂਰੇ ਹੋ ਚੁੱਕੇ ਸਨ। ਪਰ ਉਸ ਦੀ ਅਵਾਜ਼ ਬੜੀ ਸਾਫ਼ ਸੀ। ਉਹ ਬੜੇ ਠਰ੍ਹੰਮੇ ਵਾਲਾ ਸੀ ਤੇ ਸਭ ਕੰਮ ਠੰਢੇ ਦਿਲ ਨਾਲ ਕਰਦਾ ਸੀ। ਉਸ ਦੀਆਂ ਅੱਖਾਂ ਵਿਚ ਚਮਕ ਸੀ, ਜੋ ਦੱਸਦੀ ਸੀ ਕਿ ਇਨ੍ਹਾਂ ਅੱਖਾਂ ਦਾ ਮਾਲਕ ਹਰ ਇਕ ਕੰਮ ਨਮੂਨੇ ਦਾ ਕਰਦਾ ਹੈ; ਆਪਣੀ ਸਾਰੀ ਵਾਹ ਲਾ ਕੇ ਕਰਦਾ ਹੈ ਅਤੇ ਆਪਣੇ ਦਿਲ ਦੇ ਪੂਰੇ ਚਾਉ ਨਾਲ ਕਰਦਾ ਹੈ। ਉਸ ਦਾ ਵੱਡਾ ਭਰਾ ਭਾਵੇਂ ਰਤਾ ਪਿਲੱਤਣ ਉਤੇ ਸੀ ਤੇ ਕੁੱਬਾ ਵੀ ਸੀ, ਪਰ ਉਹ ਗੰਗਾ ਦੀਨ ਨਾਲ ਏਨਾ ਰਲਦਾ ਸੀ ਕਿ ਮੈਨੂੰ ਕਈ ਵਾਰ ਪਤਾ ਹੀ ਨਹੀਂ ਸੀ ਲੱਗਦਾ ਕਿ ਮੈਂ ਉਨ੍ਹਾਂ ਵਿਚੋਂ ਕਿਸ ਨਾਲ ਗੱਲਾਂ ਕਰ ਰਿਹਾ ਹਾਂ। ਫੇਰ ਵੀ ਇਕ ਨਿਸ਼ਾਨੀ ਮੈਨੂੰ ਲੱਭੀ ਹੋਈ ਸੀ। ਜੇ ਤਾਂ ਮੇਰੇ ਨਾਲ ਗੱਲਾਂ ਕਰਨ ਵਾਲਾ ਕਹਿੰਦਾ ਕਿ ਮੈਂ ਭਰਾ ਨੂੰ ਪੁੱਛਾਂਗਾ ਤਾਂ ਮੈਂ ਸਮਝ ਲੈਂਦਾ ਕਿ ਇਹ ਵੱਡਾ ਭਰਾ ਹੈ; ਜੇ ਉਹ ਇਹ ਨਾ ਕਹਿੰਦਾ ਤਾਂ ਗੰਗਾ ਦੀਨ ਹੁੰਦਾ।

ਲੋਕੀਂ ਵੱਡੀਆਂ ਦੁਕਾਨਾਂ ਦੇ ਬਿਲ ਚੋਖਾ ਚਿਰ ਰੋਕ ਛੱਡਦੇ ਹਨ, ਪਰ ਗੰਗਾ ਦੀਨ ਦਾ ਬਿਲ ਕੋਈ ਨਹੀਂ ਸੀ ਰੋਕਦਾ। ਸਭ ਨੂੰ ਪਤਾ ਹੁੰਦਾ ਸੀ ਕਿ ਇਸ ਵਿਚਾਰੇ ਦਾ ਏਨਾ ਪਾਹਣਾ ਨਹੀਂ। ਉਹ ਤਾਂ ਇਕ ਮਿਹਨਤੀ ਸੀ ਤੇ ਰੋਜ਼ ਮਜ਼ੂਰੀ ਕਰ ਕੇ ਰੋਟੀ ਖਾਂਦਾ ਸੀ। ਜੇ ਉਸ ਦੇ ਅਗਲੇ ਪੈਸੇ ਦੇਣੇ ਹੋਣ ਤਾਂ ਉਸ ਕੋਲ ਜਾਂਦਿਆਂ ਹੀ ਸ਼ਰਮ ਆਉਂਦੀ ਸੀ। ਉਸ ਦਾ ਗਾਹਕ ਵਰ੍ਹੇ ਛਿਮਾਹੀਂ ਉਸ ਵੱਲ ਫੇਰਾ ਪਾਉਂਦਾ ਸੀ, ਕਿਉਂਕਿ ਉਸ ਦੇ ਬਣਾਏ ਬੂਟ ਥੋੜ੍ਹੇ ਕੀਤੇ ਟੁੱਟਦੇ ਨਹੀਂ ਸਨ।

ਉਸ ਦੀ ਦੁਕਾਨ ਉੱਤੇ ਹੋਰਨਾਂ ਦੁਕਾਨਾਂ ਵਾਂਗੂ ਕਾਹਲੀ ਵਿਚ ਨਹੀਂ ਸੀ ਜਾਈਦਾ, ਸਗੋਂ ਓਥੇ ਤਾਂ ਓਨੇ ਠੰਢੇ ਦਿਲ ਨਾਲ ਜਾਈਦਾ ਸੀ, ਜਿੰਨੇ ਨਾਲ ਧਾਰਮਕ ਮੰਦਰ ਵਿਚ। ਬਹੁਤ ਕਰਕੇ ਦੁਕਾਨ ਖ਼ਾਲੀ ਪਈ ਰਹਿੰਦੀ ਸੀ ਤੇ ਉਥੇ ਲੋਹੇ ਦੀ ਕੁਰਸੀ ਉਤੇ ਗਾਹਕ ਜਾ ਕੇ ਕੁਝ ਪਲ ਬੈਠਾ ਰਹਿੰਦਾ ਸੀ। ਓਚਰ ਨੂੰ ਛਤ ਉਤੋਂ ਜਾਂ ਦੁਕਾਨ ਦੇ ਦੂਜੇ ਸਿਰੇ ਤੋਂ ਬੜੇ ਭਾਰੇ-ਭਾਰੇ ਸਲੀਪਰਾਂ ਦੀ ਅਵਾਜ਼ ਸੁਣੀਂਦੀ ਸੀ ਤੇ ਗੰਗਾ ਦੀਨ ਜਾਂ ਉਸ ਦਾ ਭਰਾ ਗਾਹਕ ਦੇ ਸਾਹਮਣੇ ਆ ਪੁੱਜਦਾ ਸੀ। ਉਹ ਰਤਾ ਕੋਡਾ ਹੋ ਕੇ ਗਾਹਕ ਨੂੰ ਪੁੱਛਦਾ, 'ਆਓ ਜੀ ?' ਉਸ ਦੇ ਚਿਹਰੇ ਤੋਂ ਇਉਂ ਜਾਪਦਾ ਜਿਵੇਂ ਬੂਟਾਂ ਦੇ ਕਿਸੇ ਸੁਫ਼ਨੇ ਵਿਚੋਂ ਜਾਗਿਆ ਹੁੰਦਾ ਹੈ।

ਓਸ ਵੇਲੇ ਮੈਂ ਉਸਨੂੰ ਕਹਿੰਦਾਂ ਸਾਂ, "ਸੁਣਾਓ, ਗੰਗਾ ਦੀਨ, ਕੀ ਹਾਲ ਹੈ ? ਮੈਨੂੰ ਇਕ ਕਾਲਾ ਬੂਟ ਚਾਹੀਦਾ ਹੈ।"

ਉਹ ਬਿਨਾਂ ਕੁਝ ਬੋਲਣ ਦੇ ਮੇਰੇ ਕੋਲੋਂ ਚਲਾ ਜਾਂਦਾ ਸੀ ਤੇ ਦੁਕਾਨ ਦੇ ਓਸੇ ਸਿਰੇ 'ਤੇ ਜਾ ਪੁਜਦਾ ਸੀ ਜਿਥੋਂ ਉਹ ਆਇਆ ਸੀ। ਮੈਂ ਉਸ ਕੁਰਸੀ 'ਤੇ ਬੈਠਾ ਰਸਤੇ ਦੀ ਬੋ ਸੁੰਘਦਾ ਰਹਿੰਦਾ ਸਾਂ। ਜਲਦੀ ਹੀ ਉਹ

ਚਮੜੇ ਦਾ ਇਕ ਟੋਟਾ ਹੱਥ ਵਿਚ ਫੜੀ ਆ ਜਾਂਦਾ ਸੀ ਤੇ ਕਹਿੰਦਾ ਸੀ, 'ਦੇਖੋ ਜੀ, ਇਹ ਕਿੱਡਾ ਸੋਹਣਾ ਟੋਟਾ ਹੈ।' ਜਦੋਂ ਮੈਂ ਭੀ ਉਸ ਦੇ ਸੋਹਲੇ ਗਾ ਚੁੱਕਦਾ ਤਾਂ ਉਹ ਪੁੱਛਦਾ, 'ਤੁਹਾਨੂੰ ਬੂਟ ਕਦੋਂ ਚਾਹੀਦਾ ਹੈ ?' ਮੇਰਾ ਉੱਤਰ ਹੁੰਦਾ, 'ਜਦੋਂ ਤੁਸੀਂ ਸੌਖ ਨਾਲ ਦੇ ਸਕੋ।' ਤਾਂ ਉਹ ਸੋਚ-ਸੋਚ ਕੇ ਕਹਿੰਦਾ 'ਹੱਛਾ ਜੀ, ਅੱਜ ਤੋਂ ਪੰਦਰਵੇਂ ਦਿਨ ਸਹੀ।' ਜੇ ਗੰਗਾ ਦੀਨ ਦਾ ਵੱਡਾ ਭਰਾ ਹੁੰਦਾ ਤਾਂ ਉਹ ਕਹਿੰਦਾ, 'ਮੈਂ ਆਪਣੇ ਭਰਾ ਨੂੰ ਪੁੱਛਾਂਗਾ।'

ਫਿਰ ਮੈਂ ਉੱਠ ਬਹਿੰਦਾ ਸਾਂ ਤੇ ਮੈਨੂੰ ਦੁਕਾਨ ਤੋਂ ਜਾਂਦੇ ਨੂੰ ਵੇਖ ਕੇ ਉਹ 'ਸਤਿ ਸ਼੍ਰੀ ਅਕਾਲ' ਬੁਲਾ ਦੇਂਦਾ ਸੀ, ਪਰ ਉਸ ਦੀ ਨਜ਼ਰ ਅਜੇ ਵੀ ਉਸ ਚਮੜੇ ਉੱਤੇ ਹੀ ਗੱਡੀ ਹੁੰਦੀ ਸੀ।

ਜੇ ਭਲਾ ਕੋਈ ਨਵੀਂ ਕਿਸਮ ਦਾ ਬੂਟ ਬਣਾਉਣਾ ਹੁੰਦਾ, ਜਿਸ ਦੇ ਨਾਲ ਦਾ ਉਸ ਨੇ ਕਦੇ ਮੇਰੇ ਲਈ ਨਾ ਬਣਾਇਆ ਹੋਵੇ ਤਾਂ ਉਹ ਮੇਰੇ ਪੈਰੋਂ ਬੂਟ ਲੁਹਾ ਲੈਂਦਾ ਅਤੇ ਮੇਰੇ ਪੈਰ ਤੇ ਬੂਟ ਨੂੰ ਡਾਢੇ ਪਿਆਰ ਤੇ ਰੀਝ ਨਾਲ ਵੇਖਦਾ। ਉਸ ਦੀ ਤੱਕਣੀ ਤੋਂ ਇਉਂ ਜਾਪਦਾ ਸੀ ਜਿਵੇਂ ਉਹ ਪਹਿਲਾਂ ਬੂਟ ਬਣਾਉਣ ਵਾਲੇ ਕਾਰੀਗਰ ਦੇ ਚਿੱਤ ਤੱਕ ਪੁੱਜਣ ਦੀ ਕੋਸ਼ਿਸ਼ ਕਰ ਰਿਹਾ ਹੈ। ਜੇ ਉਸ ਨੂੰ ਉਸ ਵਿਚ ਕੋਈ ਨੁਕਸ ਦਿਸਦਾ ਤਾਂ ਉਸ ਦਾ ਚਿਹਰਾ ਬਦਲ ਜਾਂਦਾ ਤੇ ਇਹੋ ਜਾਪਦਾ ਕਿ ਉਹ ਕਾਰੀਗਰ ਨੂੰ ਲਾਹਨਤਾਂ ਪਾ ਰਿਹਾ ਹੈ, ਜੋ ਉਸ ਨੇ ਕਿਉਂ ਏਡੇ ਚੰਗੇ ਕੰਮ ਨੂੰ ਇਸ ਬੇਪਰਵਾਹੀ ਨਾਲ ਕੀਤਾ ਹੈ। ਫੇਰ ਉਹ ਮੇਰੇ ਪੈਰ ਨੂੰ ਇਕ ਕਾਗ਼ਜ਼ ਉਤੇ ਰੱਖਦਾ ਤੇ ਦੋ-ਤਿੰਨ ਵਾਰੀ ਉਸ ਦੇ ਆਲੇ-ਦੁਆਲੇ ਲੀਕ ਵਾਹੁੰਦਾ। ਫਿਰ ਉਹ ਮੇਰੀਆਂ ਉਂਗਲਾਂ ਨੂੰ ਟੋਂਹਦਾ ਤੇ ਇਉਂ ਮੇਰੇ ਪੈਰਾਂ ਦੀਆਂ ਲੋੜਾਂ ਨੂੰ ਜਾਚਦਾ।

ਉਸ ਦੀ ਹੱਟੀ ਦਾ ਇਕ ਸਾਕਾ ਮੈਨੂੰ ਕਦੇ ਨਹੀਂ ਭੁੱਲ ਸਕਦਾ। ਮੈਂ ਉਸ ਦੀ ਹੱਟੀ ਤੇ ਗਿਆ ਤੇ ਕਿਹਾ, 'ਗੰਗਾ ਦੀਨ, ਤੁਹਾਡਾ ਪਿਛਲਾ ਬੂਟ ਬੜੀ ਛੇਤੀ ਟੁੱਟ ਗਿਆ ਹੈ।'

ਉਹ ਕੁਝ ਚਿਰ ਚੁੱਪ-ਚਾਪ ਮੇਰੇ ਵੱਲ ਵੇਖਦਾ ਰਿਹਾ ਜਿਵੇਂ ਕਿਤੇ ਉਹ ਇਸ ਉਡੀਕ ਵਿਚ ਹੁੰਦਾ ਹੈ ਕਿ ਮੈਂ ਆਪਣੀ ਕਹੀ ਹੋਈ ਗੱਲ ਵਾਪਸ ਲੈ ਲਵਾਂਗਾ ਜਾਂ ਕੁਝ ਠੀਕ ਕਰਕੇ ਕਹਾਂਗਾ। ਐਉਂ ਜਾਪਦਾ ਸੀ ਜਿਵੇਂ ਇਹ ਗੱਲ ਉਸ ਨੂੰ ਮੰਨਣ ਵਿਚ ਨਹੀਂ ਆਈ। ਅੰਤ ਨੂੰ ਉਹ ਕਹਿਣ ਲੱਗਾ, 'ਇਸ ਨੂੰ ਟੁੱਟਣਾ ਨਹੀਂ ਸੀ ਚਾਹੀਦਾ।'

'ਪਰ ਉਹ ਟੁੱਟ ਗਿਆ ਹੈ, ਗੰਗਾ ਦੀਨ!'

'ਤੁਸਾਂ ਉਸ ਨੂੰ ਨਵੇਂ ਨੂੰ ਭਿਉਂ ਲਿਆ ਹੋਣਾ ਹੈ।'

'ਮੇਰਾ ਖ਼ਿਆਲ ਨਹੀਂ।'

ਇਹ ਸੁਣਦਿਆਂ ਹੀ ਉਸ ਨੇ ਅੱਖਾਂ ਨੀਵੀਆਂ ਪਾ ਲਈਆਂ ਤੇ ਐਉਂ ਜਾਪਦਾ ਸੀ ਜਿਵੇਂ ਉਹ ਬੂਟਾਂ ਦੇ ਬਣਾਉਣ ਦੇ ਵੇਲੇ ਨੂੰ ਯਾਦ ਕਰ ਰਿਹਾ ਹੈ। ਮੈਨੂੰ ਬੜਾ ਹਿਰਖ ਲੱਗਾ ਜੋ ਮੈਂ ਇਹੋ ਜਿਹੀ ਗੱਲ ਉਸ ਨੂੰ ਆਖ ਬੈਠਾ। ਉਹ ਮੈਨੂੰ ਕਹਿੰਦਾ, 'ਤੁਸੀਂ ਟੁੱਟਾ ਹੋਇਆ ਬੂਟ ਮੇਲੇ ਵੱਲ ਭੇਜ ਦੇਣਾ, ਖਵਰੇ ਉਹ ਠੀਕ ਹੋ ਸਕੇ।' ਇਹ ਸੁਣਦੇ ਹੀ ਮੇਰੇ ਦਿਲ ਵਿਚ ਕਈ ਖ਼ਿਆਲ ਦੌੜਨ ਲੱਗੇ। ਮੈਂ ਆਪਣੀ ਮਿਥਣ ਸ਼ਕਤੀ ਨਾਲ ਇਹ ਸੋਚਦਾ ਸਾਂ ਕਿ ਉਹ ਕਿਵੇਂ ਉਨ੍ਹਾਂ ਬੂਟਾਂ ਉਤੇ ਨਵੇਂ ਸਿਰੇ ਮਿਹਨਤ ਕਰੇਗਾ। ਉਹ ਫਿਰ ਹੌਲੀ ਜਿਹੀ ਬੋਲਿਆ, 'ਕਈ ਬੂਟ ਜਨਮ ਤੋਂ ਹੀ ਭੈੜੇ ਹੁੰਦੇ ਹਨ। ਜੇ ਮੈ ਉਨ੍ਹਾਂ ਨੂੰ ਠੀਕ ਨਾ ਕਰ ਸਕਿਆ ਤਾਂ ਮੈਂ ਤੁਹਾਡੇ ਪਾਸੋਂ ਉਸ ਦੇ ਪੈਸੇ ਨਹੀਂ ਲਵਾਂਗਾ।'

ਇਕ ਵਾਰੀ ਤੇ ਕੇਵਲ ਇਕੋ ਵਾਰੀ, ਮੈਂ ਉਸ ਦੀ ਦੁਕਾਨ ਤੇ ਇੱਕ ਅਜਿਹਾ ਬੂਟ ਪਾ ਕੇ ਚਲਿਆ ਗਿਆ ਜੋ ਕਿਤੇ ਕਾਹਲੀ ਵੇਲੇ ਮੈਂ ਕਿਸੇ ਵੱਡੀ ਦੁਕਾਨ ਤੋਂ ਖਰੀਦਿਆ ਸੀ। ਉਸ ਨੇ ਚਮੜਾ ਦਿਖਾਉਣ ਤੋਂ

ਬਿਨਾਂ ਹੀ ਮੈਥੋਂ ਸਾਈ ਲੈ ਲਈ ਅਤੇ ਮੈਂ ਦੇਖ ਰਿਹਾ ਸੀ ਕਿ ਮੇਰੇ ਪੈਰੀਂ ਬਜ਼ਾਰੀ ਬੂਟ ਵੇਖ ਕੇ ਉਸ ਨੂੰ ਦੁੱਖ ਹੋ ਰਿਹਾ ਹੈ। ਛੇਕੜ ਉਸ ਕਹਿ ਹੀ ਦਿੱਤਾ, 'ਇਹ ਮੇਰੇ ਬਣੇ ਹੋਏ ਬੂਟ ਨਹੀਂ।'

ਇਹ ਗੱਲ ਉਸ ਨੇ ਕਿਸੇ ਗੁੱਸੇ, ਅਫ਼ਸੋਸ ਜਾਂ ਘਿਰਣਾ ਨਾਲ ਨਹੀਂ ਸੀ ਕਹੀ, ਸਗੋਂ ਇਸ ਵਿਚ ਇਕ ਅਜਿਹੀ ਸ਼ਾਂਤੀ ਸੀ, ਜੋ ਲਹੂ ਨੂੰ ਠੰਢਾ ਕਰ ਸੁੱਟਦੀ ਸੀ। ਉਸ ਨੇ ਬਹਿ ਕੇ ਮੇਰੇ ਖੱਬੇ ਬੂਟ ਨੂੰ ਉਥੋਂ ਹੀ ਨੱਪਿਆ ਜਿਥੋਂ ਉਹ ਲੱਗਦਾ ਸੀ ਤੇ ਕਹਿਣ ਲੱਗਾ, 'ਇਹ ਬੂਟ ਤੁਹਾਨੂੰ ਇਥੋਂ ਲੱਗਦਾ ਹੈ। ਇਨ੍ਹਾਂ ਵੱਡੀਆਂ ਦੁਕਾਨਾਂ ਨੂੰ ਇੱਜ਼ਤ ਦੀ ਕੋਈ ਪਰਵਾਹ ਨਹੀਂ ਹੁੰਦੀ।' ਫਿਰ ਉਹ ਕਿੰਨਾ ਚਿਰ ਹੀ ਬੋਲਦਾ ਰਿਹਾ। ਸਾਰੀ ਜ਼ਿੰਦਗੀ ਵਿਚ ਇਹ ਪਹਿਲਾ ਤੇ ਅਖੀਰੀ ਸਮਾਂ ਸੀ ਜਦ ਮੈਂ ਉਸ ਨੂੰ ਬੂਟਾਂ ਦੇ ਕੰਮ ਤੇ ਵਪਾਰ ਦੀਆਂ ਔਖਿਆਈਆਂ ਬਾਬਤ ਵਿਚਾਰ ਕਰਦਿਆਂ ਸੁਣਿਆ। ਉਹ ਫਿਰ ਬੋਲਿਆ, 'ਉਹ ਇਸ਼ਤਿਹਾਰ ਕਰ-ਕਰ ਕੇ ਗਾਹਕ ਫਸਾ ਲੈਂਦੇ ਹਨ।' ਪੈਸੇ ਵੀ ਚੰਗੇ ਮੁੱਛਦੇ ਹਨ। ਕੰਮ ਦੀ ਉਨ੍ਹਾਂ ਨੂੰ ਕੋਈ ਪਰਵਾਹ ਨਹੀਂ। ਮੈਨੂੰ ਭੀ ਇਕ ਦੋ ਦੁਕਾਨਾਂ ਵਾਲਿਆਂ ਆਖਿਆ ਹੈ ਕਿ ਸਾਨੂੰ ਬੂਟ ਬਣਾ ਕੇ ਦੇ ਦਿਆ ਕਰ, ਪਰ ਮੈਥੋਂ ਬਜ਼ਾਰੀ ਕੰਮ ਨਹੀਂ ਕਰ ਹੁੰਦਾ। ਅਸੀਂ ਆਖਦੇ ਹਾਂ ਥੋੜ੍ਹਾ ਕਰੋ, ਪਰ ਸੋਹਣਾ ਕਰੋ। ਉਹ ਕਹਿੰਦੇ ਹਨ, ਅਸਾਂ ਪੈਸੇ ਕੱਠੇ ਕਰਨੇ ਹਨ। ਸਾਨੂੰ ਕੀ ਭਾਵੇਂ ਬੂਟ ਰਾਹ ਵਿਚ ਹੀ ਟੁੱਟ ਜਾਵੇ। ਉਹ ਏਥੇ ਆਉਂਦੇ ਹਨ ਤੇ ਸਦਾ ਸਸਤਾ-ਮੇਲ ਚੀਜ਼ ਬਣਾਉਣ ਲਈ ਕਹਿੰਦੇ ਹਨ, ਪਰ ਨਾਲ ਇਹ ਆਖਦੇ ਹਨ ਕਿ ਬਾਹਰੋਂ ਬੜਾ ਚਮਕਦਾ ਹੋਵੇ। ਉਨ੍ਹਾਂ ਦੀ ਤਾਂ ਉਹ ਗੱਲ ਹੈ ਪਈ 'ਲਾਗੀਆਂ ਲਾਗ ਲੈਣਾ ਏ, ਪਰਾਈ ਧੀ ਭਾਵੇਂ ਘਰ ਜਾਂਦਿਆਂ ਹੀ ਰੰਡੀ ਬਹਿ ਜਾਏ।'

ਸਾਤੋਂ ਤਾਂ ਜੀ ਇਹ ਨਹੀਂ ਹੁੰਦਾ, ਅਸੀਂ ਤਾਂ ਚੀਜ਼ ਚੰਗੀ ਬਣਾਉਂਦੇ ਹਾਂ। ਚੰਗੀ ਚੀਜ਼ ਦਾ ਗਾਹਕ ਅੱਜ ਕਲ੍ਹ ਬੜਾ ਘੱਟ ਹੈ ਪਰ ਉਹ ਜਾਣੇ! ਸਾਨੂੰ ਇਹੀ ਬੜੀ ਖੁਸ਼ੀ ਹੈ ਕਿ ਅਸਾਂ ਚੀਜ਼ ਮਿਹਨਤ ਨਾਲ ਬਣਾਈ ਹੈ। ਏਨ੍ਹਾਂ ਲੋਕਾਂ ਨੇ ਰੱਦੀ ਚੀਜ਼ਾਂ ਦੇ ਕੇ ਭਾਅ ਭੀ ਬੜੇ ਘਟਾ ਛੱਡੇ ਹਨ। ਚੰਗੀ ਚੀਜ਼ ਉਸ ਲੇਖੇ ਪੁੱਗਦੀ ਨਹੀਂ। ਪਰ ਕੀ ਕਰੀਏ ?

ਜਦ ਉਹ ਇਹ ਗੱਲਾਂ ਕਰ ਰਿਹਾ ਸੀ ਤਾਂ ਮੈਂ ਉਸ ਦੇ ਚਿਹਰੇ ਤੇ ਉਹ ਕੁਝ ਵੇਖਿਆ ਜੋ ਅੱਗੇ ਕਦੇ ਨਹੀਂ ਵੇਖਿਆ। ਮੈਂ ਦੇਖਿਆ ਕਿ ਉਹ ਦੁਖੀ ਹੈ। ਉਹ ਅਚਨਚੇਤ ਅੱਜ ਮੈਨੂੰ ਅੱਗੇ ਨਾਲੋਂ ਕਈ ਗੁਣਾ ਵਧੇਰੇ ਬੁੱਢਾ ਜਾਪਿਆ। ਮੈਨੂੰ ਪਤਾ ਲੱਗਾ ਕਿ ਉਸ ਵਿਚਾਰੇ ਨੂੰ ਕੰਮ ਕਰਨ ਦੀ ਖੁਸ਼ੀ ਕਿੰਨੀ ਮਹਿੰਗੀ ਪੈਂਦੀ ਹੈ।

ਮੈਂ ਉਸ ਨੂੰ ਚੰਗੀ ਤਰ੍ਹਾਂ ਖੋਲ੍ਹ ਕੇ ਦੱਸਿਆ ਕਿ ਕਿਨ੍ਹਾਂ ਹਾਲਤਾਂ ਵਿੱਚ ਮੈਨੂੰ ਉਹ ਬਜ਼ਾਰੀ ਬੂਟ ਖਰੀਦਣਾ ਪਿਆ ਸੀ। ਤਾਂ ਭੀ ਉਸ ਦੇ ਚਿਹਰੇ ਤੇ ਉਸ ਦੇ ਬੋਲਣ ਨੇ ਮੇਰੇ ਉੱਤੇ ਇੰਨਾ ਅਸਰ ਪਾਇਆ ਕਿ ਉਨ੍ਹਾਂ ਕੁਝ ਮਿੰਟਾਂ ਵਿਚ ਮੈਂ ਕਈ ਬੂਟਾਂ ਦੀ ਸਾਈ ਦਿੱਤੀ। ਉਸ ਦੇ ਬੂਟ ਟੁੱਟਦੇ ਨਹੀਂ ਸਨ। ਇਸ ਲਈ ਦੋ ਵਰ੍ਹੇ ਮੈਂ ਉਸ ਕੋਲ ਨਾ ਜਾ ਸਕਿਆ।

ਦੋ ਸਾਲਾਂ ਪਿੱਛੋਂ ਇਕ ਵਾਰੀ ਮੈਂ ਉੱਧਰੋਂ ਲੰਘਿਆ ਤਾਂ ਮੈਂ ਵੇਖਿਆ ਕਿ ਉਸੇ ਦੁਕਾਨ ਦੇ ਦੋ ਹਿੱਸੇ ਹੋਏ-ਹੋਏ ਹਨ ਤੇ ਇਕ ਹਿੱਸੇ ਉਤੇ ਬੜਾ ਸ਼ਾਨਦਾਰ ਸਾਈਨ-ਬੋਰਡ ਲੱਗਾ ਹੋਇਆ ਹੈ। ਇਹ ਵੀ ਬੂਟ ਵੇਚਣ ਵਾਲਿਆਂ ਦਾ ਸੀ। ਬੋਰਡ ਤੇ ਲਿਖਿਆ ਸੀ ਕਿ ਉਨ੍ਹਾਂ ਦੀ ਦੁਕਾਨ ਰਾਜਿਆਂ-ਮਹਾਰਾਜਿਆਂ ਤੇ

ਰਾਣੀਆਂ ਲਈ ਬੂਟ ਬਣਾਉਂਦੀ ਹੈ। ਉਹ ਪੁਰਾਣੇ ਦੋ ਜੋੜੇ ਦੂਜੇ ਹਿੱਸੇ ਦੀ ਨੁੱਕਰ ਵੱਲ ਪਏ ਸਨ। ਗੰਗਾ ਦੀਨ ਵਾਲਾ ਹਿੱਸਾ ਹੁਣ ਅੱਗੇ ਨਾਲੋਂ ਵੀ ਵਧੇਰੇ ਹਨੇਰਾ ਤੇ ਬੋ ਵਾਲਾ ਹੋ ਗਿਆ ਸੀ। ਪਰ ਦੂਜੇ ਹਿੱਸੇ ਵਿਚ ਅਲਮਾਰੀਆਂ ਵਿਚ ਬੂਟ ਲਿਸ਼ਕ ਰਹੇ ਸਨ। ਅੱਗੇ ਨਾਲੋਂ ਵੀ ਵਧੇਰੇ ਚਿਰ ਪਿੱਛੋਂ ਗੰਗਾ ਦੀਨ ਮੇਰੇ ਸਾਹਮਣੇ ਆਇਆ ਤੇ ਮੈਂ ਕਿਹਾ, "ਤੁਹਾਡੇ ਬੂਟ ਬਹੁਤ ਪੱਕੇ ਤੇ ਹੰਢਣਸਾਰ ਹੁੰਦੇ ਹਨ। ਇਹ ਬੂਟ ਦੋ ਸਾਲ ਪਾਉਂਦਿਆਂ ਹੋ ਗਏ ਹਨ, ਅਜੇ ਨਵਾਂ ਜਾਪਦਾ ਹੈ।" ਇਹ ਕਹਿੰਦਿਆਂ ਮੈਂ ਆਪਣਾ ਪੈਰ ਅੱਗੇ ਕੀਤਾ।

ਉਸ ਨੇ ਬੂਟ ਵੱਲ ਵੇਖਿਆ। ਇਉਂ ਜਾਪਦਾ ਸੀ ਜਿਵੇਂ ਬੜੇ ਚਿਰਾਂ ਮਗਰੋਂ ਉਹ ਕਿਸੇ ਮਿੱਤਰ ਨੂੰ ਮਿਲਿਆ ਹੋਵੇ ਤੇ ਉਸ ਨੂੰ ਵੇਖ ਰਿਹਾ ਹੋਵੇ। ਉਸ ਬੂਟ ਵਿਚ ਉਸ ਦੀ ਰੂਹ ਸੀ। ਉਸ ਨੇ ਪੈਸਿਆਂ ਲਈ ਬੂਟ ਕਦੇ ਨਹੀਂ ਸਨ ਬਣਾਏ, ਸਗੋਂ ਉਹ ਬੂਟ ਬਣਾਉਣ ਵਿਚ ਆਪ ਮਸਤ ਹੋ ਜਾਂਦਾ ਸੀ।

ਉਹ ਕਹਿਣ ਲੱਗਾ, 'ਪਰ ਲੋਕਾਂ ਨੂੰ ਚੰਗੇ ਤੇ ਹੰਢਣਸਾਰ ਬੂਟਾਂ ਦੀ ਲੋੜ ਨਹੀਂ ਰਹੀ।'

ਮੈਨੂੰ ਡਰ ਸੀ ਕਿ ਉਸ ਦਿਨ ਵਾਂਗ ਫਿਰ ਕਿਤੇ ਕਿੱਸਾ ਛੋਹ ਨਾ ਬਹੇ। ਮੈਂ ਗੱਲ ਟਾਲਣ ਲਈ ਛੇਤੀ ਨਾਲ ਪੁੱਛਿਆ, 'ਤੁਸਾਂ ਦੁਕਾਨ ਨੂੰ ਕੀ ਕੀਤਾ ਹੈ ?'

ਉਸ ਨੇ ਠਰ੍ਹਮੇ ਨਾਲ ਉੱਤਰ ਦਿੱਤਾ, 'ਕਰਾਇਆ ਬਹੁਤ ਸੀ! ਮੰਦੇ ਮੰਦਵਾੜੇ ਦੇ ਦਿਨ ਨੇ! ਸੱਚ ਤੁਹਾਨੂੰ ਹੋਰ ਬੂਟ ਚਾਹੀਦੇ ਨੇ ?'

ਮੈਂ ਤਿੰਨ ਬੂਟਾਂ ਦੀ ਸਾਈ ਦਿੱਤੀ, ਹਾਲਾਂਕਿ ਮੈਨੂੰ ਲੋੜ ਕੇਵਲ ਦੋ ਬੂਟਾਂ ਦੀ ਸੀ ਤੇ ਮੈਂ ਛੇਤੀ ਨਾਲ ਚਲਦਾ ਬਣਿਆ। ਮੈਨੂੰ ਇਉਂ ਜਾਪਦਾ ਸੀ ਜਿਵੇਂ ਉਸ ਦਾ ਖਿਆਲ ਇਹ ਹੈ ਕਿ ਸਾਰਾ ਸ਼ਹਿਰ ਵੱਡੀਆਂ ਹੱਟੀਆਂ ਤੋਂ ਸੌਦਾ ਲੈ ਕੇ ਉਸ ਨੂੰ ਉਜਾੜਨ ਤੇ ਲੱਕ ਬੰਨ੍ਹੀ ਬੈਠਾ ਹੈ।

ਕਈ ਮਹੀਨਿਆਂ ਪਿੱਛੋਂ ਮੈਂ ਫੇਰ ਉਨ੍ਹਾਂ ਦੀ ਹੱਟੀ ਤੇ ਗਿਆ ਤੇ ਉਥੇ ਮੈਨੂੰ ਜਾਪਿਆ ਕਿ ਮੈਂ ਗੰਗਾ ਦੀਨ ਦੇ ਵੱਡੇ ਭਰਾ ਨਾਲ ਗੱਲਾਂ ਕਰ ਰਿਹਾ ਹਾਂ। ਉਸ ਦੇ ਹੱਥ ਵਿਚ ਉਸੇ ਤਰ੍ਹਾਂ ਚਮੜੇ ਦਾ ਟੋਟਾ ਸੀ।

ਮੈਂ ਕਿਹਾ, 'ਸੁਣਾਓ ਜੀ, ਕੀ ਹਾਲ ਹੈ ?'

'ਤੁਹਾਡੀ ਮਿਹਰਬਾਨੀ! ਮੈਂ ਤਾਂ ਬਿਲਕੁਲ ਰਾਜ਼ੀ ਹਾਂ, ਪਰ ਮੇਰਾ ਵੱਡਾ ਭਰਾ ਗੁਜ਼ਰ ਗਿਆ ਹੈ।' ਇਹ ਸੁਣ ਕੇ ਮੈਨੂੰ ਪਤਾ ਲੱਗਾ ਕਿ ਮੈਂ ਗੰਗਾ ਦੀਨ ਦੇ ਵੱਡੇ ਭਰਾ ਨਾਲ ਨਹੀਂ ਸਗੋਂ ਗੰਗਾ ਦੀਨ ਨਾਲ ਹੀ ਗੱਲ ਬਾਤ ਕਰ ਰਿਹਾ ਹਾਂ। ਉਹ ਹੁਣ ਬਹੁਤ ਬੁੱਢਾ ਹੋ ਚੁੱਕਿਆ ਸੀ। ਮੈਂ ਅੱਗੇ ਕਦੇ ਇਸ ਨੂੰ ਭਰਾ ਦੀ ਗੱਲ ਕਰਦਿਆਂ ਨਹੀਂ ਸੀ ਵੇਖਿਆ। ਮੈਨੂੰ ਉਸਦੇ ਭਰਾ ਮਰਨ ਦਾ ਬੜਾ ਦੁਖ ਹੋਇਆ ਤੇ ਮੈਂ ਕਿਹਾ, 'ਓਹੋ! ਇਹ ਤਾਂ ਬੜਾ ਮਾੜਾ ਹੋਇਆ। ਭਰਾ ਮਰਨ ਨਾਲ ਤਾਂ ਬਾਹਾਂ ਭਜ ਜਾਂਦੀਆਂ ਹਨ।'

ਉਹ ਬੋਲਿਆ, 'ਹਾਂ ਜੀ ਵਿਚਾਰਾ ਬੜਾ ਚੰਗਾ ਸੀ। ਬੜੇ ਸੋਹਣੇ ਬੂਟ ਬਣਾਉਂਦਾ ਸੀ।' ਇਹ ਕਹਿੰਦਿਆਂ ਹੀ ਉਸ ਨੇ ਆਪਣੇ ਨੰਗੇ ਸਿਰ ਤੇ ਹੱਥ ਫੇਰਿਆ। ਉਥੇ ਵਾਲ ਉਨੇ ਕੁ ਹੀ ਰਹਿ ਗਏ ਸਨ ਜਿੰਨੇ ਕੁ ਉਸ ਦੇ ਭਰਾ ਦੇ ਸਿਰ ਤੇ ਹੁੰਦੇ ਸਨ ਤੇ ਫਿਰ ਕਹਿਣ ਲੱਗਾ, 'ਉਸ ਤੋਂ ਦੁਕਾਨ ਖੁੱਸਣ ਦੀ ਸੱਟ ਨਹੀਂ ਸਹਾਰੀ ਗਈ। ਕੀ ਤੁਹਾਨੂੰ ਬੂਟ ਚਾਹੀਦਾ ਹੈ ?' ਉਸ ਨੇ ਹਥਲਾ ਚਮੜਾ ਮੈਨੂੰ ਵਿਖਾਇਆ ਤੇ ਕਹਿਣ ਲੱਗਾ, 'ਇਹ ਚਮੜਾ ਬੜਾ ਸੋਹਣਾ ਹੈ।'

ਮੈਂ ਦੋ ਕੁ ਜੋੜਿਆਂ ਦੀ ਸਾਈ ਦੇ ਦਿੱਤੀ। ਕਈ ਸਾਤੇ ਲੰਘਣ ਪਿਛੋਂ ਮੈਨੂੰ ਬੂਟ ਮਿਲੇ, ਪਰ ਇਹ ਅੱਗੇ ਨਾਲੋਂ ਵੀ ਚੰਗੇ ਸਨ। ਉਨ੍ਹਾਂ ਨੂੰ ਜਿੰਨਾ ਵਰਤਦਾ ਸਾਂ ਓਨੇ ਹੀ ਸੋਹਣੇ ਨਿਕਲਦੇ ਆਉਂਦੇ ਸਨ! ਛੇਤੀ

ਹੀ ਮੈਨੂੰ ਕਿਤੇ ਬਾਹਰ ਜਾਣਾ ਪੈ ਗਿਆ।

ਵਰ੍ਹੇ ਤੋਂ ਵਧੀਕ ਮੈਂ ਬਾਹਰ ਰਿਹਾ। ਵਾਪਸ ਆ ਕੇ ਮੈਂ ਪਹਿਲਾਂ ਪਹਿਲ ਗੰਗਾ ਦੀਨ ਦੀ ਦੁਕਾਨ ਤੇ ਗਿਆ। ਮੈਂ 60 ਵਰ੍ਹੇ ਦਾ ਗੰਗਾ ਦੀਨ ਛੱਡ ਕੇ ਗਿਆ ਸਾਂ ਤੇ ਇਕ ਵਰ੍ਹੇ ਪਿਛੋਂ 75 ਵਰ੍ਹਿਆਂ ਦੇ ਗੰਗਾ ਦੀਨ ਨੂੰ ਆ ਵੇਖਿਆ। ਇਕ ਵਰ੍ਹੇ ਵਿਚ ਉਹ 15 ਵਰ੍ਹੇ ਜਿੰਨਾ ਬੁੱਢਾ ਹੋ ਗਿਆ ਸੀ। ਉਸ ਨੇ ਪਹਿਲਾਂ ਤਾਂ ਮੈਨੂੰ ਸਿਞਾਣਿਆਂ ਹੀ ਨਾ।

ਮੈਂ ਉਸ ਨੂੰ ਕਿਹਾ, 'ਗੰਗਾ ਦੀਨ! ਤੁਹਾਡੇ ਬੂਟ ਬੜੇ ਸੋਹਣੇ ਹੁੰਦੇ ਹਨ। ਮੈਂ ਇਹ ਬੂਟ ਓਦੋਂ ਦਾ ਹੀ ਰੋਜ਼ ਪਾਉਂਦਾ ਹਾਂ, ਅਜੇ ਭੀ ਇਹ ਨਵੇਂ ਨਕੋਰ ਦਿਸਦੇ ਹਨ।'

ਗੰਗਾ ਦੀਨ ਕਿੰਨਾ ਚਿਰ ਮੇਰੇ ਬੂਟਾਂ ਵੱਲ ਵੇਖਦਾ ਰਿਹਾ। ਫੇਰ ਉਨ੍ਹਾਂ ਨੂੰ ਟੋਹ ਟਾਹ ਕੇ ਕਹਿਣ ਲੱਗਾ, 'ਇਹ ਅੱਡੀ ਵੱਲੋਂ ਲੱਗੇ ਤਾਂ ਨਹੀਂ! ਮੈਨੂੰ ਡਰ ਹੀ ਰਿਹਾ ਸੀ।'

'ਨਹੀਂ। ਇਹ ਬੜੇ ਸੋਹਣੇ ਮੇਚੇ ਆਏ ਸਨ।'

ਉਹ ਪੁੱਛਣ ਲੱਗਾ, 'ਹੋਰ ਜੋੜਾ ਚਾਹੀਦਾ ਹੈ? ਮੈਂ ਛੇਤੀ ਹੀ ਬਣਾ ਦਿਆਂਗਾ। ਅੱਜ ਕੱਲ੍ਹ ਕੰਮ ਕੋਈ ਨਹੀਂ।'

ਮੈਂ ਕਿਹਾ, 'ਹਾਂ, ਹਾਂ, ਮੈਨੂੰ ਬੂਟ ਚਾਹੀਦੇ ਨੇ।'

ਉਹ ਆਖਣ ਲੱਗਾ, 'ਤਾਂ ਫਿਰ ਮੈਂ ਨਵਾਂ ਮੇਚਾ ਲੈਂਦਾ ਹਾਂ। ਤੁਹਾਡਾ ਪੈਰ ਜ਼ਰੂਰ ਅੱਗੇ ਨਾਲੋਂ ਥੋੜ੍ਹਾ ਬਹੁਤ ਵੱਡਾ ਹੋ ਗਿਆ ਹੈ।' ਇਹ ਕਹਿ ਕੇ ਉਸ ਨੇ ਅੱਗੇ ਵਾਂਗ ਹੀ ਮੇਰੇ ਦੋਹਾਂ ਪੈਰਾਂ ਦਾ ਖ਼ਾਕਾ ਖਿੱਚਿਆ ਤੇ ਉਂਗਲਾਂ ਦੇ ਨਿਵਾਣ ਉਚਾਣ ਨੂੰ ਜਾਚਿਆ। ਇਹ ਕੰਮ ਕਰਦਿਆਂ ਉਸ ਕੇਵਲ ਇਕ ਵਾਰੀ ਉਤਾਂਹ ਤੱਕਿਆ ਤੇ ਕਹਿਣ ਲੱਗਾ, 'ਮੈਂ ਖ਼ਬਰੇ ਤੁਹਾਨੂੰ ਦੱਸਿਆ ਸੀ ਕਿ ਨਹੀਂ ਕਿ ਮੇਰਾ ਵੱਡਾ ਭਰਾ ਗੁਜ਼ਰ ਗਿਆ ਹੈ।'

ਉਹ ਇੰਨਾ ਲਿੱਸਾ ਹੋ ਚੁੱਕਾ ਸੀ ਕਿ ਉਸ ਵੱਲ ਦੇਖਦਿਆਂ ਹੀ ਤਰਸ ਆਉਂਦਾ ਸੀ। ਉੱਥੋਂ ਬਾਹਰ ਨਿਕਲ ਆਉਣ ਤੇ ਹੀ ਮੈਨੂੰ ਸੁਖ ਦਾ ਸਾਹ ਆਇਆ।

ਮੈਂ ਉਨ੍ਹਾਂ ਬੂਟਾਂ ਦੀ ਆਸ ਲਾਹ ਬੈਠਾ ਸਾਂ, ਜੋ ਇਕ ਦਿਨ ਓਹ ਮੇਰੇ ਘਰ ਆ ਪੁੱਜੇ। ਮੈਂ ਚਾਰੇ ਜੋੜੇ ਇਕ ਪਲ ਵਿਚ ਰੱਖ ਲਏ। ਮੈਂ ਇਕ-ਇਕ ਕਰਕੇ ਉਨ੍ਹਾਂ ਨੂੰ ਪੈਰੀਂ ਪਾ ਕੇ ਵੇਖਿਆ। ਸ਼ਕਲ ਵਿਚ ਮੇਚੇ ਆਉਣ ਵਿਚ ਬਣਾਉਣ ਦੀ ਕਾਰੀਗਰੀ ਵਿਚ ਤੇ ਚਮੜੇ ਦੀ ਚੰਗਿਆਈ ਵਿੱਚ ਓਹ ਉਸ ਦੇ ਪਹਿਲੇ ਬਣੇ ਸਭ ਬੂਟਾਂ ਨਾਲੋਂ ਵਧੀਆ ਸਨ। ਇਕ ਬੂਟ ਦੇ ਤਸਮਿਆਂ ਵਿਚ ਉਸ ਨੇ ਆਪਣਾ ਖਿਧਾ ਜਿਹਾ ਬਿੱਲ ਅੜੁੰਗਿਆ ਹੋਇਆ ਸੀ। ਪੈਸੇ ਤਾਂ ਅੱਗੇ ਜਿੰਨੇ ਹੀ ਸਨ, ਪਰ ਅੱਗੇ ਕਦੇ ਉਸ ਨੇ ਨਾਲ ਹੀ ਬਿੱਲ ਨਹੀਂ ਸੀ ਭੇਜਿਆ, ਸਗੋਂ ਛੇਈਂ ਮਹੀਨੀਂ ਕੱਠਾ ਲੇਖਾ ਕਰੀਦਾ ਸੀ ਤੇ ਲੰਘਦਿਆਂ ਲੰਘਦਿਆਂ, ਕਦੇ ਸਹਿਜ-ਭਾ ਨਾਲ ਆਪੇ ਦੇ ਆਈਦੇ ਸਨ। ਮੈਨੂੰ ਸੁਝ ਗਈ ਕਿ ਉਸ ਨੂੰ ਡਾਢੀ ਲੋੜ ਪਈ ਹੋਣੀ ਹੈ। ਮੈਂ ਉਸੇ ਵੇਲੇ ਨੌਕਰ ਹੱਥ ਪੈਸੇ ਭੇਜ ਦਿੱਤੇ।

10 ਕੁ ਦਿਨ ਪਿੱਛੋਂ ਮੈਂ ਉਧਰੋਂ ਲੰਘ ਰਿਹਾ ਸਾਂ। ਮੈਂ ਸੋਚਿਆ ਗੰਗਾ ਦੀਨ ਨੂੰ ਦੱਸ ਚਲੀਏ ਕਿ ਉਸ ਦੇ ਬੂਟ ਬਹੁਤ ਸੋਹਣੇ ਆਏ ਹਨ। ਮੈਂ ਜਦ ਦੁਕਾਨ ਤੇ ਪੁੱਜਾ ਤਾਂ ਮੈਂ ਵੇਖਿਆ ਕਿ ਉਹ ਗੱਤੇ ਦਾ ਬੋਰਡ ਉੱਥੇ ਹੈ ਨਹੀਂ, ਪਰ ਉੱਥੇ ਬੂਟ ਭਾਂਤ-ਭਾਂਤ ਦੇ ਪਏ ਸਨ ਤੇ ਦੁਕਾਨ ਸਜੀ ਹੋਈ ਸੀ। ਮੈਂ ਘਬਰਾਇਆ ਹੋਇਆ

ਅੰਦਰ ਵੜਿਆ। ਦੋਵੇਂ ਦੁਕਾਨਾਂ ਫਿਰ ਇਕੋ ਬਣੀਆਂ ਹੋਈਆਂ ਤੇ ਮੈਨੂੰ ਇਕ ਜਵਾਨ ਆਦਮੀ ਸਾਫ਼ ਕੱਪੜਿਆਂ ਵਿਚ ਕੱਸਿਆ ਹੋਇਆ ਮਿਲਿਆ।

ਮੈਂ ਕਿਹਾ, 'ਗੰਗਾ ਦੀਨ ਅੰਦਰ ਹੈ ?'

ਉਸ ਨੇ ਹੈਰਾਨੀ ਨਾਲ ਮੇਰੇ ਵੱਲ ਤੱਕਿਆ, ਤੇ ਕਹਿਣ ਲੱਗਾ, 'ਨਹੀਂ ਜੀ, ਨਹੀਂ। ਤੁਸੀਂ ਹੁਕਮ ਕਰੋ। ਇਹ ਦੁਕਾਨ ਅਸਾਂ ਲੈ ਲਈ ਹੈ। ਤੁਸੀਂ ਸਾਡਾ ਬੋਰਡ ਨਹੀਂ ਦੇਖਿਆ ? ਅਸੀਂ ਵੱਡੇ-ਵੱਡੇ ਘਰਾਂ ਵਿਚ

ਬੂਟ ਭੇਜਦੇ ਹਾਂ। ਤੁਸੀਂ ਹੁਕਮ ਕਰੋ।'

'ਠੀਕ ਹੈ ਪਰ ਗੰਗਾ ਦੀਨ ?'

'ਉਹ ਤਾਂ ਮਰ ਗਿਆ।'

'ਮਰ ਗਿਆ ! ਉਹ ਕਦੋਂ ? ਅਜੇ ਅਗਲੇ ਦਿਨ ਤਾਂ ਉਸ ਤੋਂ ਬੂਟ ਮੰਗਵਾਏ ਹਨ।'

'ਉਹ ਵਿਚਾਰਾ ਭੁੱਖਾ ਹੀ ਮਰ ਗਿਆ। ਹਕੀਮ ਨੇ ਕਿਹਾ ਸੀ ਕਿ ਉਹ ਕੰਮ ਬਹੁਤਾ ਕਰਦਾ ਰਿਹਾ ਤੇ ਖਾਣ ਨੂੰ ਘੱਟ ਮਿਲਦਾ ਰਿਹਾ ਸੂ। ਉਹ ਬੂਟ ਏਨੀ ਰੀਝ ਨਾਲ ਬਣਾਉਂਦਾ ਸੀ ਕਿ ਸਾਈਆਂ ਦੇਣ ਵਾਲੇ ਕਾਹਲੇ ਪੈ ਜਾਂਦੇ ਸਨ ਤੇ ਉਹ ਕਈ ਦਿਨ ਲਾ ਛੱਡਦਾ ਸੀ। ਇਉਂ ਉਸ ਦੇ ਗਾਹਕ ਸਾਰੇ ਟੁੱਟ ਗਏ ਸਨ ਤੇ ਵਿਚਾਰਾ ਪੈਸਿਆਂ ਖੁਣੋਂ ਹੀ ਮਰ ਗਿਆ। ਉਸ ਜਿਹੇ ਬੂਟ ਸਾਰੇ ਪੰਜਾਬ ਵਿਚ ਕੋਈ ਨਹੀਂ ਸੀ ਬਣਾ ਸਕਦਾ। ਪਰ ਦੇਖੋ ਨਾ ਜੀ, ਅੱਜ ਕੱਲ੍ਹ ਮੁਕਾਬਲੇ ਦੇ ਦਿਨ ਹੋਏ। ਉਸ ਕਦੇ ਇਸ਼ਤਿਹਾਰ ਨਹੀਂ ਸੀ ਕੀਤਾ। ਉਹ ਚਮੜਾ ਬੜਾ ਕੀਮਤੀ ਵਰਤਦਾ ਸੀ, ਤੇ ਸਾਰਾ ਕੰਮ ਆਪਣੀ ਹੱਥੀਂ ਕਰਦਾ ਸੀ। ਭਲਾ ਅੱਜ ਕੱਲ ਏਦਾਂ ਗੁਜ਼ਾਰਾ ਹੁੰਦਾ ਪਿਆ ਹੈ ?' ਮੈਂ ਕਿਹਾ, 'ਠੀਕ ਹੈ।'

ਉਹ ਜਵਾਨ ਫੇਰ ਬੋਲਿਆ – 'ਸੱਚ ਜਾਣਨਾ ਉਹ ਬੂਟ ਬਣਾਉਣ ਵਿਚ ਦਿਨ-ਰਾਤ ਇੱਕ ਕਰ ਛੱਡਦਾ ਸੀ। ਮਰਦੇ ਦਮ ਤੋੜੀਂ ਵਿਚਾਰਾ ਆਪਣੇ ਕੰਮ ਲੱਗਾ ਰਿਹਾ। ਉਸ ਨੂੰ ਖਾਣ-ਪੀਣ ਦੀ ਤੇ ਆਪਣੇ ਆਪ ਦੀ ਕੋਈ ਸੋਝੀ ਹੀ ਨਹੀਂ ਸੀ ਰਹਿੰਦੀ। ਘਰ ਵਿਚ ਵਿਚਾਰੇ ਦੇ ਭੁੱਖ ਨੰਗ ਹੀ ਸੀ। ਸਾਰੀ ਵਟਕ ਕਿਰਾਏ ਤੇ ਚਮੜੇ ਵਿਚ ਹੀ ਰੁੜ੍ਹ ਜਾਂਦੀ ਸੀ। ਪਤਾ ਨਹੀਂ ਉਹ ਏਨੇ ਵਰ੍ਹੇ ਵੀ ਕਿਵੇਂ ਜੀਂਦਾ ਰਿਹਾ ? ਉਹ ਬੜਾ ਹੀ ਅਨੋਖਾ ਆਦਮੀ ਸੀ। ਬੂਟ ਤਾਂ ਡਾਢੇ ਸੋਹਣੇ ਤੇ ਪੱਕੇ ਬਣਾਉਂਦਾ ਸੀ ਅਤੇ ਬੇਈਮਾਨੀ ਦਾ ਨਾਂ ਨਹੀਂ ਸੀ ਜਾਣਦਾ।

ਮੈਂ ਕਿਹਾ, 'ਹਾਂ ਬੂਟ ਡਾਢੇ ਪੱਕੇ ਹੰਢਣਸਾਰ ਤੇ ਸੋਹਣੇ ਬਣਾਉਂਦਾ ਸੀ।' ਮੈਂ ਛੇਤੀ ਨਾਲ ਉੱਥੋਂ ਮੁੜ ਪਿਆ, ਤੇ ਬਾਹਰ ਆ ਗਿਆ; ਕਿਉਂਕਿ ਮੈਂ ਨਹੀਂ ਸਾਂ ਚਾਹੁੰਦਾ ਕਿ ਉਹ ਗੱਭਰੂ ਮੇਰੀਆਂ ਅੱਖਾਂ ਵਿਚ ਉਤਰ ਰਹੇ ਅੱਥਰੂ ਵੇਖ ਲਵੇ।

## ਅਭਿਆਸ-ਪ੍ਰਸ਼ਨ

1. ਗੰਗਾ ਦੀਨ ਕੌਣ ਸੀ ? ਤੇ ਕੀ ਕੰਮ ਕਰਦਾ ਸੀ ?

2. 'ਲਾਗੀਆਂ ਲਾਗ ਲੈ ਲੈਣਾ ਏ, ਪਰਾਈ ਧੀ ਭਾਵੇਂ ਘਰ ਜਾਂਦਿਆਂ ਹੀ ਰੰਡੀ ਬਹਿ ਜਾਏ।' 'ਗੰਗਾ ਦੀਨ' ਨਿਬੰਧ ਵਿੱਚ ਇਹ ਅਖੌਤ ਕਿਸ ਸੰਦਰਭ ਵਿੱਚ ਵਰਤੀ ਗਈ ਹੈ ? ਸਪੱਸ਼ਟ ਕਰੋ।

3. ਗੰਗਾ ਦੀਨ ਦੇ ਸੁਭਾਅ ਉੱਪਰ ਟਿੱਪਣੀ ਕਰੋ।

4. ਲੇਖਕ ਦੀਆਂ ਅੱਖਾਂ ਵਿੱਚ ਅੱਥਰੂ ਕਿਉਂ ਆ ਜਾਂਦੇ ਹਨ ? ਨਿਬੰਧ ਦੇ ਆਧਾਰ ਤੇ ਬਿਆਨ ਕਰੋ।

5. ਗੰਗਾ ਦੀਨ ਦੀ ਮਾੜੀ ਮਾਲੀ ਹਾਲਤ ਲਈ ਕੌਣ ਜ਼ਿੰਮੇਵਾਰ ਸੀ ? ਤੇ ਕਿਉਂ ?

# ਪ੍ਰੋ. ਸਰਵਣ ਸਿੰਘ

ਪ੍ਰੋ. ਸਰਵਣ ਸਿੰਘ ਪੰਜਾਬੀ ਵਾਰਤਕ ਖੇਤਰ ਦਾ ਵਿਸ਼ੇਸ਼ ਨਾਂ ਹੈ। ਉਹ ਖੇਡ ਜਗਤ, ਸਾਹਿਤਕ ਸਰਗਰਮੀਆਂ ਨਾਲ ਨਿਰੰਤਰ ਜੁੜਿਆ ਹੋਇਆ ਹੈ। ਪੰਜਾਬੀ ਦੇ ਨਾਮਵਰ ਅਖਬਾਰਾਂ (ਅਜੀਤ, ਪੰਜਾਬੀ ਟ੍ਰਿਬਿਊਨ, ਦੇਸ਼ ਸੇਵਕ) ਅਤੇ ਰਸਾਲਿਆਂ ਵਿੱਚ ਛਪਣ ਦੇ ਨਾਲ-ਨਾਲ ਵਿਸ਼ਵ ਹਾਕੀ ਕੱਪ ਵਿੱਚ ਬਤੌਰ ਕੁਮੈਂਟੇਟਰ ਦੀ ਭੂਮਿਕਾ ਉਹਨਾਂ ਨੂੰ ਨਿਵੇਕਲਾ ਹਸਤਾਖ਼ਰ ਬਣਾਉਂਦੀ ਹੈ।

ਪ੍ਰੋ. ਸਰਵਣ ਸਿੰਘ ਦਾ ਜਨਮ 8 ਜੁਲਾਈ 1940 ਨੂੰ ਪਿੰਡ ਚਕਰ, ਜਿਲ੍ਹਾ ਲੁਧਿਆਣਾ ਵਿਖੇ ਸ. ਬਾਬੂ ਸਿੰਘ ਸੰਧੂ ਦੇ ਘਰ ਹੋਇਆ। ਮੁਢਲੀ ਪੜ੍ਹਾਈ ਚਕਰ ਦੇ ਮਲ੍ਹਾਂ ਪਿੰਡ ਦੇ ਹਾਈ ਸਕੂਲ ਤੋਂ ਪ੍ਰਾਪਤ ਕੀਤੀ। ਇਸ ਉਪਰੰਤ ਐਮ.ਆਰ. ਸਰਕਾਰੀ ਕਾਲਜ, ਫਾਜ਼ਿਲਕਾ ਤੋਂ ਬੀ.ਏ. ਕੀਤੀ। ਖਾਲਸਾ ਕਾਲਜ ਆਫ਼ ਐਜੂਕੇਸ਼ਨ, ਮੁਕਤਸਰ ਤੋਂ ਬੀ.ਐੱਡ. ਅਤੇ ਦਿੱਲੀ ਯੂਨੀਵਰਸਿਟੀ ਤੋਂ ਐਮ.ਏ. ਪੰਜਾਬੀ ਦੀ ਡਿਗਰੀ ਹਾਸਿਲ ਕੀਤੀ। ਪੜ੍ਹਾਈ ਉਪਰੰਤ ਪ੍ਰੋ. ਸਰਵਣ ਸਿੰਘ ਜੀ ਨੇ ਅਧਿਆਪਨ ਕਿੱਤੇ ਵਜੋਂ ਲਾਲਾ ਲਾਜਪਤ ਰਾਏ ਮੈਮੋਰੀਅਲ ਕਾਲਜ ਢੁੱਡੀਕੇ ਲੰਮਾਂ ਸਮਾਂ ਸੇਵਾ ਨਿਭਾਈ। ਸਾਹਿਤਕ ਯੋਗਦਾਨ ਸਦਕਾ ਪ੍ਰੋ. ਸਰਵਣ ਸਿੰਘ ਨੂੰ ਸ਼੍ਰੋਮਣੀ ਲੇਖਕ ਪੁਰਸਕਾਰ ਨਾਲ, ਕਰਤਾਰ ਸਿੰਘ ਧਾਲੀਵਾਲ ਅਵਾਰਡ ਅਤੇ ਸਪੋਰਟਸ ਅਥਾਰਟੀ ਇੰਡੀਆ ਵੱਲੋਂ ਖੇਡ ਸਾਹਿਤ ਦਾ ਨੈਸ਼ਨਲ ਅਵਾਰਡ ਆਦਿ ਮਾਨ-ਸਨਮਾਨਾਂ ਨਾਲ ਨਿਵਾਜਿਆ ਜਾ ਚੁੱਕਾ ਹੈ ।

'ਪੰਜਾਬ ਦੇ ਉੱਘੇ ਖਿਡਾਰੀ', 'ਖੇਡ ਸੰਸਾਰ', 'ਖੇਡ ਜਗਤ ਵਿੱਚ ਭਾਰਤ', 'ਪੰਜਾਬੀ ਖਿਡਾਰੀ', 'ਖੇਡ ਮੈਦਾਨ 'ਚੋਂ', 'ਉਲੰਪਿਕ ਖੇਡਾਂ', 'ਪਿੰਡ ਦੀ ਸੱਥ 'ਚੋਂ', 'ਪੰਜਾਬ ਦੀਆਂ ਦੇਸੀ ਖੇਡਾਂ' ਆਦਿ ਨਿਬੰਧ-ਸੰਗ੍ਰਹਿ ਪੰਜਾਬੀ ਪਾਠਕਾਂ ਦੀ ਝੋਲੀ ਪਾ ਚੁੱਕੇ ਹਨ। ਇਸ ਤੋਂ ਇਲਾਵਾ 'ਅੱਖੀਂ ਵੇਖ ਨਾ ਰੱਜੀਆਂ' ਨਾਮਕ ਸਫ਼ਰਨਾਮਾ ਪਾਠਕਾਂ ਵਿੱਚ ਬਹੁਤ ਮਕਬੂਲ ਹੋਇਆ। 'ਭਾਰਤ ਵਿੱਚ ਹਾਕੀ' ਅਤੇ 'ਡਾਕ ਟਿਕਟਾਂ ਦਾ ਸ਼ੌਂਕ' ਲੇਖਕ ਦੀਆਂ ਪ੍ਰਸਿੱਧ ਅਨੁਵਾਦਿਤ ਪੁਸਤਕਾਂ ਹਨ। ਇਸ ਪਾਠ-ਪੁਸਤਕ ਵਿੱਚ 'ਫ਼ਲਾਇੰਗ ਸਿੱਖ ਮਿਲਖਾ ਸਿੰਘ' ਨਾਂ ਦਾ ਲੇਖ ਵਿਦਿਆਰਥੀਆਂ ਲਈ ਭਰਪੂਰ ਲਾਹੇਵੰਦ ਹੋਵੇਗਾ।

# ਫ਼ਲਾਇੰਗ ਸਿੱਖ-ਮਿਲਖਾ ਸਿੰਘ

ਮਿਲਖਾ ਸਿੰਘ ਸਿੱਖ ਕੌਮ ਦਾ ਸਰਬੋਤਮ ਐਥਲੀਟ ਗਿਣਿਆ ਜਾਂਦਾ ਹੈ। ਕੋਈ ਉਸ ਨੂੰ ਉੱਡਣਾ ਸਿੱਖ, ਕੋਈ ਦੌੜ ਦਾ ਬਾਹਸ਼ਾਹ ਤੇ ਕੋਈ ਟਰੈਕ ਦਾ ਵਾਵਰੋਲਾ ਕਹਿੰਦਾ ਹੈ। ਜਦ ਉਹ ਦੌੜਦਾ ਸੀ ਤਾਂ ਟਰੈਕ ਵਿੱਚ ਹਨ੍ਹੇਰੀ ਆ ਜਾਂਦੀ ਸੀ। ਉਸ ਦੇ ਕਾਇਮ ਕੀਤੇ ਕੌਮੀ ਰਿਕਾਰਡ ਚੌਂਤੀ ਸਾਲ ਬੀਤ ਜਾਣ 'ਤੇ ਵੀ ਕਾਇਮ ਹਨ । ਵੀਹਵੀਂ ਸਦੀ 'ਚ ਕੋਈ ਵੀ ਭਾਰਤੀ ਦੌੜਾਕ ਉਸਦਾ ਕੌਮੀ ਰਿਕਾਰਡ ਨਹੀਂ ਤੋੜ ਸਕਿਆ। ਉਸ ਨੇ ਐਲਾਨ ਵੀ ਕੀਤਾ ਹੋਇਆ ਹੈ ਕਿ ਉਹਦੇ ਜਿਊਂਦੇ ਜੀਅ ਜੇ ਕੋਈ ਭਾਰਤੀ ਐਥਲੀਟ ਉਹਦਾ ਚਾਰ ਸੌ ਮੀਟਰ ਜਾਂ ਦੋ ਸੌ ਮੀਟਰ ਦੌੜ ਦਾ ਰਿਕਾਰਡ ਤੋੜ ਗਿਆ ਤਾਂ ਉਹ ਆਪਣੀ ਜੇਬ 'ਚੋਂ ਉਸ ਨੂੰ ਹਜ਼ਾਰਾਂ ਰੁਪਏ ਇਨਾਮ ਦੇਵੇਗਾ।

ਪੰਜਾਹਵਿਆਂ ਦੇ ਅੰਤ ਵਿਚ ਕੁੱਲ ਦੁਨੀਆਂ 'ਚ 'ਮਿਲਖਾ ਸਿੰਘ-ਮਿਲਖਾ ਸਿੰਘ' ਹੋ ਗਈ ਸੀ। ਓਦੋਂ ਉਹ ਦੁਨੀਆਂ ਦੇ ਸੱਤਰ ਮੁਲਕਾਂ ਵਿੱਚ ਮੁਕਾਬਲੇ ਦੀਆਂ ਦੌੜਾਂ ਦੌੜਿਆ। ਸਿਖਰ ਦੇ ਬਿਆਸੀ ਮੁਕਾਬਲਿਆਂ 'ਚੋਂ ਉਨਾਸੀ ਵਾਰ ਉਹਨੂੰ ਜਿੱਤ ਨਸੀਬ ਹੋਈ। ਉਹਨੂੰ ਜਗਤ-ਪ੍ਰਸਿੱਧੀ ਹਾਸਲ ਕਰਨ ਲਈ ਘੱਟੋ-ਘੱਟ ਤੀਹ ਹਜ਼ਾਰ ਮੀਲ ਦੌੜਨ ਦਾ ਅਭਿਆਸ ਕਰਨਾ ਪਿਆ। ਦੌੜ-ਦੌੜ ਉਹਨੇ ਟਰੈਕ ਘਸਾ ਦਿੱਤੇ ਸਨ। ਉਹਦੀਆਂ ਫੁਰਤੀਲੀਆਂ ਜੰਘਾਂ ਸਾਹਵੇਂ ਤਾਂ ਧਰਤੀ ਦਾ ਗੇੜਾ ਵੀ ਤੁੱਛ ਸੀ।

ਮਿਲਖਾ ਸਿੰਘ ਦੀ ਜਨਮ-ਮਿਤੀ ਦਾ ਕਿਸੇ ਨੂੰ ਵੀ ਨਹੀਂ ਪਤਾ। ਉਹ ਖ਼ੁਦ ਏਨਾ ਜਾਣਦਾ ਹੈ ਕਿ ਉਹਦਾ ਬਚਪਨ ਪੱਛਮੀ ਪੰਜਾਬ ਦੇ ਜ਼ਿਲ੍ਹਾ ਮੁਜ਼ੱਫ਼ਰਗੜ੍ਹ ਵਿੱਚ ਕੋਟ ਅੱਦੂ ਦੇ ਨੇੜੇ ਪਿੰਡ ਗੋਬਿੰਦਪੁਰਾ 'ਚ ਬੀਤਿਆ। ਉਹਨਾਂ ਦਾ ਪਰਿਵਾਰ ਖੇਤੀਬਾੜੀ ਕਰਦਾ ਸੀ। ਉਹ ਪੰਜ ਭਾਈ ਸਨ ਤੇ ਤਿੰਨ ਭੈਣਾਂ। ਆਮ ਕਿਸਾਨ ਘਰਾਂ ਵਾਂਗ ਉਹਨਾਂ ਦੇ ਦੋ ਕੱਚੇ ਕੋਠੇ ਸਨ। ਇੱਕ ਵਿਚ ਡੰਗਰ ਬੱਝਦੇ ਤੇ ਦੂਜੇ ਵਿੱਚ ਉਹ ਆਪ ਸੌਂਦੇ। ਪਿੰਡੋਂ ਪੰਜ ਛੇ ਮੀਲ ਦੂਰ ਉਹ ਨੰਗੇ ਪੈਰੀਂ ਪੜ੍ਹਨ ਜਾਂਦਾ। ਤਪਦੀਆਂ ਧੁੱਪਾਂ ਵਿੱਚ ਰੇਤਲੇ ਰਾਹਾਂ ਉੱਤੇ ਉਹਦੇ ਪੈਰ ਭੁੱਜਦੇ ਤਾਂ ਉਹ ਦੌੜਨ ਲੱਗ ਪੈਂਦਾ ਤੇ ਕਿਸੇ ਕਿੱਕਰੀ ਦੀ ਛਾਵੇਂ ਜਾ ਕੇ ਠੰਡੇ ਕਰਦਾ। ਠੰਡੀ ਛਾਂ ਦੀ ਤਾਂਘ ਵਿੱਚ ਉਹ ਦੌੜਾਂ, ਇਸ ਮਹਾਨ ਦੌੜਾਕ ਦੇ ਜੀਵਨ ਦੀਆਂ ਮੁੱਢਲੀਆਂ ਦੌੜਾਂ ਸਨ।

ਫੇਰ 1947 ਵਿੱਚ ਦੇਸ਼ ਦੀ ਵੰਡ ਹੋ ਗਈ। ਮਿਲਖਾ ਸਿੰਘ ਓਦੋਂ ਸੱਤਵੀਂ-ਅੱਠਵੀਂ 'ਚ ਪੜ੍ਹਦਾ ਸੀ। ਉਹਦਾ ਵੱਡਾ ਭਾਈ ਮੱਖਣ ਸਿੰਘ ਮੁਲਤਾਨ ਫੌਜ ਵਿੱਚ ਸੀ। ਪਿੰਡ ਨੂੰ ਮੁਸਲਮਾਨ ਲੁਟੇਰਿਆਂ ਨੇ ਘੇਰਾ ਪਾਇਆ ਤਾਂ ਮਿਲਖਾ ਸਿੰਘ ਫੌਜੀ ਦੀ ਮਦਦ ਲੈਣ ਲਈ ਲੁਕ ਕੇ ਮੁਲਤਾਨ ਨੂੰ ਗੱਡੀ ਚੜ੍ਹਿਆ। ਗੱਡੀ ਲਹੂ ਨਾਲ ਲਿੱਬੜੀ ਹੋਈ ਸੀ। ਉਹ ਜ਼ਨਾਨੇ ਡੱਬੇ ਵਿੱਚ ਫੱਟੇ ਹੇਠਾਂ ਲੁਕਿਆ ਪਿਆ ਰਿਹਾ। ਅਚਾਨਕ ਔਰਤਾਂ ਨੇ ਉਹਨੂੰ ਲੁਕੇ ਹੋਏ ਨੂੰ ਵੇਖ ਲਿਆ ਤੇ ਜੇਬ-ਕਤਰਾ ਸਮਝ ਰੌਲਾ ਪਾਉਣ ਲੱਗੀਆਂ। ਮਸੂਮ ਮਿਲਖਾ ਸਿੰਘ ਡੱਡਿਆਇਆ ਕਿ ਉਹ ਰੌਲਾ ਨਾ ਪਾਉਣ ਨਹੀਂ ਤਾਂ ਮੁਸਲਮਾਨ ਧਾੜਵੀਂ ਉਹਨੂੰ ਸਿੱਖ ਬੱਚਾ ਜਾਣ ਕੇ ਮਾਰ ਦੇਣਗੇ। ਜ਼ਨਾਨੀਆਂ ਵਿੱਚ ਰੱਬੋਂ ਹੀ ਦਇਆ ਵੱਧ ਹੁੰਦੀ ਹੈ। ਉਹ ਨਿਆਣੇ ਮਿਲਖਾ ਸਿੰਘ ਉੱਤੇ ਤਰਸ ਖਾ ਗਈਆਂ ਤੇ ਉਹਨੂੰ ਲੁਕਿਆ ਰਹਿਣ ਦਿੱਤਾ। ਇਉਂ ਮਿਲਖਾ ਸਿੰਘ ਆਪਣਾ ਤੇ ਦੇਸ਼ ਦਾ ਨਾਂ ਚਮਕਾਉਣ ਲਈ ਬਚ ਗਿਆ।

ਮਿਲਖਾ ਸਿੰਘ ਆਪਣੀ ਭਰਜਾਈ ਨਾਲ ਮੁਲਤਾਨ ਤੋਂ ਫਿਰੋਜ਼ਪੁਰ ਆ ਗਿਆ। ਮੱਖਣ ਸਿੰਘ ਆਪਣੇ ਪਰਿਵਾਰ ਨੂੰ ਕੱਢ ਲਿਆਉਣ ਵਿੱਚ ਕਾਮਯਾਬ ਨਾ ਹੋ ਸਕਿਆ। ਸਾਰਾ ਗੋਬਿੰਦਪੁਰਾ ਅੱਗ ਦੀ ਭੇਂਟ ਹੋ ਗਿਆ। ਸਾਰੇ ਸਿੱਖ, ਸਮੇਤ ਮਿਲਖਾ ਸਿੰਘ ਦੇ ਮਾਤਾ-ਪਿਤਾ ਤੇ ਭੈਣ-ਭਾਈਆਂ ਦੇ ਕਤਲ ਕਰ ਦਿੱਤੇ

ਗਏ। ਕੇਵਲ ਇੱਕ ਵਿਆਹੀ ਹੋਈ ਭੈਣ ਆਪਣੇ ਸਹੁਰਿਆਂ ਨਾਲ ਬਚ ਕੇ ਆ ਸਕੀ ਜਾਂ ਵੱਡਾ ਭਾਈ ਮੱਖਣ ਸਿੰਘ।

ਫਿਰੋਜ਼ਪੁਰ ਦੇ ਕੈਂਪ ਵਿੱਚ ਕੁਝ ਸਮਾਂ ਰੁਲਣ ਤੇ ਫੌਜੀਆਂ ਦੇ ਬੂਟ ਪਾਲਸ਼ ਕਰਨ ਪਿੱਛੋਂ ਮਿਲਖਾ ਸਿੰਘ ਦਿੱਲੀ ਆ ਗਿਆ। ਓਥੇ ਉਹ ਆਪਣੀ ਭੈਣ ਨੂੰ ਮਿਲਿਆ। ਉਹ ਦਿਨ ਬੜੀ ਬਿਪਤਾ ਦੇ ਸਨ। ਭੈਣ ਉਹਦੇ ਲਈ ਬੇਹੀ ਰੋਟੀ ਵੀ ਸਹੁਰਿਆਂ ਤੋਂ ਲੁਕਾ ਕੇ ਰੱਖਦੀ ਤੇ ਉਹ ਡੁੱਲ੍ਹਦੇ ਮਨ ਨਾਲ ਸੁੱਕੀ ਰੋਟੀ ਚੱਬ-ਚਿੱਥ ਕੇ ਖਾਂਦਾ। ਨਿੱਤ ਉਹਨੂੰ ਤਾਅਨੇ-ਮਿਹਣੇ ਸੁਣਨੇ ਪੈਂਦੇ। ਉਹਨੇ ਫੌਜ ਵਿਚ ਭਰਤੀ ਹੋਣ ਦੀ ਕੋਸ਼ਿਸ਼ ਕੀਤੀ ਪਰ ਸਰੀਰੋਂ ਮਾੜਾ ਹੋਣ ਕਰ ਕੇ ਭਰਤੀ ਨਾ ਹੋ ਸਕਿਆ। ਫਿਰ ਉਹ ਲਫ਼ੰਗਿਆਂ ਦੀ ਢਾਣੀ 'ਚ ਰਲ ਗਿਆ। ਕੁਝ ਸਮਾਂ ਉਹਨੇ ਵੀ ਕਈ ਐਬ ਤੇ ਵੈਲ ਕੀਤੇ। ਇੱਕ ਦੋ ਥਾਈਂ ਚਾਕੂ ਵੀ ਚਲਾਏ। ਬਿਨ-ਟਿਕਟਾਂ ਸਫ਼ਰ ਕਰਦਿਆਂ ਸਜ਼ਾ ਵੀ ਕੱਟੀ। ਭੈਣ ਨੇ ਟੂੰਮਾਂ ਗਹਿਣੇ ਰੱਖ ਕੇ ਜੇਲ੍ਹੋਂ ਕਢਾਇਆ। ਉਹਦੇ ਵੱਡੇ ਭਾਈ ਨੇ ਫੌਜ਼ ਵਿਚ ਭਰਤੀ ਕਰਵਾਉਣ ਲਈ ਵਾਰ-ਵਾਰ ਸਿਫ਼ਾਰਸ਼ਾਂ ਕੀਤੀਆਂ, ਕਰਵਾਈਆਂ ਪਰ ਕਾਮਯਾਬੀ ਉਹਨਾਂ ਨੂੰ 1952 ਵਿੱਚ ਜਾ ਕੇ ਮਿਲੀ। ਉਸ ਦਿਨ ਮਿਲਖਾ ਸਿੰਘ ਦਾ ਚਾਅ ਨਹੀਂ ਚੁੱਕਿਆ ਜਾ ਰਿਹਾ ਸੀ ਤੇ ਉਹਦੇ ਕਹਿਣ ਮੁਜ਼ਬ ਉਹਦਾ ਨਵਾਂ ਜੀਵਨ ਸ਼ੁਰੂ ਹੋ ਗਿਆ।

1953 ਵਿੱਚ ਉਹਨੂੰ ਦੌੜ-ਮੁਕਾਬਲਿਆਂ ਦਾ ਪਤਾ ਲੱਗਾ। ਓਦੋਂ ਉਹਦੀ ਉਮਰ ਵੀਹ ਸਾਲ ਤੋਂ ਉੱਪਰ ਹੋਵੇਗੀ। ਯੂਰਪ ਅਮਰੀਕਾ ਦੇ ਐਥਲੀਟ ਵੀਹ ਬਾਈ ਸਾਲ ਦੀ ਉਮਰ ਵਿੱਚ ਆਪਣਾ ਸ਼ਿਖਰ ਛੂਹ ਲੈਂਦੇ ਹਨ। ਸੋਚ ਆਉਂਦੀ ਹੈ, ਕਿਤੇ ਮਿਲਖਾ ਸਿੰਘ ਪੰਦਰਾਂ-ਸੋਲਾਂ ਸਾਲ ਦੀ ਉਮਰ ਤੋਂ ਦੌੜ ਸਿਖਲਾਈ 'ਚ ਪਿਆ ਹੁੰਦਾ ਤਾਂ ਪਤਾ ਨਹੀਂ ਕਿੱਥੇ ਪਹੁੰਚ ਕੇ ਹਟਦਾ! ਪਰ ਉਹਨੂੰ ਤਾਂ ਅਜੇ ਤੱਕ ਵੀ ਪਤਾ ਨਹੀਂ ਕਿ 1953 'ਚ ਉਹਦੀ ਉਮਰ ਕਿੰਨੀ ਸੀ? ਇੱਕ ਮੁਲਾਕਾਤ ਸਮੇਂ ਮੈਂ ਉਹਦੀ ਜਨਮ ਤਾਰੀਖ਼ ਪੁੱਛੀ ਤਾਂ ਉਹਦਾ ਜਵਾਬ ਸੀ, "ਸੱਚੀ-ਮੁੱਚੀ ਦੀ ਜਾਂ ਕਿਤਾਬਾਂ ਵਾਲੀ?"

ਮੈਂ ਕਿਹਾ, "ਦੋਵੇਂ ਤਰ੍ਹਾਂ ਦੀ।"

"ਸੱਚ ਪੁੱਛੋਂ ਤਾਂ ਸੱਚੀ-ਮੁੱਚੀ ਦਾ ਤਾਂ ਮੈਨੂੰ ਵੀ ਨਹੀਂ ਪਤਾ। ਮੇਰੀ ਮੇਮ ਸਾਹਿਬ ਨੇ ਜੋਤਸ਼ੀ ਤੋਂ ਕੁੰਡਲੀ ਬਣਵਾਈ ਤਾਂ 1930 ਨਿਕਲਿਆ। ਪਰ ਮੇਰੇ ਪਾਸਪੋਰਟ 'ਤੇ 20 ਨਵੰਬਰ 1935 ਲਿਖੀ ਹੋਈ ਹੈ।"

ਮਿਲਖਾ ਸਿੰਘ ਦਾ ਕੱਦ ਪੰਜ ਫੁੱਟ ਨੌਂ ਇੰਚ ਹੈ। ਜੁੱਸਾ ਦਰਮਿਆਨਾ ਪਤਲਾ। ਬੁੱਲ, ਮੋਟੇ, ਦੰਦ ਲੰਮੇ ਤੇ ਚਿਹਰਾ ਛਾਂਗਵਾਂ। ਉਂਗਲਾਂ ਕੁੜੀਆਂ ਵਰਗੀਆਂ ਹਨ, ਪਤਲੀਆਂ ਤੇ ਸੁਹਲ। ਫੌਜ ਵਿੱਚ ਭਰਤੀ ਹੋਣ ਲਈ ਉਹਦੀ ਛਾਤੀ ਦਾ ਘੇਰਾ ਘੱਟ ਸੀ। ਭਰਤੀ ਕਰਨ ਵਾਲੇ ਉਹਦੀ ਮਿਣਤੀ ਕਰ ਕੇ ਪਿੱਛੇ ਮੋੜ ਦਿੰਦੇ! ਰੰਗਰੂਟੀ ਕਰਨ ਵੇਲੇ ਜੁਆਨਾਂ ਦੀਆਂ ਖੇਡਾਂ ਹੋਈਆਂ। ਮਿਲਖਾ ਸਿੰਘ ਕਰਾਸ ਕੰਟਰੀ 'ਚੋਂ ਛੇਵੇਂ ਨੰਬਰ 'ਤੇ ਆਇਆ। ਫਿਰ ਮਿਲਖਾ ਸਿੰਘ ਤੋਂ ਪੁੱਛਿਆ ਗਿਆ, 'ਚਾਰ ਸੌ ਮੀਟਰ ਦੌੜ ਲਏਂਗਾ?"

ਮਿਲਖਾ ਸਿੰਘ ਨੇ ਪੁੱਛਿਆ, "ਚਾਰ ਸੌ ਮੀਟਰ ਕਿੰਨੀ ਹੁੰਦੀ ਐ?"

ਜਦੋਂ ਉਹਨੂੰ ਦੱਸਿਆ ਗਿਆ 400 ਮੀਟਰ ਟਰੈਕ ਦਾ ਇੱਕੋ ਚੱਕਰ ਹੁੰਦਾ ਹੈ ਤਾਂ ਉਹਨੇ ਕਿਹਾ, "ਇੱਕ ਚੱਕਰ ਛੱਡ ਮੈਂ ਦਸ ਚੱਕਰ ਲਾ ਸਕਦਾਂ।" ਫਿਰ ਉਸਤਾਦ ਨੇ ਸਮਝਾਇਆ ਕਿ ਇੱਕੋ ਚੱਕਰ ਵਿਚ ਦਸਾਂ ਚੱਕਰਾਂ ਜਿੰਨ੍ਹਾਂ ਜ਼ੋਰ ਲਾ ਦੇਣਾ ਹੈ। ਮਿਲਖਾ ਸਿੰਘ ਨੇ ਓਵੇਂ ਹੀ ਕੀਤਾ ਤੇ ਆਪਣੀ ਕੰਪਨੀ ਵਿੱਚ ਪਹਿਲੇ ਨੰਬਰ 'ਤੇ ਆ ਗਿਆ। ਸਮਾਂ ਸੀ ਇਕ ਮਿੰਟ ਤਿੰਨ ਸਕਿੰਟ। ਇਸ ਨਿੱਕੀ ਜਿੱਤ ਪਿੱਛੋਂ ਵੱਡੀਆਂ ਜਿੱਤਾਂ ਜਿੱਤਣ ਲਈ ਉਹਦਾ ਤਨ-ਮਨ ਅੰਗੜਾਈਆਂ ਲੈਣ ਲੱਗਾ। ਰਾਤ ਨੂੰ ਜਦੋਂ ਉਹਦੇ ਸਾਥੀ ਸੌਂ ਜਾਂਦੇ ਤਾਂ ਉਹਨਾਂ ਤੋਂ ਅੱਖ ਬਚਾ ਕੇ ਉਹ ਫਿਰ ਦੌੜਨ ਨਿਕਲ ਪੈਂਦਾ। ਹਨ੍ਹੇਰੇ ਵਿੱਚ ਮੀਲ, ਅੱਧਾ ਮੀਲ ਦੌੜਦਾ,

ਫੇਰ ਬੈਠ ਜਾਂਦਾ, ਫੇਰ ਦੌੜਦਾ, ਫੇਰ ਬੈਠਦਾ। ਉਹਨੂੰ ਕੋਈ ਸਾਇੰਟਿਫ਼ਿਕ ਸਿਖਲਾਈ ਨਹੀਂ ਸੀ ਮਿਲ ਰਹੀ। ਜਦੋਂ ਸਰੀਰ ਦੀ ਸੱਤਿਆ ਮੁੱਕ ਜਾਂਦੀ ਤਾਂ ਉਹ ਆਪਣੇ ਤੰਬੂ 'ਚ ਪਰਤ ਆਉਂਦਾ ਤੇ ਆਪਣੀ ਚਾਰਪਾਈ ਹੇਠਾਂ ਪਲੇਟ ਨਾਲ ਢੱਕੀ ਹੋਈ ਰੋਟੀ ਖਾ ਕੇ ਸੌਂ ਜਾਂਦਾ।

ਹੌਲੀ-ਹੌਲੀ ਉਹਦੀ ਦੌੜ ਤੇਜ਼ ਹੁੰਦੀ ਗਈ, ਸਰੀਰ ਜ਼ੋਰ ਫੜਦਾ ਗਿਆ ਤੇ ਦਮ ਹੋਰ ਪੱਕਦਾ ਗਿਆ। ਆਪਣੀ ਪਲਟਣ ਦੇ ਦੌੜ ਮੁਕਾਬਲਿਆਂ ਤੋਂ ਲੈ ਕੇ ਸਮੁੱਚੀ ਫ਼ੌਜ ਦੇ ਦੌੜ ਮੁਕਾਬਲਿਆਂ 'ਚ ਉਹ ਪ੍ਰਥਮ ਆਉਣ ਲੱਗਾ। ਗਰਾਊਂਡ ਉਹਦੇ ਲਈ ਰੱਬ-ਘਰ ਬਣ ਗਿਆ ਤੇ ਦੌੜਨਾ ਨਿੱਤਨੇਮ। ਦੌੜਦਿਆਂ ਵਧੇਰੇ ਜ਼ੋਰ ਲੱਗਣ ਨਾਲ ਉਹ ਅਕਸਰ ਬੇਹੋਸ਼ ਹੋ ਜਾਂਦਾ ਪਰ ਫਿਰ ਵੀ ਦੌੜ ਉਹਦਾ ਇਸ਼ਟ ਬਣੀ ਰਹੀ। ਉਹਨੇ ਆਪਣਾ ਸਭ ਕੁਝ ਆਪਣੇ ਇਸ਼ਟ ਨੂੰ ਅਰਪਨ ਕਰ ਦਿੱਤਾ।

1956 ਵਿੱਚ ਮੈਲਬੋਰਨ ਦੀਆਂ ਓਲੰਪਿਕ ਖੇਡਾਂ ਲਈ ਮਿਲਖਾ ਸਿੰਘ ਭਾਰਤੀ ਟੀਮ ਵਿੱਚ ਚੁਣਿਆ ਗਿਆ। ਖੇਡਾਂ ਦੀ ਰੰਗ-ਬਰੰਗੀ ਤੇ ਵਿਸ਼ਾਲ ਦੁਨੀਆਂ ਦਾ ਅਸਲੀ ਪਤਾ ਉਹਨੂੰ ਮੈਲਬੋਰਨ ਜਾ ਕੇ ਹੀ ਲੱਗਾ। ਉਹ ਵੱਡਾ ਭਰਪੂਰ ਸਟੇਡੀਅਮ ਵੇਖ ਕੇ ਅਸਚਰਜ ਰਹਿ ਗਿਆ। ਜੇਤੂਆਂ ਦਾ ਸ਼ਾਹੀ ਸਨਮਾਨ ਉਹਦੇ ਅੰਦਰ ਵੀ ਕੁਤਕੁਤਾੜੀਆਂ ਕੱਢਣ ਲੱਗਾ। ਉਹ ਭਾਵੇਂ ਹੀਟਾਂ ਵਿੱਚ ਹੀ ਹਾਰ ਗਿਆ ਪਰ ਅੱਗੇ ਨੂੰ ਜਿੱਤਣ ਲਈ ਨਵਾਂ ਉਤਸ਼ਾਹ ਲੈ ਕੇ ਮੁੜਿਆ। ਆਉਂਦਿਆਂ ਉਹ ਅਭਿਆਸ ਵਿੱਚ ਮਗਨ ਹੋ ਗਿਆ ਤੇ ਉਹਦੀ ਨਵੀਂ ਤਪੱਸਿਆ ਸ਼ੁਰੂ ਹੋ ਗਈ। ਸਿਕੰਦਰਾਬਾਦ ਉਹਦਾ ਸੈਂਟਰ ਸੀ। ਫ਼ੌਜੀ ਬੈਰਕ ਤੇ ਗਰਾਊਂਡ ਉਹਦੀ ਦੁਨੀਆਂ ਸੀ। ਜਿੱਥੇ ਘੋਰ ਤਪੱਸਿਆ ਉਹਦਾ ਲਹੂ ਪੀਂਦੀ, ਚਿਹਰਾ ਜ਼ਰਦ ਕਰਦੀ ਤੇ ਉਨੀਂਦਰੇ ਮਾਰਦੀ, ਓਥੇ ਦੂਜੇ ਪਾਸੇ ਜਿੱਤਾਂ ਜਿੱਤਣ ਦੀਆਂ ਸੁਨਹਿਰੀ ਘੜੀਆਂ ਦੀ ਤਾਂਘ ਵਿੱਚ ਇਹੋ ਤਪੱਸਿਆ ਉਹਨੂੰ ਗਗਨਾਂ ਦੇ ਪਰੀ ਮੰਡਲਾਂ ਵਿੱਚ ਸੰਵਾ ਦਿੰਦੀ। ਜਿੱਤਾਂ ਦੇ ਕੰਧਾੜੀਂ ਚੜ੍ਹਿਆ ਫਿਰ ਉਹ ਦੇਸ-ਪਰਦੇਸ ਘੁੰਮਣ ਲੱਗਾ। ਤੀਜੀਆਂ ਏਸ਼ੀਆਈ ਖੇਡਾਂ 1958 ਵਿੱਚ ਟੋਕੀਓ ਹੋਈਆਂ। ਓਥੇ ਮਿਲਖਾ ਸਿੰਘ ਸਭ ਤੋਂ ਤਕੜਾ ਐਥਲੀਟ ਸਿੱਧ ਹੋਇਆ। ਦੋ ਸੌ ਤੇ ਚਾਰ ਸੌ ਮੀਟਰ ਦੌੜਾਂ ਵਿੱਚ ਉਸ ਨੇ ਨਵੇਂ ਰਿਕਾਰਡ ਰੱਖੇ। ਪਾਕਿਸਤਾਨ ਦਾ ਦੌੜਾਕ ਅਬਦੁਲ ਖ਼ਾਲਿਕ ਦੋ ਸੌ ਮੀਟਰ ਦੀ ਦੌੜ ਵਿੱਚ ਕਿਸੇ ਨੂੰ ਨਿਗਾਹ ਹੇਠ ਨਹੀਂ ਸੀ ਲਿਆਉਂਦਾ। ਮਿਲਖਾ ਸਿੰਘ ਤੇ ਅਬਦੁਲ ਖ਼ਾਲਿਕ 'ਚੋਂ ਜਿਹੜਾ ਵੀ ਇਸ ਦੌੜ ਨੂੰ ਜਿੱਤ ਜਾਂਦਾ ਉਹਨੇ ਏਸ਼ੀਆ ਦਾ ਬੈਸਟ ਐਥਲੀਟ ਬਣ ਜਾਣਾ ਸੀ। ਅਬਦੁਲ ਸੌ ਮੀਟਰ ਦੀ ਦੌੜ ਜਿੱਤ ਚੁੱਕਾ ਸੀ ਤੇ ਮਿਲਖਾ ਸਿੰਘ ਚਾਰ ਸੌ ਮੀਟਰ ਦੀ। ਦੋ ਸੌ ਮੀਟਰ ਦੀ ਦੌੜ ਉੱਤੇ ਅਨੇਕਾਂ ਸ਼ਰਤਾਂ ਲੱਗੀਆਂ ਸਨ। ਦੌੜ ਸ਼ੁਰੂ ਹੋਈ ਤਾਂ ਨਾਲ ਦੀ ਨਾਲ ਦਰਸ਼ਕ ਵੀ ਸੀਟਾਂ ਤੋਂ ਉੱਠ ਖੜੇ ਹੋਏ। ਟਰੈਕ ਦੀ ਸੇਧ ਉੱਤੇ ਆਏ ਤਾਂ ਦੋਵੇਂ ਦੌੜਾਕ ਬਰਾਬਰ ਬਰਾਬਰ ਉੱਡ ਰਹੇ ਸਨ। ਦੌੜ ਪੂਰੀ ਹੋਣ 'ਤੇ ਮਿਲਖਾ ਸਿੰਘ ਲੜਖੜਾ ਕੇ ਡਿੱਗ ਪਿਆ। ਦੋਹਾਂ ਨੇ ਇੱਕੋ ਸਮੇਂ ਫ਼ੀਤੇ ਨੂੰ ਛੋਹਿਆ। ਕਾਫ਼ੀ ਦੇਰ ਨਤੀਜੇ ਦਾ ਐਲਾਨ ਨਾ ਕੀਤਾ ਗਿਆ। ਦੌੜ ਦੇ ਅੰਤ ਦੀ ਫ਼ੋਟੋ ਵੇਖਣ ਉਪਰੰਤ ਐਲਾਨ ਹੋਇਆ – – ਮਿਲਖਾ ਸਿੰਘ ਫ਼ਸਟ। ਸਾਰਾ ਸਟੇਡੀਅਮ ਹੱਲਾ ਸ਼ੇਰੀ ਵਿੱਚ ਗੂੰਜ ਉੱਠਿਆ। ਮਿਲਖਾ ਸਿੰਘ ਦੇ ਖ਼ੁਸ਼ੀ ਵਿੱਚ ਹੰਝੂ ਵਹਿ ਨਿਕਲੇ। ਪੱਤਰ-ਪ੍ਰੇਰਕਾਂ ਨੇ ਉਹਦੇ ਆਲੇ ਦੁਆਲੇ ਝੁਰਮਟ ਪਾ ਲਏ ਤੇ ਕੈਮਰਿਆਂ ਦੀਆਂ ਅੱਖਾਂ ਜਗਣ-ਬੁਝਣ ਲੱਗੀਆਂ। ਜਪਾਨੀ ਕੁੜੀਆਂ ਦੇ ਚੁੰਮਣਾਂ ਤੇ ਸਾਥੀਆਂ ਦੀਆਂ ਜੱਫ਼ੀਆਂ ਨੇ ਉਹ ਨੂੰ ਮਧੋਲ ਲਿਆ। ਡੌਰ-ਭੌਰ ਉਹ ਆਪਣੇ ਕਮਰੇ 'ਚ ਪੁੱਜਾ। ਉਹ ਸ਼ੀਸ਼ੇ ਸਾਹਮਣੇ ਖੜ੍ਹਾ ਹੋਇਆ। ਉਹਨੇ ਆਪਣੇ ਆਪ ਨੂੰ ਗਹੁ ਨਾਲ ਵੇਖਿਆ ...... ਭੁੱਜਦੇ ਪੈਰਾਂ ਨਾਲ ਰੇਤਲੇ ਰਾਹਾਂ ਉੱਤੇ ਠੰਡੀ ਛਾਂ ਵੱਲ ਦੌੜਦਾ, ਲਹੂ-ਲਿੱਬੜੀ ਗੱਡੀ ਵਿੱਚ ਲੁਕ ਕੇ ਸਫ਼ਰ ਕਰਦਾ, ਸ਼ਰਨਾਰਥੀ ਕੈਂਪਾਂ ਵਿੱਚ ਰੁਲਦਾ ਤੇ ਬੂਟ ਪਾਲਿਸ਼ ਕਰਦਾ, ਸੁੱਕੀ ਰੋਟੀ ਚਬੋਲ-ਚਬੋਲ ਕੇ ਖਾਂਦਾ, ਦੌੜਦਿਆਂ ਹਫ਼ ਕੇ ਬੇਹੋਸ਼ ਹੁੰਦਾ ...... ਉਹਨੇ ਅੱਖਾਂ ਮੁੰਦ ਲਈਆਂ। ਸਿਰ ਬਾਹਾਂ 'ਚ ਘੁੱਟ ਲਿਆ ਤੇ ਮੰਜੇ ਤੇ ਲੇਟ ਗਿਆ। ਜੋ ਗੱਲ ਖ਼ੁਆਬ ਵਿੱਚ ਨਹੀਂ ਸੀ ਉਹ ਹਕੀਕਤ ਬਣ ਗਈ ਸੀ। ਜਪਾਨ ਦਾ ਸ਼ਹਿਨਸ਼ਾਹ ਉਹਨੂੰ ਇਨਾਮ ਦੇ ਰਿਹਾ ਸੀ। "ਜਨ-ਗਨ-ਮਨ" ਗੂੰਜ ਰਿਹਾ ਸੀ। ਅਗਲੇ ਦਿਨ ਦੁਨੀਆਂ 'ਚ 'ਮਿਲਖਾ ਸਿੰਘ, ਮਿਲਖਾ ਸਿੰਘ' ਹੋ ਗਈ ਤੇ ਜੂੜੇ ਵਾਲੇ ਐਥਲੀਟ ਦੀਆਂ ਮੂਰਤਾਂ ਕੁੱਲ ਦੁਨੀਆਂ ਦੇ ਅਖ਼ਬਾਰਾਂ 'ਚ ਛਪ ਗਈਆਂ।

ਓਸੇ ਸਾਲ ਕਾਮਨਵੈਲਥ ਦੇਸ਼ਾਂ ਦੀਆਂ ਖੇਡਾਂ ਇੰਗਲੈਂਡ ਵਿੱਚ ਕਾਰਡਿਫ਼ ਵਿਖੇ ਹੋਈਆਂ। ਓਥੇ ਵੀ ਮਿਲਖਾ ਸਿੰਘ ਚਾਰ ਸੌ ਮੀਟਰ ਦੀ ਦੌੜ ਵਿੱਚ ਪ੍ਰਥਮ ਆਇਆ। ਮਲਕਾ ਬਰਤਾਨੀਆਂ ਨੇ ਉਹਨੂੰ ਨੇੜੇ ਹੋ ਕੇ ਵੇਖਿਆ। ਕਈ ਸਾਲਾਂ ਪਿੱਛੋਂ ਮਿਲਖਾ ਸਿੰਘ ਜਦੋਂ ਦੁਬਾਰਾ ਇੰਗਲੈਂਡ ਗਿਆ ਤਾਂ ਸ਼ਹਿਜਾਦੀ ਐਂਨ ਨੇ ਆਪਣੀ ਬੱਘੀ ਸੜਕ ਉੱਤੇ ਜਾਂਦੇ ਮਿਲਖਾ ਸਿੰਘ ਦੇ ਨੇੜੇ ਰੁਕਵਾ ਲਈ ਤੇ ਹੈਲੋ ਮਿਲਖਾ ਸਿੰਘ ਕਹਿ ਕੇ ਹਾਲ-ਚਾਲ ਪੁੱਛਿਆ। 1958 ਤੋਂ 60 ਤੱਕ ਉਹ ਏਨਾ ਘੁੰਮਿਆ ਕਿ ਵਤਨ ਪੰਦਰਾਂ ਦਿਨਾਂ ਲਈ ਗੇੜਾ ਮਾਰਨ ਨੂੰ ਵੀ ਤਰਸ ਜਾਂਦਾ। ਓਦੋਂ ਉਹਦਾ ਮੁੱਖ ਟਿਕਾਣਾ ਲੰਡਨ ਹੁੰਦਾ ਸੀ। ਪਰ ਉਹ ਛੇਤੀ ਕੀਤਿਆਂ ਲੱਭਦਾ ਨਹੀਂ ਸੀ।

ਫਿਰ ਇੰਡੋ-ਪਾਕਿ-ਇਰਾਨ ਮੀਟ ਮਿਲਖਾ ਸਿੰਘ ਦੀ ਮਾਤ-ਭੂਮੀ ਦੇ ਨੇੜੇ ਲਾਹੌਰ ਤੇ ਮਿੰਟਗੁਮਰੀ ਹੋਈ। ਓਥੇ ਮਿਲਖਾ ਸਿੰਘ ਇੰਚਾਂ ਫੁੱਟਾਂ ਦੀ ਥਾਂ ਮੀਟਰਾਂ ਦੇ ਫ਼ਾਸਲੇ ਨਾਲ ਪ੍ਰਥਮ ਆਇਆ ਤਾਂ ਅਨਾਊਂਸਰ ਕਹਿਣ ਲੱਗਾ, "ਮਿਲਖਾ ਸਿੰਘ ਨੇ ਇਹ ਫ਼ਾਸਲਾ ਦੌੜ ਕੇ ਨਹੀਂ ਉੱਡ ਕੇ ਪੂਰਾ ਕੀਤਾ ਹੈ। ਇਸ ਲਈ ਮਿਲਖਾ ਸਿੰਘ ਨੂੰ 'ਫ਼ਲਾਈਂਗ ਸਿੱਖ' ਕਹਿਣਾ ਚਾਹੀਦਾ।"

ਫਿਰ 1960 ਦਾ ਸਾਲ ਆਇਆ, ਓਲੰਪਿਕ ਖੇਡਾਂ ਦਾ ਸਾਲ। ਮਿਲਖਾ ਸਿੰਘ ਦੀ ਸਾਰੀ ਤਿਆਰੀ ਏਸੇ ਲਈ ਸੀ। ਖੇਡਾਂ ਇਟਲੀ ਦੇ ਸ਼ਹਿਰ ਰੋਮ ਵਿੱਚ ਹੋ ਰਹੀਆਂ ਸਨ। ਓਦੋਂ ਚਾਰ ਸੌ ਮੀਟਰ ਦੌੜ ਦਾ ਓਲੰਪਿਕ ਰਿਕਾਰਡ 45.9 ਸਕਿੰਟ ਸੀ। ਰੋਮ ਓਲੰਪਿਕ ਤੋਂ ਕੁਝ ਸਮਾਂ ਪਹਿਲਾਂ ਭਾਰਤ ਦੀਆਂ ਰਾਸ਼ਟਰੀ ਖੇਡਾਂ ਦਿੱਲੀ ਦੇ ਨੈਸ਼ਨਲ ਸਟੇਡੀਅਮ ਵਿੱਚ ਹੋਈਆਂ ਸਨ। ਓਥੇ ਮਿਲਖਾ ਸਿੰਘ ਨੇ 400 ਮੀਟਰ ਦੀ ਦੌੜ 46.1 ਸਕਿੰਟ 'ਚ ਪੂਰੀ ਕੀਤੀ ਸੀ ਤੇ 200 ਮੀਟਰ ਦੀ 20.8 ਸਕਿੰਟ ਵਿੱਚ। ਦੋਵੇਂ ਦੌੜਾਂ ਦੇ ਸਮੇਂ ਦੁਨੀਆਂ ਭਰ ਦੇ ਐਥਲੀਟਾਂ ਲਈ ਵੰਗਾਰ ਬਣ ਗਏ ਸਨ।

ਰੋਮ ਜਾਣ ਤੋਂ ਪਹਿਲਾਂ ਯੂਰਪੀ ਮੁਲਕਾਂ ਦੇ ਦੌਰੇ ਸਮੇਂ ਜਰਮਨੀ 'ਚ ਉਹਨੇ ਵਿਸ਼ਵ ਚੈਂਪੀਅਨ ਕਾਫ਼ਮੈਨ ਨੂੰ ਹਰਾ ਦਿੱਤਾ। ਸਵੀਡਨ 'ਚ ਦੌੜਦਿਆਂ ਉਹਨੇ 400 ਮੀਟਰ ਦੌੜ ਓਲੰਪਿਕ ਰਿਕਾਰਡ ਜਿੰਨੇ ਸਮੇਂ ਯਾਨੀ 45.9 ਸਕਿੰਟ ਵਿੱਚ ਪੂਰੀ ਕਰ ਵਿਖਾਈ। ਪੈਰਿਸ ਵਿੱਚ ਉਸ ਨੇ 45.8 ਸਕਿੰਟ ਟਾਈਮ ਕੱਢਿਆ। ਉਹਦਾ ਵਿਸ਼ਵਾਸ਼ ਹੋਰ ਪੱਕਾ ਹੋ ਗਿਆ ਕਿ ਉਹ ਓਲੰਪਿਕ ਜਿੱਤ ਲਵੇਗਾ। ਰੋਮ ਵਿੱਚ 400 ਮੀਟਰ ਦੀਆਂ ਹੀਟਾਂ ਜਿੱਤਦਾ ਉਹ ਸੈਮੀ-ਫ਼ਾਈਨਲ ਤੇ ਫਿਰ ਫ਼ਾਈਨਲ ਵਿੱਚ ਅਪੜ ਗਿਆ। ਫ਼ਾਈਨਲ ਦੌੜ ਤੋਂ ਪਹਿਲਾਂ ਉਹ ਸਾਰੀ ਰਾਤ ਬੇਚੈਨ ਰਿਹਾ। ਇਹ ਸੁਭਾਵਿਕ ਹੀ ਹੁੰਦਾ ਹੈ। ਦੌੜਾਕ ਮੁਕਾਬਲੇ ਤੋਂ ਪਹਿਲਾਂ ਅਕਸਰ ਦਿਮਾਗੀ ਦੌੜ ਦੌੜਦੇ ਰਹਿੰਦੇ ਹਨ। ਉਹ ਉਹਨਾਂ ਨੂੰ ਪਰੇਸ਼ਾਨ ਕਰਦੀ ਰਹਿੰਦੀ ਹੈ। ਉਹ ਬੜੇ ਦੁਸ਼ਵਾਰ ਪਲ ਹੁੰਦੇ ਹਨ। ਉਹਨਾਂ ਨੂੰ ਟੇਕ ਨਹੀਂ ਆਉਂਦੀ ਤੇ ਉਹ ਚੁੱਪ-ਗੜੁੱਪ ਘਾਇਲ ਹੁੰਦੇ ਰਹਿੰਦੇ ਹਨ। ਅਜਿਹੇ ਮੌਕੇ ਸਿਆਣੇ ਕੋਚ ਆਪਣੇ ਪੱਠਿਆਂ ਦੀ ਮਨੋ-ਅਵੱਸਥਾ ਠੀਕ ਰੱਖਣ ਲਈ ਉਪਰਾਲੇ ਕਰਦੇ ਹਨ। ਮਿਲਖਾ ਸਿੰਘ ਨੂੰ ਡੂੰਘੀਆਂ ਸੋਚਾਂ 'ਚੋਂ ਕੱਢਣ ਲਈ ਵੀ ਓਹੜ-ਪੋਹੜ ਕੀਤੇ ਗਏ। ਉਹਨੂੰ ਵਿਸ਼ਵਾਸ਼ ਬੰਨ੍ਹਾਇਆ ਗਿਆ ਕਿ ਉਹ ਡੋਲੇ ਨਾ, ਉਹਦੇ ਮੁਕਾਬਲੇ ਦਾ ਹੋਰ ਕੋਈ ਨਹੀਂ। ਉਹਦਾ ਧਿਆਨ ਹੋਰਨਾਂ ਗੱਲਾਂ ਵਲ ਮੋੜਿਆ ਗਿਆ।

ਰੋਮ ਦੀ ਇਤਿਹਾਸਕ ਦੌੜ ਸ਼ੁਰੂ ਹੋਣ ਲੱਗੀ ਤਾਂ ਬਹੁਤੇ ਲੋਕਾਂ ਦੀਆਂ ਨਿਗਾਹਾਂ ਮਿਲਖਾ ਸਿੰਘ ਉੱਪਰ ਸਨ। ਉਹ ਉਸ ਦੇ ਜੂੜੇ ਤੋਂ ਉਸ ਨੂੰ ਪਾਦਰੀ ਜਾਂ ਪਾਦਰੀਆਂ ਜਿਹਾ ਕੋਈ ਧਰਮੀ ਬੰਦਾ ਸਮਝ ਰਹੇ ਸਨ। ਦੌੜ ਸ਼ੁਰੂ ਹੋਈ ਤਾਂ ਪਹਿਲੇ ਢਾਈ ਸੌ ਮੀਟਰ ਉਹ ਬਹੁਤ ਤੇਜ਼ ਤੇ ਮੂਹਰੇ ਦੌੜਿਆ। ਅਚਾਨਕ ਉਸ ਨੂੰ ਅਹਿਸਾਸ ਹੋਇਆ ਕਿ ਉਹ ਖ਼ਤਰਨਾਕ ਹੱਕ 'ਚ ਲਹਿ ਗਿਆ ਤੇ ਉਹਦੇ ਕਦਮ ਢਿੱਲੇ ਪੈ ਗਏ। ਇਹ ਸਭ ਕੁਝ ਇਉਂ ਹੋਇਆ ਜਿਵੇਂ ਕੋਈ ਤੇਜ਼ ਰਫ਼ਤਾਰ ਚੱਲਦੀ ਗੱਡੀ ਨੂੰ ਗੇਅਰ 'ਚੋਂ ਕੱਢ ਦੇਵੇ। ਸੇਧ ਉੱਤੇ

ਪਹੁੰਚਦਿਆਂ ਮਿਲਖਾ ਸਿੰਘ ਕੱਟਿਆ ਗਿਆ। ਸੇਧ ਉੱਤੇ ਲਾਇਆ ਸਿਰਤੋੜ ਤਾਣ ਵੀ ਕੁਝ ਨਾ ਕਰ ਸਕਿਆ। ਮਿਲਖਾ ਸਿੰਘ ਚੌਥੇ ਨੰਬਰ ’ਤੇ ਆਇਆ ਪਰ ਉਸ ਦਾ ਸਮਾਂ ਪਹਿਲੇ ਓਲੰਪਿਕ ਰਿਕਾਰਡ ਨੂੰ ਮਾਤ ਪਾ ਗਿਆ। ਓਥੇ ਉਸ ਨੇ ਇਹ ਦੌੜ 45.6 ਸਕਿੰਟ ਵਿਚ ਪੂਰੀ ਕੀਤੀ ਜੋ ਏਸ਼ੀਆ ਦੇ ਕਿਸੇ ਦੌੜਾਕ ਦੀ ਬਹੁਤ ਵੱਡੀ ਪ੍ਰਾਪਤੀ ਕਹੀ ਜਾ ਸਕਦੀ ਹੈ। ਹੁਣ ਵੀ ਜਦ ਕਦੇ ਮਿਲਖਾ ਸਿੰਘ ਉਸ ਦਾ ਦੌੜ ਦਾ ਜ਼ਿਕਰ ਕਰਦਾ ਹੈ ਤਾਂ ਢਾਈ ਸੌ ਮੀਟਰ ਉੱਤੇ ਕੀਤੀ ਗ਼ਲਤੀ ਕਾਰਨ ਮੱਥੇ ਉੱਤੇ ਹੱਥ ਮਾਰਦਾ ਕਹਿੰਦਾ ਹੈ, “ਇਸ ਗ਼ਲਤੀ ਦਾ ਸਦਮਾ ਮੈਨੂੰ ਉਮਰ ਭਰ ਰਹੇਗਾ।”

ਰੋਮ ਦੀ ਦੌੜ ਪਿੱਛੋਂ ਮਿਲਖਾ ਸਿੰਘ ਉਦਾਸ ਹੋ ਗਿਆ। ਉਹਦੇ ਸੁਫ਼ਨਿਆਂ ਦਾ ਸੁਨਹਿਰੀ ਮਹੱਲ ਖਿੰਡ ਖੱਪਰ ਗਿਆ। ਵਰ੍ਹਿਆਂ ਦੀ ਘਾਲਣਾ ਚੇਤੇ ਕਰ ਕੇ ਉਹਦਾ ਰੋਣ ਨਿਕਲ ਜਾਂਦਾ। ਦੌੜਦਿਆਂ ਵਿਤੋਂ ਵੱਧ ਜ਼ੋਰ ਲਾਉਣ ਕਾਰਨ ਉਹ ਕਿੰਨੀ ਵਾਰ ਡਿੱਗਿਆ ਤੇ ਬੇਹੋਸ਼ ਹੋਇਆ, ਕੋਈ ਗਿਣਤੀ ਹੀ ਨਹੀਂ ਸੀ। ਉਹਦੀ ਭੈਣ ਨੇ ਉਹਦੀ ਦੌੜ ਵੇਖਣੀ ਚਾਹੀ ਸੀ। ਆਪਣੀ ਭੈਣ ਨੂੰ ਉਹ ਦਿੱਲੀ ਦੇ ਨੈਸ਼ਨਲ ਸਟੇਡੀਅਮ ਵਿੱਚ ਲੈ ਗਿਆ। ਉਹਦੀ ਭੈਣ ਰੋਣ ਕੁਰਲਾਉਣ ਲੱਗੀ ਪਰ ਲੋਕਾਂ ਨੇ ਸਮਝਾਇਆ ਕਿ ਉਹ ਛੇਤੀ ਹੋਸ਼ ਵਿੱਚ ਆ ਜਾਵੇਗਾ। ਜਦੋਂ ਮਿਲਖਾ ਸਿੰਘ ਸੁਰਤ ਸਿਰ ਹੋ ਕੇ ਭੈਣ ਕੋਲ ਆਇਆ ਤਾਂ ਭੈਣ ਕਹਿਣ ਲੱਗੀ, “ਵੀਰਾ ਤੂੰ ਦੌੜਨਾ ਛੱਡ ਦੇ। ਮੈਂ ਤੈਨੂੰ ਏਨਾ ਔਖਾ ਹੁੰਦਾ ਨਹੀਂ ਵੇਖ ਸਕਦੀ।”

ਮਿਲਖਾ ਸਿੰਘ ਨੇ ਆਖਿਆ, “ਵੇਖ ਇਹ ਕਿੰਨੇ ਲੋਕ ਨੇ। ਸਾਰੇ ਮੇਰੀ ਦੌੜ ਵੇਖਣ ਆਏ ਨੇ, ਦੌੜਨਾ ਛੱਡ ਦਿਆਂ ਤਾਂ ਮੈਨੂੰ ਕੌਣ ਵੇਖੇਗਾ ? ਇਹ ਸਾਰੀ ਸ਼ਾਨ ਦੌੜਨ ਦੇ ਸਿਰ ਉੱਤੇ ਹੀ ਹੈ।”

ਉਹ ਬੇਸ਼ੱਕ ਆਪਣੀ ਸ਼ਿਖਰ ਦੀ ਫਾਰਮ ਤੋਂ ਢਲ ਚੁੱਕਾ ਸੀ ਪਰ ਉਸ ਨੇ ਦੌੜਨਾ ਫਿਰ ਵੀ ਜਾਰੀ ਰੱਖਿਆ। 1962 ਵਿੱਚ ਜਕਾਰਤਾ ਦੀਆਂ ਚੌਥੀਆਂ ਏਸ਼ੀਆਈ ਖੇਡਾਂ ’ਚੋਂ ਉਹਨੇ ਦੋ ਸੋਨੇ ਦੇ ਤਮਗ਼ੇ ਜਿੱਤੇ। 1964 ਵਿੱਚ ਟੋਕੀਓ ਵਿਖੇ ਤੀਜੀ ਵਾਰ ਓਲੰਪਿਕ ਖੇਡਾਂ ’ਚ ਭਾਗ ਲਿਆ ਤੇ ਕਈ ਹੋਰਨੀਂ ਥਾਈਂ ਵੀ ਦੌੜਿਆ। ਅਖ਼ੀਰ ਟੋਕੀਓ ਦੀ ਓਲੰਪਿਕ ਦੌੜ, ਦੌੜਣ ਪਿੱਛੋਂ ਉਹਨੇ ਦੌੜ ਨੂੰ ਸਦਾ ਲਈ ਅਲਵਿਦਾ ਕਹਿ ਕੇ ਆਪਣੇ ਕਿੱਲਾਂ ਵਾਲੇ ਬੂਟ ਕਿੱਲੀ ਉੱਤੇ ਟੰਗ ਦਿੱਤੇ ਜੋ ਅੱਜ ਵੀ ਵੰਗਾਰ ਰਹੇ ਹਨ — ਆਓ ਜੁਆਨੋਂ, ਕੋਈ ਨਿੱਤਰ ਕੇ ਵਿਖਾਓ।

ਮਿਲਖਾ ਸਿੰਘ ਫੌਜੀ ਸਿਪਾਹੀ ਤੋਂ ਤਰੱਕੀ ਕਰਦਾ-ਕਰਦਾ ਜਮਾਂਦਾਰੀ ਦੇ ਰੈਂਕ ਤੱਕ ਅੱਪੜ ਗਿਆ ਸੀ ਕਿ ਪੰਜਾਬ ਸਰਕਾਰ ਨੇ ਉਹਨੂੰ ਪਹਿਲਾਂ ਖੇਡ-ਵਿਭਾਗ ਦੀ ਡਿਪਟੀ ਡਾਇਰੈਕਟਰੀ ਤੇ ਪਿੱਛੋਂ ਡਾਇਰੈਕਟਰੀ ਸੌਂਪ ਦਿੱਤੀ ਸੀ। ਉਹ ਪਿੱਛੋਂ ਜਿਹੇ ਹੀ ਆਪਣੀ ਨੌਕਰੀ ਤੋਂ ਰਿਟਾਇਰ ਹੋਇਆ ਹੈ ਤੇ ਅੱਜ ਕੱਲ ਚੰਡੀਗੜ੍ਹ ਦਾ ਵਾਸੀ ਹੈ।

## ਅਭਿਆਸ-ਪ੍ਰਸ਼ਨ

1. ਮਿਲਖਾ ਸਿੰਘ ਨੂੰ ਕਿਹੜੇ-ਕਿਹੜੇ ਨਾਂ ਨਾਲ ਉਪਮਾ ਦਿੱਤੀ ਜਾਂਦੀ ਹੈ ?
2. ਮਿਲਖਾ ਸਿੰਘ ਏਸ਼ੀਆਂ ਦਾ ਬੈਸਟ ਐਥਲੀਟ ਕਿਵੇਂ ਤੇ ਕਦੋਂ ਬਣਿਆ ?
3. ਮਿਲਖਾ ਸਿੰਘ ਦਾ ਪਰਿਵਾਰਿਕ ਪਿਛੋਕੜ ਕੀ ਸੀ ? ਤੇ ਸੰਨ ੧੯੪੭ ਦੀ ਵੰਡ ਸਮੇਂ ਉਸਦੇ ਪਰਿਵਾਰ 'ਤੇ ਕੀ ਬੀਤਦੀ ਹੈ ?
4. ਮਿਲਖਾ ਸਿੰਘ ਨੂੰ 'ਫ਼ਲਾਇੰਗ ਸਿੱਖ' ਦੀ ਉਪਾਧੀ ਕਦੋਂ ਤੇ ਕਿਵੇਂ ਪ੍ਰਾਪਤ ਹੋਈ ਹੈ ?
5. "ਇਸ ਗ਼ਲਤੀ ਦਾ ਸਦਮਾ ਉਮਰ ਭਰ ਰਹੇਗਾ।" ਇਹ ਸ਼ਬਦ ਕਿਸ ਪ੍ਰਸੰਗ ਵਿੱਚ ਕਹੇ ਗਏ ਹਨ ?

## ਹਰਪਾਲ ਸਿੰਘ ਲੱਖੀਆਂ

ਹਰਪਾਲ ਸਿੰਘ ਲੱਖੀਆਂ ਰਾਜਸਥਾਨ ਵਿੱਚ ਰਚੀ ਜਾ ਰਹੀ ਪੰਜਾਬੀ ਕਹਾਣੀ ਦਾ ਮੋਢੀ ਕਹਾਣੀਕਾਰ ਹੈ। ਉਸ ਦੀਆਂ ਕਹਾਣੀਆਂ ਸਮੇਂ ਦੇ ਚਰਚਿਤ ਪੰਜਾਬੀ ਰਸਾਲਿਆਂ 'ਨਾਗਮਣੀ', 'ਪ੍ਰੀਤਲੜੀ', 'ਸੰਖ', 'ਆਰਸੀ', 'ਪੰਜ ਦਰਿਆ' ਆਦਿ ਦਾ ਹਿੱਸਾ ਬਣਦੀਆਂ ਰਹੀਆਂ ਹਨ। ਉਸ ਦੀਆਂ ਕਹਾਣੀਆਂ ਦੇ ਵਿਸ਼ਿਆਂ ਵਿੱਚ ਜਿੱਥੇ ਵਿਵਿਧਤਾ ਵੇਖਣ ਨੂੰ ਮਿਲਦੀ ਹੈ, ਉੱਥੇ ਕਲਾਤਮਕ ਪੱਖ ਤੋਂ ਵੀ ਕਹਾਣੀਆਂ ਵਿੱਚ ਰਾਜਸਥਾਨ ਦੀ ਭੁਇੰ ਮੰਡਲ ਨੂੰ ਵੀ ਤਲਾਸ਼ਿਆ ਜਾ ਸਕਦਾ ਹੈ।

ਹਰਪਾਲ ਸਿੰਘ ਲੱਖੀਆਂ ਦਾ ਜਨਮ ਪਿੰਡ ਗੁਲਾਬੇਵਾਲਾ ਜਿਲ੍ਹਾ ਫਿਰੋਜ਼ਪੁਰ (ਹਾਲ ਜਿਲ੍ਹਾ ਸ਼੍ਰੀ. ਮੁਕਤਸਰ ਸਾਹਿਬ) ਵਿਖੇ ਪਿਤਾ ਸਰਦਾਰ ਦਲ ਸਿੰਘ ਦੇ ਘਰ ਮਾਤਾ ਨਿਹਾਲ ਕੌਰ ਦੀ ਕੁੱਖੋਂ 5 ਮਾਰਚ 1942 ਈ. ਨੂੰ ਹੋਇਆ। ਹਰਪਾਲ ਸਿੰਘ ਲੱਖੀਆਂ ਨੇ ਮੈਟ੍ਰਿਕ ਤੱਕ ਦੀ ਪੜ੍ਹਾਈ ਖਾਲਸਾ ਹਾਈ ਸਕੂਲ ਸ਼੍ਰੀ ਮੁਕਤਸਰ ਸਾਹਿਬ ਤੋਂ ਪ੍ਰਾਪਤ ਕੀਤੀ। ਪੜ੍ਹਾਈ ਉਪਰੰਤ ਉਸ ਨੇ ਖੇਤੀਬਾੜੀ ਦੇ ਨਾਲ-ਨਾਲ ਲੇਖਣੀ ਨੂੰ ਵੀ ਆਪਣੀ ਜੀਵਨ ਸ਼ੈਲੀ ਦਾ ਹਿੱਸਾ ਬਣਾਇਆ। ਉਹ ਨਿਰੰਤਰ ਕਹਾਣੀ ਵਿਧਾ ਨਾਲ ਜੁੜਿਆ ਹੋਇਆ ਹੈ। ਉਸ ਦੀਆਂ ਕੁਝ ਕਹਾਣੀਆਂ ਹਿੰਦੀ ਵਿੱਚ ਅਨੁਵਾਦ ਹੋ ਕੇ ਵੀ ਛਪ ਚੁੱਕੀਆਂ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਉਸ ਨੂੰ ਰਾਜਸਥਾਨ ਵਿੱਚ ਪੰਜਾਬੀ ਭਾਸ਼ਾ ਪ੍ਰਤੀ ਸੇਵਾਵਾਂ ਸਦਕਾ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਅੱਜਕੱਲ੍ਹ ਲੇਖਕ ਪਿੰਡ ਲੱਖੀਆਂ ਵਿੱਚ ਆਪਣਾ ਜੀਵਨ ਬਿਤਾ ਰਿਹਾ ਹੈ। 'ਰੁੱਤ ਆਵੇ ਰੁੱਤ ਜਾਵੇ', 'ਮੇਰੀ ਚੁੱਪ ਦੇ ਬੋਲ ', ਅਤੇ 'ਪਿਓਂਦ ਕੀਤੀ ਬੇਰੀ ' ਹੁਣ ਤੱਕ ਉਸ ਦੇ ਤਿੰਨ ਕਹਾਣੀ ਸੰਗ੍ਰਿਹ ਛਪ ਚੁੱਕੇ ਹਨ।

ਉਸ ਦੀਆਂ ਕਹਾਣੀਆਂ ਵਿੱਚੋਂ ਮਨੋਵਿਗਿਆਨ ਦੀਆਂ ਸੂਖ਼ਮ ਪਰਤਾਂ ਨੂੰ ਤਲਾਸ਼ਿਆ ਜਾ ਸਕਦਾ ਹੈ। ਇਸ ਪਾਠ-ਪੁਸਤਕ ਵਿੱਚ ਲੱਖੀਆਂ ਨੇ ਮਹਾਰਾਜਾ ਗੰਗਾ ਸਿੰਘ ਨਿਬੰਧ ਲਿਖ ਕੇ ਪੰਜਾਬੀ ਵਾਰਤਕ ਉੱਪਰ ਆਪਣੀ ਪਕੜ ਦਾ ਪ੍ਰਮਾਣ ਪੇਸ਼ ਕੀਤਾ ਹੈ। ਇਸ ਨਿਬੰਧ ਵਿੱਚ ਲੱਖੀਆਂ ਨੇ ਮਹਾਰਾਜਾ ਦੀ ਜੀਵਨ ਸ਼ੈਲੀ ਨੂੰ ਬੜੇ ਭਾਵਪੂਰਤ ਅੰਦਾਜ਼ ਵਿੱਚ ਪੇਸ਼ ਕੀਤਾ ਹੈ। ਲੇਖਕ ਦੇ ਭਿੰਨ-ਭਿੰਨ ਵਿਸ਼ਿਆਂ ਉੱਪਰ ਲਿਖੇ ਨਿਬੰਧ ਪੰਜਾਬੀ ਦੇ ਰਸਾਲੇ 'ਸੰਖ' ਵਿੱਚ ਛਪਦੇ ਰਹਿੰਦੇ ਹਨ।

# ਮਹਾਰਾਜਾ ਗੰਗਾ ਸਿੰਘ

ਰਾਵ ਬੀਕਾ ਜੀ ਨੇ, ਬੀਕਾਨੇਰ ਰਿਆਸਤ, 1472 ਈ. ਵਿੱਚ ਸਥਾਪਤ ਕੀਤੀ ਸੀ। ਬੀਕਾ ਜੀ ਰਾਵ ਜੋਧਾ ਜੀ ਦਾ ਪੁੱਤਰ ਸੀ ਤੇ ਜੋਧਾ ਜੀ ਜੋਧਪੁਰ ਦਾ ਹੁਕਮਰਾਨ ਸੀ।

ਮਹਾਰਾਜਾ ਗੰਗਾ ਸਿੰਘ ਬੀਕਾਨੇਰ ਰਿਆਸਤ ਦਾ ਰਾਜਾ ਸੀ। ਇਹਨਾਂ ਦਾ ਜਨਮ 13 ਅਕਤੂਬਰ 1880 ਈ. ਨੂੰ ਲਾਲ ਸਿੰਘ ਦੇ ਘਰ ਮਾਤਾ ਚੰਦਰਾਵਤ ਦੀ ਕੁੱਖੋਂ ਹੋਇਆ ਸੀ।

**ਜਣਨੀ ਜਣੇ ਤਾਂ ਭਗਤ ਜਨ ਕਿ ਦਾਤਾ ਕਿ ਸੂਰ**

**ਨਹੀਂ ਤਾਂ ਜਣਨੀ ਬਾਂਝ ਰਹੇ ਕਾਹੇ ਗਵਾਵੈ ਨੂਰ**

ਵੀਹਵਾਂ ਰਾਜਾ ਡੂੰਗਰ ਸਿੰਘ ਇਸ ਦਾ ਵੱਡਾ ਭਰਾ ਸੀ। ਡੂੰਗਰ ਸਿੰਘ ਦੀ ਮੌਤ 19 ਅਗਸਤ 1887 ਈ. ਨੂੰ ਹੋਈ ਅਤੇ ਮਹਾਰਾਜਾ ਗੰਗਾ ਸਿੰਘ 31 ਅਗਸਤ 1887 ਈ. ਨੂੰ ਗੱਦੀ 'ਤੇ ਬੈਠਾ। ਇਸ ਸਮੇਂ ਉਹਨਾਂ ਦੀ ਉਮਰ ਸੱਤ ਸਾਲ ਤੋਂ ਵੀ ਘੱਟ ਸੀ।

ਗੰਗਾ ਸਿੰਘ ਨੂੰ ਗੱਦੀ 'ਤੇ ਬੈਠਿਆਂ ਅਜੇ ਮਹੀਨਾ ਹੀ ਹੋਇਆ ਸੀ ਕਿ ਉਹਨਾਂ ਦੇ ਪਿਤਾ ਦੀ ਮੌਤ ਹੋ ਗਈ। ਅਸਲ 'ਚ ਉਸ ਦਾ ਪਿਤਾ ਉਸ ਦੇ ਵੱਡੇ ਭਰਾ ਡੂੰਗਰ ਸਿੰਘ ਨੂੰ ਬਹੁਤ ਪਿਆਰ ਕਰਦਾ ਸੀ ਤੇ ਉਸ ਦਾ ਵਿਛੋੜਾ ਉਸ ਤੋਂ ਝੱਲਿਆ ਨਹੀਂ ਸੀ ਗਿਆ। ਗੰਗਾ ਸਿੰਘ ਅਜੇ ਬੱਚਾ ਸੀ ਅਤੇ ਪਰਿਵਾਰ ਵਿੱਚ ਕੋਈ ਹੋਰ ਉਸ ਦੀ ਮਦਦ ਕਰਨ ਵਾਲਾ ਨਹੀਂ ਸੀ। ਇਸ ਲਈ ਰਾਜ ਦੀ ਰਾਜ ਕੌਂਸਲ ਨੂੰ ਹੀ ਰੀਜੈਂਸੀ ਕੌਂਸਲ 'ਚ ਬਦਲ ਦਿੱਤਾ ਗਿਆ। ਉਸ ਦਾ ਪ੍ਰਧਾਨ ਕਰਨਲ ਥਾਰਨਟਨ ਨੂੰ ਬਣਾਇਆ ਗਿਆ । ਉਸ ਵੇਲੇ ਰਾਜ ਦੀ ਇਕ ਸਾਲ ਦੀ ਆਮਦਨ ਲਗਭਗ 16 ਲੱਖ ਸੀ।

ਇਸ ਕੌਂਸਲ ਨੇ ਰਾਜ ਦਾ ਕੰਮ ਚਲਾਇਆ ਤੇ ਗੰਗਾ ਸਿਿਘ ਦੀ ਸਿੱਖਿਆ ਦਾ ਵੀ ਵਧੀਆ ਪ੍ਰਬੰਧ ਕੀਤਾ। ਬਾਲਗ ਹੋ ਕੇ, ਜਦੋਂ ਗੰਗਾ ਸਿੰਘ ਨੇ ਰਿਆਸਤ ਦਾ ਕੰਮ ਆਪ ਸੰਭਾਲਿਆ ਤਾਂ ਉਦੋਂ ਰਿਆਸਤ ਦੀ ਆਮਦਨ ਲਗਭਗ 20 ਲੱਖ ਹੋ ਗਈ ਸੀ। 16 ਦਸੰਬਰ 1898 ਨੂੰ ਰਾਜਪੂਤਾਨੇ ਦੇ ਏਜੰਟ ਗਵਰਨਰ ਜਰਨਲ ਸਰ ਆਰਥਰ ਮਾਰਟੀਡੇਲ ਨੇ, ਬੀਕਾਨੇਰ ਆ ਕੇ, ਅੰਗ੍ਰੇਜ਼ ਸਰਕਾਰ ਵੱਲੋਂ ਮਹਾਰਾਜੇ ਨੂੰ ਸਾਰੇ ਅਧਿਕਾਰ ਸੌਂਪ ਦਿੱਤੇ।

ਉਸੇ ਦਿਨ ਮਹਾਰਾਜੇ ਨੇ ਆਪਣੇ ਸਰਦਾਰਾਂ ਤੇ ਅਧਿਕਾਰੀਆਂ ਦਾ ਦਰਬਾਰ ਬੁਲਾਇਆ, ਤੇ ਆਪਣੇ ਪਹਿਲੇ ਭਾਸ਼ਨ ਵਿੱਚ ਹੀ ਆਪਣੀ ਰਾਜ ਕਰਨ ਦੀ ਨੀਤੀ ਬੜੇ ਭਾਵਪੂਰਨ ਸ਼ਬਦਾਂ 'ਚ ਦਰਸਾਈ ਕਿ ਉਸ ਨੂੰ ਪਤਾ ਹੈ ਕਿ ਰੀਜੈਂਸੀ ਕੌਂਸਲ ਦੇ ਦੋ ਧੜੇ ਹਨ। ਧੜੇਬੰਦੀ ਰਾਜ ਵਾਸਤੇ ਚੰਗੀ ਨਹੀਂ। ਉਸ ਦੀ ਨਾਬਾਲਗੀ ਦੇ ਸਮੇਂ 'ਚ ਭਾਵੇਂ ਕੁਝ ਵੀ ਹੁੰਦਾ ਰਿਹਾ ਹੈ, ਪਰ ਹੁਣ ਧੜੇਬੰਦੀ ਨਹੀਂ ਹੋਣੀ ਚਾਹੀਦੀ । ਉਸ ਲਈ ਸਾਰੇ ਬਰਾਬਰ ਹਨ। ਉਹ ਰਿਸ਼ਵਤਖੋਰੀ ਤੇ ਚਮਚਾਗਿਰੀ ਦੇ ਸਖਤ ਵਿਰੁੱਧ ਹੈ। ਜਿਸ ਕਿਸੇ ਨੂੰ ਵੀ ਕੋਈ ਸ਼ਿਕਾਇਤ ਜਾਂ ਕੰਮ ਹੋਵੇ ਉਹ ਸਿੱਧਾ ਉਸ ਨੂੰ ਹੀ ਆਖੇ ਕਿਸੇ ਬਿਚੋਲੇ ਦੀ ਲੋੜ ਨਹੀਂ। ਉਸ ਪਿੱਛੋਂ ਉਸ ਨੇ ਰੀਜੈਂਸੀ ਕੌਂਸਲ ਨੂੰ ਫੇਰ ਰਾਜ ਕੌਂਸਲ ਬਣਾ ਦਿਤਾ ਸੀ।

ਮਹਾਰਾਜਾ ਗੰਗਾ ਸਿੰਘ ਭਗਤ ਸੀ। ਉਹ ਰੱਬ ਤੋਂ ਡਰਨ ਵਾਲਾ ਤੇ ਸਨਾਤਨ ਧਰਮ ਨੂੰ ਮੰਨਣ ਵਾਲਾ ਸੀ, ਦੂਜੇ ਧਰਮਾਂ ਵਾਸਤੇ ਉਹਦੇ ਮਨ ਵਿੱਚ ਈਰਖਾ ਜਾਂ ਦਵੈਤ ਨਹੀਂ ਸੀ। ਉਹ ਸਾਰੇ ਧਰਮਾਂ ਦਾ ਆਦਰ ਕਰਦਾ ਸੀ। ਜਦੋਂ ਉਸ ਨੇ ਗੰਗ ਨਹਿਰ ਲਿਆਂਦੀ ਸੀ ਤਾਂ ਉਹਦੇ ਪਾਣੀ ਨਾਲ ਸਿੰਜੀ ਜਾਣ ਵਾਲੀ ਬਹੁਤੀ ਧਰਤੀ ਪੰਜਾਬ ਦੇ ਸਿੱਖ ਕਾਸ਼ਤਕਾਰਾਂ ਨੂੰ ਅਲਾਟ ਕੀਤੀ ਸੀ। ਸਿੱਖ ਕਾਸ਼ਤਕਾਰਾਂ ਨੂੰ ਅਲਾਟ ਕੀਤੇ ਹਰ ਚੱਕ ਵਿੱਚ ਪੰਜ ਵਿੱਘੇ (ਲਗਭਗ ਸਵਾ ਹੈਕਟਰ) ਜ਼ਮੀਨ ਉਸ ਨੇ ਗੁਰਦੁਆਰੇ ਵਾਸਤੇ ਮੁਫ਼ਤ ਦਿੱਤੀ ਸੀ।

ਉਸ ਦੇ, ਲਗਭਗ ਪੰਜਾਹ ਸਾਲਾ ਸ਼ਾਸਨ ਵਿੱਚ, ਰਿਆਸਤ 'ਚ ਇਕ ਵੀ ਧਾਰਮਕ ਜਾਂ ਜਾਤੀ ਦੰਗਾ ਨਹੀਂ ਹੋਇਆ। ਸੱਤਾ ਸੰਭਾਲਦਿਆਂ ਹੀ ਉਸ ਨੇ ਆਪਣੀ ਭਾਵੀ ਨੀਤੀ ਸਪੱਸ਼ਟ ਕਰ ਦਿੱਤੀ ਸੀ। ਉਹ ਪ੍ਰਜਾ ਵਾਸਤੇ ਸ਼ਾਂਤੀ ਤੇ ਇਨਸਾਫ਼ ਚਾਹੁੰਦਾ ਸੀ।

ਉਹ ਦਾਤਾ ਸੀ। ਸੱਤਾ ਸੰਭਾਲਿਆਂ ਉਸ ਨੂੰ ਬਹੁਤਾ ਸਮਾਂ ਨਹੀਂ ਸੀ ਹੋਇਆ ਕਿ ਰਿਆਸਤ ਵਿੱਚ ਕਾਲ ਪੈ ਗਿਆ ਤੇ ਹੈਜ਼ਾ ਰੋਗ ਫੈਲ ਗਿਆ, ਪਰਜਾ ਅੰਨ, ਪਾਣੀ ਅਤੇ ਦਵਾ-ਦਾਰੂ ਵੱਲੋਂ ਬੜੀ ਔਖੀ ਹੋ ਗਈ। ਉਸ ਵੇਲੇ ਉਸ ਨੇ ਆਪਣੀ ਪਰਜਾ ਵਾਸਤੇ ਨਾ ਦਿਨ ਵੇਖਿਆ ਨਾ ਰਾਤ, ਆਪਣੀ ਜ਼ਿੰਦਗੀ ਤੇ ਅਰਾਮ ਦੀ ਵੀ ਪਰਵਾਹ ਨਹੀਂ ਕੀਤੀ। ਹਰ ਥਾਂ ਉਸ ਨੇ ਦਵਾ-ਦਾਰੂ ਤੇ ਅੰਨ ਪਾਣੀ ਪਹੁੰਚਾਇਆ ਅਤੇ ਆਪ ਵੀ ਪੁੱਜਣ ਦੀ ਕੋਸ਼ਿਸ਼ ਕੀਤੀ। ਉਸ ਦੀ ਪਰਜਾ ਨੇ ਤਾਂ ਉਸ ਦੀ ਸਿਫ਼ਤ ਕਰਨੀ ਹੀ ਸੀ, ਹੋਰ ਰਾਜਿਆਂ ਤੇ ਭਾਰਤ ਸਰਕਾਰ ਨੇ ਵੀ ਉਸ ਦੀ ਬਹੁਤ ਸਿਫ਼ਤ ਕੀਤੀ। ਉਹ ਪਰਜਾ ਦੀ ਮਦਦ ਲਈ ਹਰ ਵੇਲੇ ਤਿਆਰ ਰਹਿੰਦਾ ਸੀ। ਪਰਜਾ ਕਦੀ ਮਾਮਲਾ ਭਰਨ ਜਾਂ ਟੈਕਸ ਦੇਣ ਦੀ ਸਥਿਤੀ 'ਚ ਨਾ ਹੁੰਦੀ ਤਾਂ ਉਹ ਟੈਕਸ ਨੂੰ ਮਾਫ਼ ਕਰਦਾ ਤੇ ਹੋਰ ਵੀ ਸਹਾਇਤਾ ਦਿੰਦਾ ਸੀ। 1937 ਈ. ਵਿੱਚ ਉਸ ਨੇ, ਕਿਸਾਨਾਂ ਦਾ 42 ਲੱਖ ਰੁਪਈਆ ਮਾਫ਼ ਕਰ ਦਿੱਤਾ, ਜਿਹੜਾ ਰਾਜ ਨੇ ਅਲਾਟ ਕੀਤੀ ਜ਼ਮੀਨ ਦੀਆਂ ਕਿਸ਼ਤਾਂ ਅਤੇ ਵਿਆਜ਼ ਦੇ ਰੂਪ ਵਿੱਚ ਕਿਸਾਨਾਂ ਤੋਂ ਲੈਣਾ ਸੀ। ਉਸੇ ਸਾਲ ਕਪਾਹ ਦੀ ਫ਼ਸਲ ਖ਼ਰਾਬ ਹੋ ਗਈ ਤਾਂ ਰਾਜੇ ਨੇ ਕਿਸਾਨਾਂ ਨੂੰ ਸਹਾਇਤਾ ਵਜੋਂ ਲੱਖਾਂ ਰੁਪਏ ਵੰਡੇ ਸਨ। ਉਹ ਸਹੀ ਅਰਥਾਂ ਵਿੱਚ ਪਰਜਾ ਦਾ ਪਾਲਣਹਾਰ ਸੀ।

ਪਰਜਾ ਬਾਰੇ ਪੂਰੀ ਤੇ ਸਹੀ ਜਾਣਕਾਰੀ ਲੈਣ ਵਾਸਤੇ ਉਹਨਾਂ ਨੇ 10 ਨਵੰਬਰ 1913 ਨੂੰ ਪਰਜਾ ਪ੍ਰਤਿਨਿਧੀ ਸਭਾ ਦੀ ਸਥਾਪਨਾ ਕੀਤੀ। ਇਸ ਵਿੱਚ ਜਨਤਾ ਦੇ ਚੁਣੇ ਹੋਏ ਪ੍ਰਤਿਨਿਧੀ ਵੀ ਹੁੰਦੇ ਸਨ। ਉਹਨਾਂ ਦੀ ਸਲਾਹ ਨਾਲ ਰਾਜ ਪ੍ਰਬੰਧ ਹੋਰ ਸੁਚਾਰੂ ਰੂਪ ਨਾਲ ਚੱਲਣ ਲੱਗ ਪਿਆ।

1914 ਵਿੱਚ ਵਿਸ਼ਵ ਯੁੱਧ ਸ਼ੁਰੂ ਹੋ ਗਿਆ। ਅੰਗਰੇਜ਼ਾਂ ਦੀ ਉਸ 'ਚ ਸ਼ਾਮਿਲ ਹੋਣ ਦੀ ਸੰਭਾਵਨਾ ਬਣ ਗਈ ਤਾਂ ਮਹਾਰਾਜਾ ਗੰਗਾ ਸਿੰਘ ਨੇ ਸਮਰਾਟ ਜਾਰਜ ਪੰਜਵੇਂ ਨੂੰ ਇੱਕ ਤਾਰ ਭੇਜ ਕੇ ਆਪ ਤੇ ਆਪਣੀ ਸੈਨਾ ਦੇ ਯੁੱਧ 'ਚ ਸ਼ਾਮਿਲ ਹੋਣ ਦੀ ਇੱਛਾ ਜ਼ਾਹਰ ਕੀਤੀ। ਇੱਕ ਤਾਰ ਭਾਰਤ ਦੇ ਵਾਇਸਰਾਏ ਨੂੰ ਘੱਲੀ। ਜਦੋਂ ਮਹਾਰਾਜੇ ਦੀ ਫੌਜ ਯੁੱਧ 'ਚ ਸ਼ਾਮਲ ਹੋਈ ਤਾਂ ਉਹਨਾਂ ਨੇ ਖ਼ੁਦ ਅਗਲਿਆਂ ਮੋਰਚਿਆਂ 'ਤੇ ਜਾ ਕੇ ਫ਼ੌਜ ਦੀ ਅਗਵਾਈ ਕੀਤੀ। ਫ਼ੌਜ ਨੇ ਜੰਗ ਵਿਚ ਬਹੁਤ ਜ਼ੌਹਰ ਵਿਖਾਏ। ਫ਼ੌਜੀਆਂ ਨੂੰ ਸਰਕਾਰ ਵੱਲੋਂ ਅਨੇਕਾਂ ਖਿਤਾਬ ਦਿੱਤੇ ਗਏ, ਰਿਆਸਤ ਨੂੰ ਜਿੱਤਿਆ ਹੋਇਆ ਸਮਾਨ ਉਪਹਾਰ ਦੇ ਤੌਰ ਤੇ ਦਿੱਤਾ ਗਿਆ। ਜਿਸ ਵਿੱਚ ਦੋ ਜੰਗੀ ਹਵਾਈ ਜ਼ਹਾਜ਼ ਵੀ ਸਨ।

ਆਪਣੀ ਜ਼ਿੰਦਗੀ ਦੇ ਆਖਰੀ ਸਾਲਾਂ ਵਿੱਚ ਜਦੋਂ ਮਹਾਰਾਜਾ ਇਕ ਦਿਨ ਉਦੇਪੁਰ ਦੇ ਜੰਗਲਾਂ ਵਿੱਚ ਸ਼ਿਕਾਰ ਖੇਡਣ ਗਿਆ ਤਾਂ ਇਕ ਪਹਾੜੀ 'ਤੇ ਬੈਠੇ ਹੋਏ ਉਸਦੀ ਨਿਗ੍ਹਾ ਸਾਹਮਣੇ ਸ਼ਿਕਾਰ ਵੱਲ ਸੀ ਕਿ ਅਚਾਨਕ ਪਿੱਛੇ ਵੇਖਿਆ ਤਾਂ ਇਕ ਸ਼ੇਰ ਹਮਲਾ ਕਰਨ ਲਈ ਤਿਆਰ ਸੀ। ਮਹਾਰਾਜਾ ਬਿਲਕੁਲ ਹੀ ਨਾ

ਘਬਰਾਇਆ ਸਗੋਂ ਫੁਰਤੀ ਨਾਲ ਘੁੰਮ ਕੇ ਉਸ ਨੇ ਸ਼ੇਰ ਤੇ ਬੰਦੂਕ ਦੀ ਗੋਲੀ ਚਲਾਈ ਤੇ ਉਸ ਨੂੰ ਮਾਰ ਦਿੱਤਾ। ਸ਼ੇਰ ਉਦੋਂ ਸਿਰਫ਼ ਬਾਈ ਫੁੱਟ ਦੀ ਦੂਰੀ 'ਤੇ ਸੀ। ਇਹਨਾਂ ਗੱਲਾਂ ਤੋਂ ਉਹਨਾਂ ਦੀ ਸੂਰਬੀਰਤਾ ਅਤੇ ਯੁੱਧ ਕਲਾ ਦਾ ਪ੍ਰਮਾਣ ਮਿਲਦਾ।

ਆਵਾਜਾਈ ਲਈ ਸੜਕਾਂ ਬਣਵਾਈਆਂ ਤੇ ਰੇਲਵੇ ਵਿੱਚ ਵਾਧਾ ਕੀਤਾ। ਰੇਲਵੇ ਨਾਲ ਪਰਜਾ ਅਤੇ ਵਪਾਰੀਆਂ ਨੂੰ ਸਹੂਲਤ ਹੋਈ ਤੇ ਰਾਜ ਦੀ ਆਮਦਨ ਵਿੱਚ ਵੀ ਵਾਧਾ ਹੋਇਆ। ਪਹਿਲਾਂ ਰੇਲਵੇ ਜੋਧਪੁਰ ਰਿਆਸਤ ਨਾਲ ਸਾਂਝੀ ਸੀ, ਪਰ 1924 ਈ. ਵਿੱਚ ਵੰਡ ਕੇ ਵੱਖ ਕਰ ਲਈ ਗਈ ਤੇ ਸਾਰੇ ਦਫ਼ਤਰ ਬੀਕਾਨੇਰ ਬਣਾ ਲਏ ਗਏ। ਇਸ ਤਰ੍ਹਾਂ ਸਾਰਾ ਪ੍ਰਬੰਧ ਤੇ ਹਿਸਾਬ ਵੇਖਣਾ ਸੌਖਾ ਹੋ ਗਿਆ। ਅਗਲੇ ਸਾਲ ਉਸ ਨੇ ਬੀਕਾਨੇਰ 'ਚ ਰੇਲਵੇ ਕਾਰਖ਼ਾਨੇ ਦੀ ਨੀਂਹ ਰੱਖੀ, ਜਿਸ ਨਾਲ ਪਰਜਾ ਨੂੰ ਰੁਜ਼ਗਾਰ ਮਿਲਿਆ। ਮਹਾਰਾਜਾ ਗੰਗਾ ਸਿੰਘ ਦੇ ਸਮੇਂ ਰੇਲਵੇ ਲਾਈਨ ਦੀ ਲੰਬਾਈ ਲਗਭਗ 800 ਕਿਲੋਮੀਟਰ ਹੋ ਗਈ, ਜਿਹੜੀ ਕਿ ਪਹਿਲਾਂ 80 ਕਿਲੋਮੀਟਰ ਤੋਂ ਵੀ ਘੱਟ ਸੀ।

ਰਿਆਸਤ ਵਿੱਚ ਖੇਤੀ ਕੁਦਰਤ 'ਤੇ ਹੀ ਨਿਰਭਰ ਸੀ, ਜਿਸ ਨਾਲ ਅਕਾਲ ਪੈਣ ਦਾ ਖਤਰਾ ਹਮੇਸ਼ਾ ਬਣਿਆ ਰਹਿੰਦਾ ਸੀ। ਮਹਾਰਾਜੇ ਨੇ ਇਸ ਤੋਂ ਛੁਟਕਾਰਾ ਪਾਉਣ ਲਈ ਭਾਰਤ ਸਰਕਾਰ ਨਾਲ ਨਹਿਰ ਦੀ ਮੰਜ਼ੂਰੀ ਲਈ ਲਿਖਤ-ਪੜ੍ਹਤ ਕੀਤੀ, ਸਿੱਟੇ ਵਜੋਂ 4 ਸਤੰਬਰ 1920 ਈ. ਨੂੰ ਨਹਿਰ ਬਣਾਉਣ ਦੀ ਮੰਜ਼ੂਰੀ ਮਿਲ ਗਈ। ਇਹ ਨਹਿਰ ਸਤਲੁਜ ਦਰਿਆ 'ਚੋਂ, ਹਰੀ ਕੇ ਪੱਤਣ ਤੋਂ ਕੱਢ ਕੇ ਬੀਕਾਨੇਰ ਰਾਜ ਵਿੱਚ ਆਉਣੀ ਸੀ। ਨਹਿਰ ਬਨਣ ਤੇ ਇਸ ਦਾ ਨਾਂ ਗੰਗ ਨਹਿਰ ਰੱਖਿਆ ਗਿਆ। ਨਹਿਰ ਬਣਾਉਣ ਤੋਂ ਪਹਿਲਾਂ ਮਹਾਰਾਜੇ ਨੇ ਸਾਰੇ ਲਾਭ-ਹਾਨੀ ਦਾ ਹਿਸਾਬ ਵੀ ਲਾਇਆ ਸੀ। ਨਹਿਰ ਨਾਲ ਰਿਆਸਤ ਦੀ ਲਗਭਗ 75 ਲੱਖ ਰੁਪਏ ਦੀ ਆਮਦਨ ਵਧਣ ਦੀ ਸੰਭਾਵਨਾ ਸੀ, ਜੋ ਕਿ ਇਕ ਵੱਡੀ ਪ੍ਰਾਪਤੀ ਸੀ।

ਇਸ ਨਹਿਰ ਦਾ ਨੀਂਹ ਪੱਥਰ ਮਹਾਰਾਜੇ ਨੇ 5 ਦਸੰਬਰ 1925 ਈਸਵੀ ਨੂੰ ਰੱਖਿਆ, ਪਰ ਇਸ ਨੂੰ ਬਣਾਉਣ ਦੀ ਤਿਆਰੀ ਕਰਨ 'ਤੇ ਲਗਭਗ ਪੰਜ ਸਾਲ ਲੱਗ ਗਏ ਸਨ। ਇਸ ਨਹਿਰ ਨੂੰ ਬਣਾਉਣ ਤੋਂ ਪਹਿਲਾਂ ਸਿੰਜੇ ਜਾਣ ਵਾਲੇ ਰਕਬੇ ਦੀ ਮਿਣਤੀ ਕਰ ਕੇ, ਉਸ ਦਾ ਲੇਬਲ ਕੱਢ ਕੇ, ਮੁਰੱਬੇ ਬੰਦੀ ਕਰ ਕੇ, ਨਹਿਰਾਂ, ਸੂਏ, ਕੱਸੀਆਂ ਬਨਾਉਣ ਤੇ ਮੋਘੇ ਲਾਉਣ ਦੀ ਸਾਰੀ ਵਿਉਂਤ ਬੰਦੀ ਕੀਤੀ ਗਈ ਤੇ ਫੇਰ ਰਕਬਾ ਕਿਸਾਨਾਂ ਨੂੰ ਦਿੱਤਾ ਗਿਆ ਤੇ ਪਾਣੀ ਦੀ ਕੀਮਤ, ਭਾਵ ਨਹਿਰ 'ਤੇ ਹੋਇਆ ਖਰਚ ਕਿਸਾਨਾਂ ਤੋਂ ਸੌਖੀਆਂ ਕਿਸ਼ਤਾਂ ਰਾਹੀਂ ਵਸੂਲਿਆ ਗਿਆ।

ਇਸ ਨਹਿਰ ਦੇ ਬਣਾਉਣ 'ਤੇ ਲੱਗਿਆ ਸਾਰਾ ਸਮਾਨ ਉਸ ਦੀ ਰਿਆਸਤ ਚੋਂ ਲਿਆ ਗਿਆ ਸੀ। ਉਸ ਦੀ ਢੋਆ-ਢੁਆਈ ਲਈ ਇਕ ਗੱਡੀ ਦੀ ਲੀਹ ਆਰਜ਼ੀ ਤੌਰ ਤੇ ਬਣਾਈ ਗਈ ਸੀ, ਜੋ ਮਗਰੋਂ ਉਖਾੜ ਲਈ ਗਈ। ਇਹ ਨਹਿਰ ਦੋ ਸਾਲਾਂ ਤੋਂ ਵੀ ਘੱਟ ਸਮੇਂ ਵਿੱਚ ਤਿਆਰ ਹੋ ਗਈ। 26 ਅਕਤੂਬਰ 1927 ਈ. ਨੂੰ ਲਾਰਡ ਇਰਵਿਨ ਨੇ ਇਸ ਦਾ ਉਦਘਾਟਨ ਕੀਤਾ। 1927-28 ਈ. ਵਾਲੀ ਹਾੜੀ ਦੀ ਫ਼ਸਲ ਇਸ ਨਹਿਰ ਦੇ ਪਾਣੀ ਨਾਲ ਬੀਜੀ ਗਈ ਸੀ।

ਇਸ ਇਲਾਕੇ ਲਈ ਇਹ ਨਹਿਰ ਮਹਾਰਾਜੇ ਦੀ ਇਕ ਬਹੁਤ ਵੱਡੀ ਦੇਣ ਹੈ। ਇਸ ਨਾਲ ਇਲਾਕੇ ਵਿੱਚ ਏਨਾ ਅਨਾਜ ਪੈਦਾ ਹੋਣ ਲੱਗ ਪਿਆ ਕਿ ਰਿਆਸਤ ਵਿੱਚ ਕਦੀ ਵੀ ਕਾਲ ਦੀ ਸਥਿਤੀ ਨਹੀਂ ਬਣੀ।

ਮਹਾਰਾਜਾ ਇਕ ਯੋਗ ਤੇ ਸਿਆਣਾ ਰਾਜਨੀਤੀਵਾਨ ਸੀ। ਉਸ ਨੂੰ ਅੰਗ੍ਰੇਜ਼ੀ ਤੇ ਹਿੰਦੀ ਬੋਲਣ ਦਾ ਚੰਗਾ ਅਭਿਆਸ ਸੀ। ਉਸ ਦੇ ਬੋਲ ਸਰੋਤਿਆਂ ਤੇ ਚੰਗਾ ਪ੍ਰਭਾਵ ਪਾਉਂਦੇ ਸਨ। ਸੱਤਾ ਸੰਭਾਲਣ ਸਮੇਂ ਅਠਾਰਾਂ ਸਾਲ ਦੀ ਉਮਰ ਵਿੱਚ ਉਹਨਾਂ ਨੇ ਸਰਦਾਰਾਂ ਤੇ ਕਰਮਚਾਰੀਆਂ ਨੂੰ ਪ੍ਰਭਾਵਸ਼ਾਲੀ ਤਕਰੀਰ ਰਾਹੀਂ

ਸੰਬੋਧਨ ਕੀਤਾ। ਜਦੋਂ ਉਸ ਨੇ ਆਪਣੇ ਲੜਕਿਆਂ ਨੂੰ ਰਾਜ ਕਰਨ ਬਾਬਤ ਸਮਝਾਇਆ ਤਾਂ ਉਸ ਨੇ ਕਮਾਲ ਦੀਆਂ ਸਮਝਾਉਣੀਆਂ ਦਿੱਤੀਆਂ ਸਨ। ਉਸ ਨੇ ਇਸ ਤਰ੍ਹਾਂ ਸ਼ੁਰੂ ਕੀਤਾ ਸੀ,"ਜੇ ਮੈਨੂੰ ਆਪਣਾ ਉਪਦੇਸ਼ ਇਕ ਵਾਕ ਵਿੱਚ ਆਖਣਾ ਪਵੇ ਤਾਂ ਮੈ ਤੁਹਾਨੂੰ ਜਾਂ ਹੋਰ ਕਿਸੇ ਵੀ ਆਦਮੀ ਨੂੰ ਜਿਸ ਨੇ ਹੁਕਮਰਾਨ ਬਨਣਾ ਹੋਵੇ, ਆਖਾਂਗਾ ਕਿ ਹੁਕਮਰਾਨ-ਪ੍ਰਮਾਤਮਾ, ਰਾਜ, ਪਰਜਾ ਤੇ ਆਪਣੇ ਪ੍ਰਤੀ ਸਦਾ ਸੱਚਾ ਰਹੇ।"

ਵਸ਼ਵ ਯੁੱਧ ਦੀ ਸਮਾਪਤੀ ਵੇਲੇ ਸਾਰੇ ਦੇਸ਼ਾਂ ਦੇ ਸੰਧੀ ਸੰਮੇਲਨ ਵਿੱਚ ਮਹਾਰਾਜਾ ਭਾਰਤੀ ਪ੍ਰਤੀਨਿਧੀ ਦੇ ਤੌਰ 'ਤੇ ਸ਼ਾਮਿਲ ਹੋਇਆ ਤੇ ਲਗਭਗ 7 ਮਹੀਨੇ ਇੰਗਲੈਂਡ 'ਚ ਰਹਿ ਕੇ ਸੰਧੀ ਸੰਬੰਧੀ ਕੰਮਾਂ ਤੇ ਮੀਟਿੰਗਾਂ 'ਚ ਹਿੱਸਾ ਲੈਂਦਾ ਰਿਹਾ। ਜਦੋਂ ਉਹ ਭਾਰਤ ਵਾਪਸ ਆਉਣ ਲੱਗਿਆ ਸੀ ਤਾਂ ਪ੍ਰਧਾਨ ਮੰਤਰੀ ਰਾਈਟ ਆਨਰੇਬਲ ਡੀ. ਲਾਇਡ ਜਾਰਜ ਨੇ ਉਹਨਾਂ ਨੂੰ ਲਿਖਿਆ ਸੀ," ...........ਆਪ ਨੇ ਭਾਰਤ ਸਾਮਰਾਜ ਦੇ ਹਿੱਤਾਂ ਦਾ ਪੂਰਾ-ਪੂਰਾ ਧਿਆਨ ਰੱਖਿਆ ਹੈ, ਤੁਸੀਂ ਇਹ ਜਾਣ ਕੇ ਸੰਤੋਸ਼ ਨਾਲ ਵਿਦਾ ਹੋ ਸਕਦੇ ਹੋ ਕਿ ਤੁਹਾਡੇ ਨਾਲ ਕੰਮ ਕਰਨ ਵਾਲਿਆਂ ਨੇ ਤੁਹਾਡੇ ਕੰਮਾਂ ਦੀ ਬਹੁਤ ਪ੍ਰਸ਼ੰਸ਼ਾ ਕੀਤੀ ਹੈ........।"

ਉਸ ਪਿੱਛੋਂ ਜਦੋਂ ਭਾਰਤ 'ਚ ਅੰਗ੍ਰੇਜ਼ਾਂ ਦੇ ਵਿਰੁੱਧ ਅਸਹਿਯੋਗ ਅੰਦੋਲਨ ਸ਼ੁਰੂ ਹੋਇਆ ਤੇ ਕਾਂਗਰਸ ਨੇ ਸੰਪੂਰਨ ਸਵਰਾਜ ਦਾ ਮਤਾ ਪਾਸ ਕੀਤਾ ਤਾਂ ਭਾਰਤ ਦੀਆਂ ਮੰਗਾਂ ਤੇ ਵਿਚਾਰ ਕਰਨ ਲਈ ਅੰਗ੍ਰੇਜ਼ਾਂ ਨੇ ਲੰਡਨ 'ਚ ਗੋਲਮੇਜ਼ ਕਾਨਫ਼ਰੰਸ ਬੁਲਾਈ। ਮਹਾਰਾਜਾ ਉਸ 'ਚ ਭਾਰਤੀ ਰਾਜਿਆਂ ਦੇ ਪ੍ਰਤਿਨਿਧ ਵਜੋਂ ਸ਼ਾਮਿਲ ਹੋਇਆ। ਉਹ ਆਪਣੀ ਰਾਏ, ਆਪਣੇ ਭਾਸ਼ਨਾਂ ਰਾਹੀਂ, ਬਿਨਾਂ ਕਿਸੇ ਡਰ ਤੋਂ ਪੇਸ਼ ਕਰਦਾ ਰਿਹਾ। ਉਸ ਨੇ 12 ਨਵੰਬਰ 1930 ਈ. ਤੋ 20 ਜਨਵਰੀ 1931 ਈ. ਤੱਕ ਸਾਰੀਆਂ ਬੈਠਕਾਂ ਵਿੱਚ ਹਿੱਸਾ ਲਿਆ। ਹੋਰਾਂ ਤੋਂ ਬਿਨਾਂ ਲਾਰਡ ਇਰਵਿਨ ਨੇ ਵੀ ਉਸ ਦੇ ਭਾਸ਼ਨਾਂ ਦੀ ਪ੍ਰਸ਼ੰਸ਼ਾ ਕੀਤੀ। ਭਾਸ਼ਨਾਂ 'ਚ ਉਸ ਨੇ ਦੱਸਿਆ ਸੀ ਕਿ ਅੰਗ੍ਰੇਜ਼ੀ ਸਰਕਾਰ ਦਾ ਭਾਰਤੀ ਰਾਜਿਆਂ ਨਾਲ ਸੰਬੰਧ ਕਿਹੋ ਜਿਹਾ ਹੋਵੇ ? ਭਾਰਤੀ ਪਰਜਾ ਦੀਆਂ ਸੱਮਸਿਆਵਾਂ ਕੀ ਹਨ ?

ਉਹ ਭਾਰਤੀ ਰਾਜਿਆਂ ਦੇ ਪ੍ਰਤੀਨਿਧੀ ਦੇ ਤੌਰ 'ਤੇ ਦੂਜੀ ਗੋਲ ਮੇਜ਼ ਕਾਨਫ਼ਰੰਸ 'ਚ ਵੀ ਗਿਆ ਪਰ ਬੀਮਾਰ ਹੋ ਜਾਣ ਕਰ ਕੇ ਵਿਚਾਲਿਓਂ ਹੀ ਵਾਪਸ ਆਉਣਾ ਪਿਆ।

ਮਹਾਰਾਜੇ ਨੂੰ ਵਿੱਦਿਆ ਨਾਲ ਵੀ ਬੜਾ ਮੋਹ ਸੀ। ਰਾਜ ਵਿੱਚ ਪੰਜਵੀਂ ਤਕ ਵਿੱਦਿਆ ਮੁਫ਼ਤ ਸੀ। ਉਹਨਾਂ ਨੇ ਆਪਣੇ ਰਾਜ ਵਿੱਚ ਅਨੇਕਾਂ ਸਕੂਲ ਤੇ ਕਾਲਜ ਖੋਲ੍ਹੇ ਸਨ।

ਉਹ ਆਪਣੇ ਵਡੇਰਿਆਂ ਦੀ ਵੀ ਕਦਰ ਕਰਦਾ ਸੀ। ਉਹਨਾਂ ਨੇ ਜੋ ਵੀ ਨਵੇਂ ਸ਼ਹਿਰ ਜਾਂ ਨਗਰ ਵਸਾਏ, ਉਹਨਾਂ ਦੇ ਨਾਂ ਆਪਣੇ ਵਡੇਰਿਆ ਦੇ ਨਾਵਾਂ 'ਤੇ ਰੱਖੇ।

ਬਾਕੀ ਰਾਜ ਘਰਾਣਿਆਂ ਨਾਲ ਵੀ ਉਸ ਦੇ ਸੰਬੰਧ ਬੜੇ ਵਧੀਆ ਸਨ। ਉਹ ਸ਼ਾਂਤੀ ਪਸੰਦ ਸਨ। ਉਹਨਾਂ ਨੇ ਪਟਿਆਲਾ ਤੇ ਭਰਤਪੁਰ ਰਾਜ ਘਰਾਣਿਆਂ ਦਾ ਰਾਜੀਨਾਵਾਂ ਵੀ ਕਰਵਾਇਆ ਸੀ।

ਮਹਾਰਾਜੇ ਨੇ ਆਪਣੇ ਰਾਜ ਵਿੱਚ ਅਨੇਕਾਂ ਦਰਸ਼ਨੀ ਇਮਾਰਤਾਂ ਬਣਵਾਈਆਂ; ਰਾਜ ਵਿੱਚ ਹਰ ਪਾਸੇ ਉੱਨਤੀ ਹੋਈ; ਉਹਨਾਂ ਨੇ ਪਰਜਾ ਦੇ ਭਲੇ ਲਈ, ਆਪਣੇ ਰਾਜ ਸਮੇਂ ਅਨੇਕਾਂ ਕੰਮ ਕੀਤੇ। ਉਹ ਰਾਜ ਦੀ ਉੱਨਤੀ ਨੂੰ ਹੀ ਆਪਣੇ ਜੀਵਨ ਦਾ ਨਿਸ਼ਾਨਾ ਮੰਨਦੇ ਸਨ।

ਉਸ ਦਾ ਰੰਗ ਭਾਵੇਂ ਗੋਰਾ ਨਹੀਂ ਸੀ, ਪਰ ਆਪਣੇ ਲੰਮੇ ਕੱਦ ਕਰ ਕੇ ਉਹ ਇਕ ਦਰਸ਼ਨੀ ਜੁਆਨ ਸੀ। ਉਮਰ ਦੇ ਆਖਰੀ ਸਾਲਾਂ ਵਿੱਚ ਵੀ ਉਹ ਬੁੱਢਾ ਨਹੀਂ, ਜੁਆਨ ਹੀ ਲੱਗਦਾ ਸੀ। ਉਸ 'ਚ ਲੋਹੜੇ ਦੀ ਫ਼ੁਰਤੀ ਸੀ।

ਜਨਰਲ ਮਹਾਰਾਜਧਿਰਾਜ, ਰਾਜ ਰਾਜੇਸ਼ਵਰ, ਨਰਿੰਦਰ ਸ਼੍ਰੋਮਣੀ, ਮਹਾਰਾਜ ਸ਼੍ਰੀ ਸਰ ਗੰਗਾ ਸਿੰਘ ਬਹਾਦਰ, ਜੀ. ਸੀ. ਐਸ. ਆਈ., ਜੀ. ਸੀ. ਵੀ. ਓ., ਜੀ. ਬੀ. ਈ., ਕੇ. ਸੀ. ਬੀ., ਏ. ਡੀ. ਸੀ., (ਸ਼੍ਰੀ ਮਾਨ ਸਮਰਾਟ ਦੇ), ਡੀ. ਸੀ. ਐੱਲ. (ਆਕਸਫ਼ੋਰਡ) ਵਰਗੀਆਂ ਉਪਾਧੀਆਂ ਨਾਲ ਸਨਮਾਨੇ ਜਾਣ ਵਾਲੇ ਬੀਕਾਨੇਰ ਰਿਆਸਤ ਦੇ ਇਸ ਮਹਾਰਾਜੇ ਨੇ ਆਪਣਾ ਆਖ਼ਰੀ ਸਾਹ 2 ਅਕਤੂਬਰ 1943 ਈ. ਨੂੰ ਬੰਬਈ (ਮੁੰਬਈ) 'ਚ ਲਿਆ।

ਪਰਜਾ ਲਈ ਉਹਨਾਂ ਦੀ ਦੇਣ ਨੂੰ ਭੁਲਾਇਆ ਨਹੀਂ ਜਾ ਸਕਦਾ।

## ਅਭਿਆਸ-ਪ੍ਰਸ਼ਨ

1. ਮਹਾਰਾਜਾ ਗੰਗਾ ਸਿੰਘ ਦੇ ਜਨਮ ਅਤੇ ਬਚਪਨ ਬਾਰੇ ਦੱਸੋ।
2. ਮਹਾਰਾਜਾ ਗੰਗਾ ਸਿੰਘ ਨੂੰ ਮਿਲੀਆਂ ਪੰਜ ਉਪਾਧੀਆਂ ਦੇ ਨਾਂ ਲਿਖੋ।
3. ਮਹਾਰਾਜਾ ਗੰਗਾ ਸਿੰਘ ਦੀ ਪਰਜਾ ਬਾਰੇ ਕੀ ਨੀਤੀ ਸੀ ? ਵਰਨਣ ਕਰੋ।
4. ਗੰਗ ਨਹਿਰ ਉੱਪਰ ਸੰਖੇਪ ਟਿੱਪਣੀ ਦਿਓ।
5. ਗੋਲਮੇਜ਼ ਸੰਮੇਲਨ ਵਿੱਚ ਮਹਾਰਾਜਾ ਗੰਗਾ ਸਿੰਘ ਦੀ ਕੀ ਭੂਮਿਕਾ ਰਹੀ ?
6. ਮਹਾਰਾਜਾ ਗੰਗਾ ਸਿੰਘ ਦੇ ਰਾਜ ਸਮੇਂ ਆਵਾਜਾਈ ਦੇ ਸਾਧਨਾਂ ਦੀ ਕੀ ਸਥਿਤੀ ਸੀ ?
7. ਮਹਾਰਾਜਾ ਗੰਗਾ ਸਿੰਘ ਰਾਜਗੱਦੀ ਉੱਪਰ ਕਦੋਂ ਬੈਠਾ ? ਤੇ ਉਸ ਦੀ ਮੌਤ ਕਦੋਂ ਹੋਈ ?

# ਬਲਜਿੰਦਰ ਸਿੰਘ ਭੁੱਲਰ

ਬਲਜਿੰਦਰ ਸਿੰਘ ਭੁੱਲਰ ਪਿਛਲੇ ਤੀਹ ਸਾਲਾਂ ਤੋਂ ਬਤੌਰ ਪੰਜਵੀਂ ਪ੍ਰਾਧਿਆਪਕ ਡੀ. ਏ. ਵੀ. ਕਾਲਜ ਅਬੋਹਰ ਵਿਖੇ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। ਬਲਜਿੰਦਰ ਸਿੰਘ ਭੁੱਲਰ ਦੀ ਨਾਟ ਵਿਧਾ ਉੱਪਰ ਵਿਸ਼ੇਸ਼ ਪਕੜ ਹੈ। ਵਿਦਿਆਰਥੀ ਜੀਵਨ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਪੰਜਾਬ ਦੇ ਲੋਕ ਨਾਚਾਂ ਨਾਲ ਜੁੜੇ ਹੋਏ ਹਨ। ਆਪ ਦੇ ਸਭਿਆਚਾਰ ਅਤੇ ਕਲਾ ਨਾਲ ਜੁੜੇ ਹੋਏ ਅਨੇਕਾਂ ਖੋਜ ਨਿਬੰਧ ਛਪ ਚੁੱਕੇ ਹਨ।

ਬਲਜਿੰਦਰ ਸਿੰਘ ਭੁੱਲਰ ਦਾ ਜਨਮ 21 ਮਾਰਚ 1962 ਈ. ਨੂੰ ਪਿੰਡ ਕੰਧਵਾਲਾ ਹਾਜ਼ਰ ਖਾਂ (ਫਾਜ਼ਿਲਕਾ) ਵਿੱਚ ਮਾਤਾ ਬਸੰਤ ਕੌਰ ਅਤੇ ਪਿਤਾ ਜਰਨੈਲ ਸਿੰਘ ਦੇ ਘਰ ਹੋਇਆ। ਬਲਜਿੰਦਰ ਸਿੰਘ ਭੁੱਲਰ ਨੇ ਐਮ.ਏ. ਪੰਜਾਬੀ ਉਪਰੰਤ ਪੰਜਾਬ ਯੂਨੀਵਰਸਿਟੀ ਤੋਂ ਪ੍ਰਸਿੱਧ ਨਾਟਕਕਾਰ ਆਈ.ਸੀ. ਨੰਦਾ ਉਪਰ ਐਮ.ਫਿੱਲ. ਦੀ ਡਿਗਰੀ ਹਾਸਿਲ ਕੀਤੀ। ਭੁਲੱਰ ਨੇ ਕਲਕੱਤਾ ਵਿਖੇ ਅੰਤਰਰਾਸ਼ਟਰੀ ਲੋਕ ਮੇਲੇ ਵਿੱਚ ਸ਼ਮੂਲੀਅਤ ਤੋਂ ਇਲਾਵਾ ਪ੍ਰਸਿੱਧ ਪੰਜਾਬੀ ਫ਼ਿਲਮ ਪੁੱਤ ਜੱਟਾਂ ਦੇ ਵਿੱਚ ਬਤੌਰ ਭੰਗੜਾ ਕਲਾਕਾਰ ਹਿੱਸਾ ਲਿਆ। ਸਾਹਿਤਕ-ਸਭਿਆਚਾਰਕ ਯੋਗਦਾਨ ਸਦਕਾ ਆਪ ਨੂੰ ਅਨੇਕਾਂ ਸਭਾਵਾਂ ਵੱਲੋ ਸਨਮਾਨਿਤ ਕੀਤਾ ਜਾ ਚੁੱਕਿਆ ਹੈ। ਪੰਜਾਬ ਵਿੱਚ ਵਸੇ ਹੋਣ ਦੇ ਬਾਵਜੂਦ ਵੀ ਉਹਨਾਂ ਦਾ ਰਾਜਸਥਾਨ ਦੇ ਕਿਲ੍ਹਿਆਂ ਸੰਬੰਧੀ ਨਿਬੰਧ ਉਹਨਾਂ ਦੀਆਂ ਕਲਾ ਰੁਚੀਆਂ ਦਾ ਪੁਖਤਾ ਪ੍ਰਮਾਣ ਹੈ। ਕਿਲ੍ਹਿਆਂ ਦੇ ਇਤਿਹਾਸਕ ਸਭਿਆਚਾਰਕ ਪੱਖ ਨੂੰ ਜਾਨਣ ਲਈ ਇਹ ਲੇਖ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰੇਗਾ।

# ਰਾਜਸਥਾਨ ਦੇ ਪ੍ਰਸਿੱਧ ਕਿਲ੍ਹੇ

ਰਾਜਸਥਾਨ ਦੇ ਵੱਖ-ਵੱਖ ਹਿੱਸਿਆਂ ਵਿੱਚ ਵੱਖ-ਵੱਖ ਰਾਜ ਪਰਿਵਾਰ ਰਾਜ ਕਰਦੇ ਸਨ। ਜਿਹੜੇ ਆਪਣੇ ਰਾਜ ਨੂੰ ਦੁਸ਼ਮਣ ਰਾਜਿਆਂ ਤੋ ਸੁਰੱਖਿਅਤ ਰੱਖਣ ਲਈ ਕਈ ਢੰਗ ਵਰਤਦੇ ਸਨ। ਇਹਨਾਂ ਵਿੱਚੋ ਕਿਲ੍ਹਿਆਂ ਦਾ ਨਿਰਮਾਣ ਸੁਰੱਖਿਆ ਦਾ ਸਭ ਤੋਂ ਵਧੀਆ ਸਾਧਨ ਸੀ। ਕਿਲ੍ਹੇ ਜਿੱਥੇ ਇਕ ਪਾਸੇ ਰਾਜ ਦੀ ਸੁਰੱਖਿਆ ਦਾ ਪ੍ਰਤੀਕ ਸਨ, ਉੱਥੇ ਦੂਜੇ ਪਾਸੇ ਇਹ ਸ਼ਾਸ਼ਕ ਦੀ ਸ਼ਕਤੀ, ਆਰਥਕ ਸਮਰੱਥਾ ਅਤੇ ਉਸ ਦੀ ਕੂਟਨੀਤਕ ਦ੍ਰਿਸ਼ਟੀ ਦਾ ਸਬੂਤ ਵੀ ਪੇਸ਼ ਕਰਦੇ ਸਨ।

ਰਾਜਸਥਾਨ ਦੇ ਖਿੱਤੇ ਵਿੱਚ ਕਿਲ੍ਹਿਆਂ ਦੀ ਗਿਣਤੀ ਸੈਕੜਿਆਂ 'ਚ ਹੋਣ ਕਰ ਕੇ ਇਸ ਨੂੰ ਕਿਲ੍ਹਿਆਂ ਦੀ ਧਰਤੀ ਵੀ ਕਿਹਾ ਜਾਂਦਾ ਹੈ। ਇਹ ਮਹੱਤਵਪੂਰਨ ਕਿਲ੍ਹੇ ਰਾਜਸਥਾਨੀ ਕਲਾ, ਸੰਸਕ੍ਰਿਤੀ ਅਤੇ ਬਹਾਦਰੀ ਦੇ ਅਨੇਕਾਂ ਕਿੱਸਿਆਂ ਨੂੰ ਸਾਡੇ ਦ੍ਰਿਸ਼ਟੀਗੋਚਰ ਕਰਦੇ ਹਨ। ਕਿਲ੍ਹਿਆਂ ਦੀਆਂ ਇੰਨਾਂ ਵਿਸ਼ੇਸ਼ਤਾਵਾਂ ਕਰਕੇ ਹੀ ਦੇਸ਼ਾਂ-ਵਿਦੇਸ਼ਾਂ ਵਿੱਚੋ ਲੱਖਾਂ ਸੈਲਾਨੀ ਹਰ ਵਰ੍ਹੇ ਰਾਜਸਥਾਨ ਘੁੰਮਣ ਆਉਂਦੇ ਹਨ ਅਤੇ ਕਿਲ੍ਹਿਆਂ ਦੀ ਭਵਨ ਕਲਾ ਨੂੰ ਵੇਖ ਕੇ ਰੁਮਾਂਚਿਤ ਹੁੰਦੇ ਹਨ। ਕਿਲ੍ਹੇ ਸਿਰਫ਼ ਇੱਟਾਂ, ਪੱਥਰਾਂ ਅਤੇ ਚੂਨੇ ਦੀਆਂ ਬਣੀਆ ਵਿਸ਼ਾਲ ਇਮਾਰਤਾਂ ਹੀ ਨਹੀਂ, ਸਗੋਂ ਰਾਜਿਆਂ ਦੀ ਵੀਰਤਾ, ਯੁੱਧ ਨੀਤੀ ਅਤੇ ਸੁਰੱਖਿਆ ਚੱਕਰ ਦੀ ਜਿਉਂਦੀ ਜਾਗਦੀ ਮਿਸਾਲ ਹਨ।

## 1. ਚਿਤੌੜ ਦਾ ਕਿਲ੍ਹਾ:

ਇਹ ਕਿਲ੍ਹਾ ਰਾਜਸਥਾਨ ਹੀ ਨਹੀਂ ਸੰਪੂਰਨ ਭਾਰਤ ਦੇ ਕਿਲ੍ਹਿਆਂ ਵਿੱਚ ਮਹੱਤਵਪੂਰਨ ਸਥਾਨ ਰੱਖਦਾ ਹੈ। ਇਹ ਕਿਲ੍ਹਾ ਅਰਾਵਲੀ ਪਰਬਤ ਮਾਲਾ ਦੀ ਇੱਕ ਵੱਡੀ ਪਹਾੜੀ ਦੇ ਸ਼ਿਖ਼ਰ ਉੱਤੇ ਬਣਿਆ ਹੋਇਆ ਹੈ। ਇਸ ਕਿਲ੍ਹੇ ਦੀ ਨਿਸ਼ਚਿਤ ਨਿਰਮਾਣ ਮਿਤੀ ਦਾ ਤਾਂ ਪਤਾ ਨਹੀਂ ਪਰੰਤੂ ਵਿਦਵਾਨਾਂ ਅਨੁਸਾਰ ਇਹ ਮੌਰਿਆ ਵੰਸ਼ ਦੇ ਰਾਜੇ ਚਿਤਰਾਗਦ ਮੌਰਿਆ ਨੇ ਸੱਤਵੀਂ ਸਦੀ ਦੇ ਆਸੇ-ਪਾਸੇ ਬਣਵਾਇਆ। ਇਸ ਕਰਕੇ ਇਸ ਕਿਲ੍ਹੇ ਦਾ ਨਾਮ ਚਿੱਤਰਕੂਟ ਜਾਂ ਚਿਤੌੜ ਪੈ ਗਿਆ। ਇਸ ਕਿਲ੍ਹੇ ਵਿੱਚ ਬਹੁਤ ਸਾਰੇ ਮੰਦਰ ਅਤੇ ਤਾਲਾਬ ਮੌਜੂਦ ਹਨ। ਇਸ ਕਿਲ੍ਹੇ ਨਾਲ ਤਿੰਨ ਇਤਿਹਾਸਿਕ ਸਾਕੇ ਜੁੜੇ ਹੋਏ ਹਨ। ਪਹਿਲਾ ਸਾਕਾ 1303 ਈ. ਵਿੱਚ ਸੁਲਤਾਨ ਅਲਾਉਦੀਨ ਖਿਲਜੀ ਦੇ ਹਮਲੇ ਸਮੇਂ, ਦੂਜਾ ਸਾਕਾ 1534 ਈ. ਵਿੱਚ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਦੇ ਹਮਲੇ ਸਮੇਂ ਅਤੇ ਤੀਜਾ ਸਾਕਾ 1567 ਈ. ਵਿੱਚ ਮੁਗਲ ਬਾਦਸ਼ਾਹ ਅਕਬਰ ਦੇ ਹਮਲੇ ਸਮੇਂ ਹੋਇਆ। (ਜਦੋਂ ਯੋਧੇ ਕੇਸਰੀ ਵਸਤਰ ਪਹਿਣ ਕੇ ਤਿਆਰ ਹੋ ਜਾਂਦੇ ਸਨ ਤਾਂ ਉਹਨਾਂ ਦੀਆਂ ਇਸਤਰੀਆਂ ਉਹਨਾਂ ਨੂੰ ਸ਼ਗਨਾਂ ਨਾਲ ਯੁੱਧ ਦੇ ਮੈਦਾਨ ਵਿੱਚ ਅਣਖ ਖਾਤਰ ਲੜ ਕੇ ਜਾਨ ਵਾਰਨ ਲਈ ਭੇਜਦੀਆਂ ਸਨ ਅਤੇ ਆਪ ਅੱਗ ਵਿੱਚ ਜਿਉਂਦੀਆਂ ਜ਼ਿੰਦਗੀ ਖ਼ਤਮ ਕਰ ਲੈਦੀਆਂ ਸਨ। ਇਸ ਸਾਰੀ ਪ੍ਰਕਿਰਿਆ ਨੂੰ ਸਾਕਾ ਕਿਹਾ ਜਾਂਦਾ ਸੀ।)

ਇਸ ਕਿਲ੍ਹੇ ਦੀਆਂ ਕੰਧਾਂ ਬਹੁਤ ਮਜ਼ਬੂਤ ਸਨ, ਜਿਸ ਨੂੰ ਕੋਈ ਹਮਲਾਵਰ ਭੇਦ ਨਹੀਂ ਸਕਿਆ। ਇਸ ਕਿਲ੍ਹੇ ਦਾ ਸਭ ਤੋਂ ਵੱਧ ਆਕਰਸ਼ਣ ਰਾਣੀ ਪਦਮਣੀ ਦਾ ਮਹਿਲ ਹੈ। ਇਹ ਕਿਲ੍ਹਾ ਸੈਂਕੜਿਆਂ ਵਰ੍ਹਿਆ ਤੱਕ ਮੇਵਾੜ ਦੀ ਰਾਜਧਾਨੀ ਰਿਹਾ। ਲੋਕ ਕਵੀ ਇਸ ਕਿਲ੍ਹੇ ਨੂੰ ਹੀ ਆਪਣੀਆਂ ਰਚਨਾਵਾਂ 'ਚ ਕਿਲ੍ਹਾ ਮੰਨਦੇ ਹਨ। ਬਾਕੀਆਂ ਨੂੰ ਕਿਲ੍ਹੀਆਂ ਦਾ ਦਰਜਾ ਹੀ ਦਿੰਦੇ ਹਨ। ਇੱਕ ਰਾਜਸਥਾਨੀ ਲੋਕ ਕਵੀ ਕਿਲ੍ਹੇ ਬਾਰੇ ਲਿਖਦਾ ਹੈ:

ਗੜ੍ਹ ਤੋ ਚਿਤੌੜ ਗੜ੍ਹ ਔਰ ਸਬ ਗੜੈਯ ਹੈਂ।

## 2. ਜੈਸਲਮੇਰ ਦਾ ਕਿਲ੍ਹਾ:

ਵਿਦਵਾਨਾਂ ਅਨੁਸਾਰ ਜੈਸਲਮੇਰ ਦਾ ਕਿਲ੍ਹਾ ਰਾਜਸਥਾਨ ਵਿੱਚ ਭਾਟੀ ਰਾਜਪੂਤਾਂ ਦਾ ਸਭ ਤੋ ਵੱਡਾ ਕਿਲ੍ਹਾ ਹੈ। ਇਸ ਕਿਲ੍ਹੇ ਦਾ ਨਿਰਮਾਣ ਰਾਵ ਜੈਸਲ ਨੇ 1155 ਈ. ਵਿੱਚ ਕਰਵਾਇਆ ਅਤੇ ਇਸ ਨੂੰ ਆਪਣੀ ਰਾਜਧਾਨੀ ਬਣਾਇਆ। ਰਾਵ ਜੈਸਲ ਦੇ ਨਾਮ ਉੱਤੇ ਹੀ ਇਸ ਕਿਲ੍ਹੇ ਦਾ ਨਾਮ ਜੈਸਲਮੇਰ ਪਿਆ। ਇਹ ਕਿਲਾ ਰਾਜਪੂਤ ਭਵਨ ਕਲਾ ਦੇ ਆਧਾਰ ਉੱਤੇ ਬਣਾਇਆ ਗਿਆ ਹੈ। ਕਿਲ੍ਹੇ ਦੇ ਅੰਦਰੂਨੀ ਭਾਗ ਵਿੱਚ ਕੀਤੀ ਗਈ, ਚਿੱਤਰਕਾਰੀ ਆਪਣੀ ਮਿਸਾਲ ਆਪ ਹੈ। ਕਿਲ੍ਹੇ ਵਿੱਚ ਬਣੇ ਹੋਏ ਰੰਗ ਮਹਿਲ, ਗਜਵਿਲਾਸ ਅਤੇ ਮੋਤੀ ਮਹਿਲ ਦੀ ਨਿਰਮਾਣਕਾਰੀ ਵੇਖਣ ਯੋਗ ਹੈ। ਮਹਿਲਾਂ ਦੇ ਨੇੜੇ ਭਗਵਾਨ ਆਦਿ ਨਾਰਾਇਣ ਅਤੇ ਸ਼ਕਤੀ ਦੇ ਮੰਦਰ ਹਨ। ਇਹਨਾਂ ਮੰਦਰਾਂ ਦੇ ਨੇੜੇ ਹੀ ਜੈਨ ਮੰਦਰਾਂ ਦਾ ਸਮੂਹ ਵੀ ਸਥਿਤ ਹੈ। ਇਸ ਕਿਲ੍ਹੇ ਨੂੰ ਸੁਨਾਰ ਕਿਲ੍ਹੇ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸ ਕਿਲ੍ਹੇ ਦੀ ਮਹੱਤਤਾ ਨੂੰ ਮੁੱਖ ਰਖਦਿਆਂ ਪ੍ਰਸਿੱਧ ਹਿੰਦੀ ਫ਼ਿਲਮ ਡਾਇਰੈਕਟਰ ਸਤਿਆਜੀਤ ਰੇਅ ਨੇ '**ਸੁਨਾਰ ਕਿਲ੍ਹਾ**' ਨਾਮਕ ਫ਼ਿਲਮ ਵੀ ਬਣਾਈ ਸੀ। ਇਸ ਕਿਲ੍ਹੇ ਨੂੰ ਜਿੱਤਣ ਲਈ ਕਈ ਹਮਲਾਵਰਾਂ ਨੇ ਹਮਲੇ ਕੀਤੇ ਜਿੰਨ੍ਹਾਂ ਵਿੱਚੋਂ ਅਲਾਉਦੀਨ, ਫਿਰੋਜਸ਼ਾਹ, ਰਾਵ ਮਾਲਦੇਵ ਅਤੇ ਬੀਕਾਨੇਰ ਦੇ ਰਾਵ ਲੂਣਕਰਨ ਮੁੱਖ ਹਨ।

## 3. ਆਮੇਰ ਦਾ ਕਿਲ੍ਹਾ:

ਆਮੇਰ ਉੱਪਰ ਆਦੀਵਾਸੀ ਮੀਣਿਆਂ ਦਾ ਅਧਿਕਾਰ ਸੀ, ਪਰੰਤੂ ਕੁਸ਼ਵਾਹਾ ਰਾਜਪੂਤਾਂ ਨੇ ਇਸ ਨੂੰ ਆਦੀਵਾਸੀ ਮੀਣਿਆਂ ਤੋ ਖੋਹ ਕੇ ਆਪਣੇ ਅਧੀਨ ਕਰ ਲਿਆ ਅਤੇ ਇਸ ਨੂੰ ਆਪਣੇ ਰਾਜ ਦੀ ਰਾਜਧਾਨੀ ਬਣਾਇਆ। ਇਹ ਕਿਲ੍ਹਾ ਜੈਪੁਰ ਦੇ ਉੱਤਰ ਪੂਰਬ 'ਚ ਸੱਤ ਮੀਲ ਦੀ ਦੂਰੀ 'ਤੇ ਸਥਿਤ ਹੈ। ਆਪਣੀ ਜੁਆਨੀ ਸਮੇਂ ਇਹ ਕਿਲ੍ਹਾ ਚਾਰੇ ਪਾਸਿਆਂ ਤੋਂ ਪਹਾੜੀਆਂ ਅਤੇ ਦਰਖਤਾਂ ਨਾਲ ਘਿਰਿਆ ਹੋਇਆ ਸੀ। ਰਾਜਾ ਜੈ ਸਿੰਘ ਦੁਆਰਾ ਬਣਵਾਇਆ ਗਿਆ, ਜੈਗੜ੍ਹ ਵੀ ਆਮੇਰ ਕਿਲ੍ਹੇ ਦਾ ਹੀ ਹਿੱਸਾ ਹੈ। ਇਸ ਕਿਲ੍ਹੇ ਵਿੱਚ ਸ਼ਿਲਾ ਦੇਵੀ ਦਾ ਮੰਦਰ ਅਤੇ ਕਾਲੀ ਮੰਦਰ ਸਥਿਤ ਹਨ।

### 4. ਗਾਗਰੌਣ ਦਾ ਕਿਲ੍ਹਾ :

ਗਾਗਰੌਣ ਦਾ ਕਿਲ੍ਹਾ ਕੋਟਾ ਤੋਂ 45 ਮੀਲ ਦੀ ਦੂਰੀ ਉੱਤੇ ਦੱਖਣ-ਪੂਰਵ ਵਿੱਚ ਸਥਿਤ ਹੈ। ਇਹ ਕਿਲ੍ਹਾ ਕਾਲੀ ਸਿੰਧ ਅਤੇ ਆਹੂ ਨਦੀਆਂ ਦੇ ਸੰਗਮ ਸਥਾਨ ਉੱਪਰ ਬਣਿਆ ਹੋਇਆ ਹੈ। ਇਸ ਕਿਲ੍ਹੇ ਦਾ ਨਿਰਮਾਣ ਡੋਡ ਰਾਜਪੂਤਾਂ ਦੁਆਰਾ ਕਰਵਾਇਆ ਗਿਆ ਸੀ। ਇਸ ਦਾ ਪਹਿਲਾ ਨਾਮ ਡੋਡਗੜ੍ਹ ਸੀ। ਇਸ ਕਿਲ੍ਹੇ ਨੂੰ ਜਲ ਕਿਲ੍ਹਾ ਵੀ ਕਿਹਾ ਜਾਂਦਾ ਹੈ, ਕਿਉਂਕਿ ਇਹ ਤਿੰਨ ਪਾਸਿਆਂ ਤੋਂ ਪਾਣੀ ਨਾਲ ਘਿਰਿਆ ਹੋਇਆ ਹੈ। ਕਿਲ੍ਹੇ ਵਿੱਚ ਤਾੜ ਦੇ ਲੰਮੇ-ਲੰਮੇ ਰੁੱਖ ਮੌਜੂਦ ਹਨ। ਗਾਗਰੌਣ ਦੇ ਤੋਤੇ ਸਾਰੇ ਰਾਜਸਥਾਨ ਵਿੱਚ ਪ੍ਰਸਿੱਧ ਹਨ।

## 5. ਜੂਨਾਗੜ੍ਹ ਦਾ ਕਿਲ੍ਹਾ:

ਇਸ ਕਿਲ੍ਹੇ ਦਾ ਨਿਰਮਾਣ ਕਾਰਜ ਰਾਜਾ ਰਾਏ ਸਿੰਘ ਨੇ ਸ਼ੁਰੂ ਕਰਵਾਇਆ ਅਤੇ ਬਾਅਦ ਦੇ ਸ਼ਾਸ਼ਕਾਂ ਨੇ ਇਸ ਕਾਰਜ ਨੂੰ ਨੇਪਰੇ ਚਾੜ੍ਹਿਆ। ਇਹ ਕਿਲਾ ਬੀਕਾਨੇਰ ਸ਼ਹਿਰ ਵਿੱਚ ਕੋਟ ਗੇਟ ਦੇ ਨੇੜੇ ਬਣਿਆ ਹੋਇਆ ਹੈ। ਇਸ ਕਿਲ੍ਹੇ ਦੇ ਚਾਰ-ਚੁਫ਼ੇਰੇ ਡੂੰਘੀ ਖੱਡ ਬਣੀ ਹੋਈ ਹੈ। ਕਿਲ੍ਹੇ ਅੰਦਰ ਜਾਣ ਲਈ

ਦੋ ਦਰਵਾਜ਼ੇ ਬਣੇ ਹੋਏ ਹਨ। ਇੱਕ ਪੂਰਬ ਵੱਲ ਤੇ ਦੂਜਾ ਪੱਛਮ ਵੱਲ । ਇਸ ਕਿਲ੍ਹੇ ਦੀ ਵਿਸ਼ੇਸ਼ਤਾ ਇਸ ਵਿੱਚ ਬਣੇ ਹੋਏ ਤੇਤੀ ਕਰੋੜ ਦੇਵੀ-ਦੇਵਤਿਆਂ ਵਾਲੇ ਮੰਦਰ ਕਰ ਕੇ ਵੀ ਹੈ। ਇਸ ਕਿਲ੍ਹੇ ਨੂੰ ਜਿੱਤਣ ਲਈ ਰਾਵ ਮਾਲਦੇਵ, ਬਖਤ ਸਿੰਘ ਅਤੇ ਅਭੈ ਸਿੰਘ ਵਰਗੇ ਰਾਜਿਆਂ ਨੇ ਹਮਲੇ ਕੀਤੇ ।

### 6. ਰਣਥੰਭੋਰ ਦਾ ਕਿਲ੍ਹਾ:

ਰਾਵਲੀ ਪਰਬਤ ਮਾਲਾ ਦੀਆਂ ਪਹਾੜੀਆਂ 'ਚ ਘਿਰਿਆ ਰਣਥੰਭੋਰ ਦਾ ਕਿਲ੍ਹਾ ਰਾਜਸਥਾਨ ਦਾ ਉਹ ਕਿਲ੍ਹਾ ਹੈ, ਜਿਸ ਤੱਕ ਪਹੁੰਚਣ ਲਈ ਸੱਪ ਦੇ ਆਕਾਰ ਵਰਗੇ ਔਖੇ ਅਤੇ ਛੋਟੇ ਰਸਤੇ ਵਿੱਚੋਂ ਗੁਜ਼ਰਨਾ ਪੈਂਦਾ ਹੈ। ਵਿਦਵਾਨਾਂ ਅਨੁਸਾਰ ਇਸ ਕਿਲ੍ਹੇ ਦਾ ਨਿਰਮਾਣ ਅਜਮੇਰ ਦੇ ਚੌਹਾਨ ਸ਼ਾਸ਼ਕਾਂ ਦੁਆਰਾ 8ਵੀਂ ਸ਼ਤਾਬਦੀ 'ਚ ਕਰਵਾਇਆ ਗਿਆ। ਇਹ ਕਿਲ੍ਹਾ ਦਿੱਲੀ ਤੋਂ 232 ਮੀਲ ਅਤੇ ਜੈਪੁਰ ਤੋਂ 90 ਮੀਲ ਦੀ ਦੂਰੀ 'ਤੇ ਸਥਿਤ ਹੈ। ਪਾਣੀ ਦੀ ਭਰਪੂਰ ਮਾਤਰਾ ਵਾਸਤੇ ਇਸ ਕਿਲ੍ਹੇ ਵਿੱਚ ਪੰਜ ਵੱਡੇ ਵੱਡੇ ਤਾਲਾਬ ਬਣਵਾਏ ਗਏ ਸਨ।

ਇਸ ਕਿਲ੍ਹੇ ਦਾ ਅਸਲ ਨਾਮ ਰੰਤਪੁਰ ਹੈ, ਜਿਸ ਦਾ ਅਰਥ ਹੈ -ਉਹ ਨਗਰ ਜਿਹੜਾ ਰਣ ਭਾਵ ਯੁੱਧ ਦੀ ਘਾਟੀ, 'ਚ ਸਥਿਤ ਹੋਵੇ। ਕਿਲ੍ਹੇ ਦਾ ਇਹ ਨਾਂ ਦੋ ਪਹਾੜੀਆਂ ਦੇ ਨਾਵਾਂ ਤੋਂ ਪਿਆ ਹੈ। ਕਿਲ੍ਹੇ ਦੀ ਨੇੜਲੀ ਪਹਾੜੀ ਦਾ ਨਾਂ ਰਣ ਹੈ ਅਤੇ ਜਿਸ ਪਹਾੜੀ ਉੱਤੇ ਕਿਲ੍ਹਾ ਸਥਿਤ ਹੈ, ਉਸ ਦਾ ਨਾਮ ਹੈ-ਥੰਭ। ਇਸ ਤਰ੍ਹਾਂ ਇਹਨਾਂ ਪਹਾੜੀਆਂ ਕਰਕੇ ਇਸ ਕਿਲ੍ਹੇ ਦਾ ਨਾ ਰਣਥੰਭੋਰ ਪੈ ਗਿਆ।

### 7. ਕੁੰਭਲਗੜ੍ਹ ਦਾ ਕਿਲ੍ਹਾ:

ਇਹ ਕਿਲ੍ਹਾ ਉਦੈਪੁਰ ਤੋਂ ਲਗਭਗ 60 ਮੀਲ ਦੀ ਦੂਰੀ ਉੱਤੇ ਸਥਿਤ ਹੈ। ਇਸ ਕਿਲ੍ਹੇ ਨੂੰ ਮਹਾਰਾਣਾ ਕੁੰਭਾ ਨੇ ਤਿਆਰ ਕਰਵਾਇਆ ਸੀ। ਕਿਲ੍ਹੇ ਦਾ ਘੇਰਾ ਬਹੁਤ ਚੌੜ੍ਹਾ ਹੈ। ਕੰਧਾਂ ਦੀ ਚੌੜ੍ਹਾਈ ਏਨੀ ਰੱਖੀ ਗਈ ਸੀ ਕਿ ਦੋ-ਤਿੰਨ ਘੋੜ ਸਵਾਰ ਬਰਾਬਰ ਚੱਲ ਸਕਣ। ਕਿਲ੍ਹੇ ਦੇ ਤਿੰਨ ਪ੍ਰਵੇਸ਼ ਦੁਆਰ ਹਨ: ਟੋਡਾਬਾਰੀ, ਟੂਰਯਾਹੀੜਾ, ਦਾਨੀਵਟਾ। ਇਸ ਕਿਲ੍ਹੇ ਵਿੱਚ ਬਹੁਤ ਸਾਰੇ ਜੈਨ ਮੰਦਰ ਬਣੇ ਹੋਏ ਹਨ। ਇਸ ਕਿਲ੍ਹੇ ਦੀ ਵਿਸ਼ੇਸ਼ਤਾ ਇਸ ਅੰਦਰ ਹੀ ਇੱਕ ਹੋਰ ਕਿਲ੍ਹੇ ਦਾ ਬਨਿਆ ਹੋਣਾ ਹੈ। ਇਸ ਕਿਲ੍ਹੇ ਨੂੰ ਕੁੰਭਲਮੇਰਨ ਜਾਂ ਕੁੰਭਲਗੜ੍ਹ ਵੀ ਕਿਹਾ ਜਾਂਦਾ ਹੈ।

### 8. ਤਾਰਾਗੜ੍ਹ ਦਾ ਕਿਲ੍ਹਾ:

ਇਹ ਕਿਲ੍ਹਾ ਬੂੰਦੀ ਨਗਰ ਨਾਲ ਸੰਬੰਧਿਤ ਹੈ। ਬੂੰਦੀ ਦੋ ਪਹਾੜਾਂ ਦੇ ਆਸੇ-ਪਾਸੇ ਵਸਿਆ ਹੋਇਆ ਨਗਰ ਹੈ। ਇਕ ਪਹਾੜ ਦੀ ਟੀਸੀ ਉੱਪਰ ਤਾਰਾਗੜ੍ਹ ਕਿਲ੍ਹਾ ਬਨਿਆ ਹੋਇਆ ਹੈ ਅਤੇ ਦੂਜੇ ਪਹਾੜ ਦੀ ਟੀਸੀ ਉੱਪਰ ਰਾਜ ਨਿਵਾਸ। ਵਿਦਵਾਨਾਂ ਅਨੁਸਾਰ ਇਸ ਕਿਲ੍ਹੇ ਦਾ ਨਿਰਮਾਣ ਰਾਵ ਨਰ ਸਿੰਘ ਨੇ 1354 ਈ. ਵਿੱਚ ਕਰਵਾਇਆ। ਕਿਲ੍ਹੇ ਵਿੱਚ ਕਈ ਛਤਰੀਆਂ ਬਣੀਆਂ ਹੋਈਆਂ ਸਨ । ਇਹ ਕਿਲ੍ਹਾ ਅੱਜ ਆਪਣੀ ਰਾਜਸ਼ਾਹੀ ਠਾਠ ਨੂੰ ਗਵਾ ਚੁੱਕਾ ਹੈ। ਪਰੰਤੂ ਇਸ ਦੇ ਖੰਡਰ ਇਸ ਦੀ ਆਭਾ ਨੂੰ ਦਰਸਾਉਂਦੇ ਹਨ। ਇਸ ਕਿਲ੍ਹੇ ਦੇ ਅੰਦਰੂਨੀ ਭਾਗਾਂ 'ਚ ਹੋਈ ਰੰਗੀਨ ਕੱਚ ਦੀ ਮੀਨਾਕਾਰੀ ਅਤੇ ਭਿੱਤੀ ਚਿੱਤਰ ਇਸ ਕਿਲ੍ਹੇ ਦੀ ਮੁੱਖ ਵਿਸ਼ੇਸ਼ਤਾ ਸੀ।

### 9. ਨਾਹਰਗੜ੍ਹ ਦਾ ਕਿਲ੍ਹਾ:

ਇਹ ਕਿਲ੍ਹਾ ਜੈਪੁਰ ਦੇ ਨੇੜੇ ਹੀ ਬਨਿਆ ਹੋਇਆ ਹੈ। ਜੈਪੁਰ ਤਿੰਨ ਦਿਸ਼ਾਵਾਂ ਤੋਂ ਪਹਾੜੀ ਖੇਤਰ

ਨਾਲ ਸੁਰੱਖਿਅਤ ਸੀ। ਦੱਖਣ ਵੱਲ ਦੀ ਸੁਰੱਖਿਆ ਨੂੰ ਧਿਆਨ 'ਚ ਰੱਖ ਕੇ ਇਸ ਕਿਲ੍ਹੇ ਦਾ ਨਿਰਮਾਣ ਸਵਾਈ ਜੈ ਸਿੰਘ ਦੁਆਰਾ ਕਰਵਾਇਆ ਗਿਆ।

ਇਹ ਕਿਲ੍ਹਾ ਉੱਚੀ ਪਹਾੜੀ ਉੱਪਰ ਨਾ ਹੋਣ ਕਰਕੇ ਜੈਪੁਰ ਸ਼ਹਿਰ ਵਿੱਚੋਂ ਸਪੱਸ਼ਟ ਦਿਖਾਈ ਦਿੰਦਾ ਹੈ ਅਤੇ ਇਹ ਸ਼ਹਿਰ ਦੀ ਸੁੰਦਰਤਾ ਵਿੱਚ ਵਾਧਾ ਕਰਦਾ ਹੈ। ਕਿਲ੍ਹੇ ਨਾਲ ਹੀ ਬਣੇ ਹੋਏ ਸੂਰਜ ਪ੍ਰਕਾਸ਼, ਖੁਸ਼ਹਾਲ ਪ੍ਰਕਾਸ਼, ਰਤਨ ਪ੍ਰਕਾਸ਼ ਅਤੇ ਬਸੰਤ ਪ੍ਰਕਾਸ਼ ਭਵਨ ਹਨ। ਜਿਹੜੇ ਆਪਣੀ ਸਮਰੂਪਤਾ ਅਤੇ ਚਿੱਤਰਕਾਰੀ ਦੀਆਂ ਬਾਰੀਕੀਆਂ ਕਰਕੇ ਪ੍ਰਸਿੱਧ ਹਨ। ਇਹਨਾਂ ਭਵਨਾਂ ਦਾ ਨਿਰਮਾਣ ਸਵਾਈ ਮਾਧੋ ਸਿੰਘ ਅਤੇ ਰਾਮ ਸਿੰਘ ਨੇ ਆਪਣੇ ਰਾਜ ਕਾਲ ਦੌਰਾਨ ਕਰਵਾਇਆ।

## 10.ਮਹਿਰਾਣਗੜ੍ਹ ਦਾ ਕਿਲ੍ਹਾ:

ਇਹ ਕਿਲ੍ਹਾ ਜੋਧਪੁਰ ਜਿਲ੍ਹੇ 'ਚ ਸਥਿਤ ਹੈ। ਇਸ ਕਿਲ੍ਹੇ ਦਾ ਨਿਰਮਾਣ ਰਾਵ ਯੋਧਾ ਨੇ ਕਰਵਾਇਆ ਸੀ। ਇਸ ਕਿਲ੍ਹੇ ਦੇ ਆਸੇ-ਪਾਸੇ ਜੋ ਨਗਰ ਵਸਾਇਆ ਗਿਆ, ਉਸ ਦਾ ਨਾਮ ਰਾਵ ਜੋਧਾ ਦੇ ਨਾਮ 'ਤੇ ਜੋਧਪੁਰ ਹੋ ਗਿਆ। ਇਹ ਕਿਲ੍ਹਾ ਚਿੜੀਆ ਟੂੰਕ ਨਾਮ ਦੀ ਉੱਚੀ ਪਹਾੜੀ ਉੱਤੇ ਬਣਿਆ ਹੋਇਆ ਹੈ। ਇਸ ਕਿਲ੍ਹੇ ਦੇ ਭਾਵੇਂ ਕਈ ਦਰਵਾਜ਼ੇ ਹਨ, ਪ੍ਰੰਤੂ ਇਹਨਾਂ ਵਿੱਚੋਂ ਜੈਪੋਲ, ਲੋਹਾਪੋਲ ਅਤੇ ਫ਼ਤਿਹਪੋਲ ਪ੍ਰਮੁੱਖ ਹਨ।

ਉਪਰੋਕਤ ਕਿਲ੍ਹਿਆਂ ਤੋਂ ਬਿਨਾਂ ਮਾਂਡਲਗੜ੍ਹ ਦਾ ਕਿਲ੍ਹਾ, ਨਾਗੌਰ ਦਾ ਕਿਲ੍ਹਾ, ਭਟਨੇਰ ਦਾ ਕਿਲ੍ਹਾ, ਜੈਗੜ੍ਹ ਦਾ ਕਿਲ੍ਹਾ ਆਦਿ ਹੋਰ ਵੀ ਬਹੁਤ ਸਾਰੇ ਕਿਲ੍ਹੇ ਹਨ। ਕਿਲ੍ਹਿਆਂ ਦੀ ਵਿਸਥਾਰਮਈ ਜਾਣਕਾਰੀ ਨੂੰ ਪੜ੍ਹ ਕੇ ਅਸੀਂ ਆਖ ਸਕਦੇ ਹਾਂ ਕਿ ਕਿਲ੍ਹੇ ਸਿਰਫ਼ ਰਾਜਿਆਂ ਲਈ ਸੁਰੱਖਿਆ ਛਤਰੀ ਹੀ ਨਹੀਂ ਸਨ, ਸਗੋਂ ਉਸ ਸਮੇਂ ਦੀ ਭਵਨ ਕਲਾ, ਚਿੱਤਰ ਕਲਾ, ਅਤੇ ਰਾਜਿਆਂ ਦੀ ਰੱਖਿਆ ਨੀਤੀ ਦਾ ਮੁੱਖ ਸਾਧਨ ਸਨ।

## ਅਭਿਆਸ-ਪ੍ਰਸ਼ਨ

1. ਰਾਜਸਥਾਨ ਦੇ ਕਿਲ੍ਹਿਆਂ ਦੀਆਂ ਕੀ-ਕੀ ਵਿਸ਼ੇਸ਼ਤਾਵਾਂ ਹਨ ?
2. ਰਾਜਸਥਾਨ ਦਾ ਸਭ ਤੋਂ ਮਹੱਤਵਪੂਰਨ ਕਿਲ੍ਹਾ ਕਿਹੜਾ ਹੈ ? ਤੇ ਇਸਦੀ ਕੀ ਵਿਸ਼ੇਸ਼ਤਾ ਹੈ ?
3. ਕਿਹੜਾ ਕਿਲ੍ਹਾ ਰਾਜਸਥਾਨ ਦੇ ਭਾਟੀ ਰਾਜਪੂਤਾਂ ਨਾਲ ਸੰਬੰਧਿਤ ਹੈ ? ਟਿੱਪਣੀ ਕਰੋ।
4. ਗਾਗਰੌਣ ਦੇ ਕਿਲ੍ਹੇ ਦੀ ਪ੍ਰਸਿੱਧੀ ਦਾ ਕਾਰਣ ਲਿਖੋ ।
5. ਰਣਥੰਭੋਰ ਕਿਲ੍ਹੇ ਉੱਪਰ ਟਿੱਪਣੀ ਕਰੋ।

# ਹਰਪ੍ਰੀਤ ਕੌਰ

ਹਰਪ੍ਰੀਤ ਕੌਰ ਕਾਫ਼ੀ ਲੰਮੇ ਸਮੇਂ ਤੋਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੀਆਂ ਅਕਾਦਮਿਕ, ਧਾਰਮਿਕ ਗਤੀਵਿਧੀਆਂ ਨਾਲ ਜੁੜੀ ਹੋਈ ਪ੍ਰਾਅਧਿਆਪਕਾ ਹੈ। ਉਸ ਦੇ ਸਿੱਖ ਧਰਮ ਨਾਲ ਸੰਬੰਧਿਤ ਲੇਖ ਸਮੇਂ-ਸਮੇਂ ਪੰਜਾਬੀ ਦੇ ਪ੍ਰਸਿੱਧ ਰਸਾਲਿਆਂ ਪੰਜਾਬੀ ਦੁਨੀਆਂ, ਤ੍ਰਿਸ਼ੰਕੂ, ਅਤੇ ਜਨ-ਸਾਹਿਤ ਵਿੱਚ ਛਪਦੇ ਰਹੇ ਹਨ। ਲੇਖਿਕਾ ਇੱਕ ਆਲੋਚਨਾਤਮਕ ਪੁਸਤਕ 'ਪੰਜਵਾਂ ਸਾਹਿਬਜ਼ਾਦਾ: ਇਤਿਹਾਸਕ ਪਰਿਪੇਖ' ਪੰਜਾਬੀ ਪਾਠਕਾਂ ਦੀ ਝੋਲੀ ਵੀ ਪਾ ਚੁੱਕੀ ਹੈ।

ਹਰਪ੍ਰੀਤ ਕੌਰ ਦਾ ਜਨਮ 20 ਅਗਸਤ 1964 ਨੂੰ ਨੀਲੋਖੇੜੀ ਹਰਿਆਣਾ ਵਿਖੇ ਪਿਤਾ ਪ੍ਰੇਮ ਸਿੰਘ ਅਤੇ ਮਾਤਾ ਮਨਮੋਹਨ ਕੌਰ ਦੇ ਘਰ ਹੋਇਆ। ਹਰਪ੍ਰੀਤ ਕੌਰ ਨੇ ਮੈਟ੍ਰਿਕ ਦੀ ਪੜ੍ਹਾਈ ਆਨੰਦਪੁਰ ਸਾਹਿਬ ਤੋਂ ਪ੍ਰਾਪਤ ਕੀਤੀ। ਬੀ.ਏ. ਗੋਪੀਚੰਦ ਆਰਿਆ ਮਹਿਲਾ ਕਾਲਜ ਅਬੋਹਰ ਤੋਂ ਪ੍ਰਾਪਤ ਕੀਤੀ। ਇਸ ਉਪਰੰਤ ਐਮ. ਏ. ਪੰਜਾਬੀ ਤੇ ਐਮ. ਫ਼ਿਲ. ਕੀਤੀ। ਅੱਜ-ਕੱਲ੍ਹ ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੀ.ਐਚ. ਡੀ. ਕਰ ਰਹੀ ਹੈ। ਪੜ੍ਹਾਈ ਦੇ ਨਾਲ-ਨਾਲ ਉਹ ਪਿਛਲੇ ਪੰਦਰਾਂ ਸਾਲਾਂ ਤੋਂ ਡੀ.ਏ.ਵੀ. ਕਾਲਜ ਅਬੋਹਰ ਵਿੱਚ ਬਤੌਰ ਪੰਜਾਬੀ ਪ੍ਰਾਅਧਿਆਪਕਾ ਵਜੋਂ ਸੇਵਾ ਨਿਭਾ ਰਹੀ ਹੈ। ਕਾਲਜ ਦੀਆਂ ਅਕਾਦਮਿਕ-ਸਭਿਆਚਾਰਕ ਗਤੀਵਿਧੀਆਂ ਵਿੱਚ ਵੀ ਉਹ ਆਪਣਾ ਵਿਸ਼ੇਸ਼ ਯੋਗਦਾਨ ਪਾ ਰਹੀ ਹੈ। ਇਸ ਯੋਗਦਾਨ ਸਦਕਾ ਇਸਤਰੀ ਦਿਵਸ 2016 ਨੂੰ ਬੀ.ਐਡ. ਕਾਲਜ ਆਫ਼ ਅਬੋਹਰ ਵਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਵੀ ਲੇਖਿਕਾ ਨੂੰ ਕਈ ਵਾਰ ਸਨਮਾਨਿਤ ਕੀਤਾ ਜਾ ਚੁੱਕਾ ਹੈ। ਇਸ ਪਾਠ-ਪੁਸਤਕ ਲਈ ਭਾਈ ਮਰਦਾਨਾ ਸੰਬੰਧੀ ਲੇਖ ਵਿਸ਼ੇਸ਼ ਰੂਪ ਵਿੱਚ ਲਿਖਵਾਇਆ ਗਿਆ ਹੈ।

# ਭਾਈ ਮਰਦਾਨਾ ਜੀ

ਭਾਈ ਮਰਦਾਨਾ ਅਜਿਹਾ ਮਹਾਂਪੁਰਸ਼ ਹੈ ਜਿਸਨੂੰ ਜੀਵਨ ਭਰ ਗੁਰੂ ਨਾਨਕ ਦੇਵ ਜੀ ਦੀ ਨਿਕਟਤਾ ਪ੍ਰਾਪਤ ਹੋਈ। ਵਿਦਵਾਨ ਬਾਣੀਕਾਰ ਭਾਈ ਗੁਰਦਾਸ ਜੀ ਨੇ ਜਿੱਥੇ ਗੁਰੂ ਨਾਨਕ ਦੇਵ ਜੀ ਨੂੰ 'ਅਕਾਲ ਰੂਪ' ਦਾ ਦਰਜਾ ਦਿੱਤਾ ਹੈ, ਉੱਥੇ ਦੂਸਰੇ ਸਥਾਨ 'ਤੇ ਭਾਈ ਮਰਦਾਨਾ ਜੀ ਨੂੰ ਰੱਖਦਿਆਂ, ਉਹਨਾਂ ਦੀ ਰੂਹਾਨੀ ਮਹਾਨਤਾ ਦੀ ਵਡਿਆਈ ਕੀਤੀ ਹੈ। ਉਹ ਆਪਣੀ ਪਹਿਲੀ ਵਾਰ ਵਿੱਚ ਲਿਖਦੇ ਹਨ-

'ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।'

ਪ੍ਰਮਾਤਮਾ ਨਾਲ ਇਕਮਿਕ ਸ਼ਖ਼ਸੀਅਤ ਗੁਰੂ ਨਾਨਕ ਦੇਵ ਜੀ ਨਾਲ ਕੀਰਤਨ ਕਰਦਿਆਂ ਭਾਈ ਮਰਦਾਨਾ ਜੀ ਰਬਾਬ ਵਜਾਇਆ ਕਰਦੇ ਸਨ। ਭਾਈ ਮਰਦਾਨਾ ਜੀ ਦੇ ਜੀਵਨ ਬਾਰੇ ਇਤਿਹਾਸ ਵਿੱਚ ਬਹੁਤਾ ਕੁੱਝ ਲਿਖਿਆ ਹੋਇਆ ਨਹੀਂ ਮਿਲਦਾ ਪਰੰਤੂ ਫਿਰ ਵੀ ਕੁੱਝ ਵਿਦਵਾਨਾਂ ਨੇ ਉਹਨਾਂ ਦੇ ਜੀਵਨ ਬਾਰੇ ਪ੍ਰਮਾਣਿਕ ਸਮੱਗਰੀ ਪੇਸ਼ ਕਰਨ ਦਾ ਯਤਨ ਕੀਤਾ ਹੈ।

ਭਾਈ ਮਰਦਾਨਾ ਜੀ ਦਾ ਜਨਮ 1459 ਈ. ਨੂੰ ਰਾਇ ਭੋਇੰ ਦੀ ਤਲਵੰਡੀ, ਜ਼ਿਲ੍ਹਾ ਸ਼ੇਖੂਪੁਰਾ ਵਿਖੇ ਹੋਇਆ। ਆਪ ਦੀ ਮਾਤਾ ਜੀ ਦਾ ਨਾਂ ਬੀਬੀ ਲੱਖੋ ਅਤੇ ਪਿਤਾ ਦਾ ਨਾਂ ਬਾਦਰ ਜੀ ਸੀ, ਜੋ ਜਾਤ ਦੇ ਮਰਾਸੀ ਸਨ। ਆਪ ਜੀ ਆਪਣੇ ਮਾਤਾ-ਪਿਤਾ ਦੀ ਸੱਤਵੀਂ ਸੰਤਾਨ ਸਨ, ਪਰ ਪਹਿਲੇ ਛੇ ਬੱਚੇ ਪੈਦਾ ਹੋ ਕੇ ਮਰ ਗਏ ਸਨ। ਕੁਝ ਵਿਦਵਾਨਾਂ ਨੇ ਇਤਿਹਾਸ ਵਿੱਚ ਲਿਖਿਆ ਹੈ ਕਿ ਇਸੇ ਕਰਕੇ ਹੀ ਆਪ ਜੀ ਨੂੰ 'ਮਰ ਜਾਣਾ' ਕਿਹਾ ਜਾਂਦਾ ਸੀ; ਪਰ ਕੁਝ ਤਿਹਾਸਕਾਰਾਂ ਦਾ ਵਿਚਾਰ ਹੈ ਕਿ ਭਾਈ ਮਰਦਾਨਾ ਜੀ ਦਾ ਬਚਪਨ ਦਾ ਨਾਂ 'ਦਾਨਾ' ਸੀ ਅਤੇ ਗੁਰੂ ਨਾਨਕ ਦੇਵ ਜੀ ਨੇ ਬਾਅਦ ਵਿੱਚ ਉਹਨਾਂ ਦਾ ਨਾਂ 'ਦਾਨਾ' ਤੋਂ 'ਮਰਦਾਨਾ' ਰੱਖਿਆ।

ਭਾਈ ਮਰਦਾਨਾ ਜੀ ਅਤੇ ਗੁਰੂ ਨਾਨਕ ਦੇਵ ਜੀ ਇੱਕ ਪਿੰਡ ਦੇ ਹੋਣ ਕਰਕੇ ਬਚਪਨ ਤੋਂ ਹੀ ਇੱਕ ਦੂਜੇ ਦੇ ਮਿੱਤਰ ਸਨ। ਭਾਈ ਮਰਦਾਨਾ ਜੀ ਮੁਸਲਮਾਨ ਮਰਾਸੀਆਂ ਦੀ ਰਬਾਬੀ ਭਾਈਚਾਰਕ ਸ਼੍ਰੇਣੀ ਨਾਲ ਸੰਬੰਧਿਤ ਹੋਣ ਕਰਕੇ ਰਬਾਬ ਵਜਾਉਣ ਦੇ ਚੰਗੇ ਮਾਹਿਰ ਸਨ। ਇਹ ਕਲਾ ਉਹਨਾਂ ਨੂੰ ਪਰਿਵਾਰਿਕ ਵਿਰਾਸਤ ਵਿੱਚੋਂ ਮਿਲੀ ਸੀ। ਗੁਰੂ ਨਾਨਕ ਦੇਵ ਜੀ ਰਾਗਾਂ ਦੇ ਜਾਣਕਾਰ ਅਤੇ ਚੰਗੇ ਕੀਰਤਨੀਏ ਸਨ, ਇਸ ਲਈ ਉਹ ਭਾਈ ਮਰਦਾਨਾ ਜੀ ਦੀ ਇਸ ਕਲਾ ਦੇ ਪ੍ਰਸ਼ੰਸਕ ਬਣ ਗਏ; ਰਾਗ, ਸੰਗੀਤ ਅਤੇ ਵਾਦਨ ਕਲਾ ਵਿੱਚਲੀ ਸਾਂਝ ਦੋਹਾਂ ਵਿੱਚ ਪ੍ਰੇਮ ਤੇ ਦੋਸਤੀ ਦਾ ਕਾਰਨ ਬਣੀ।

ਭਾਈ ਮਰਦਾਨਾ ਜੀ ਦੇ ਗ੍ਰਹਿਸਥ ਜੀਵਨ ਬਾਰੇ ਵੀ ਕੋਈ ਬਹੁਤੀ ਪ੍ਰਮਾਣਿਕ ਜਾਣਕਾਰੀ ਉਪਲਬਧ ਨਹੀਂ ਹੈ ਪਰੰਤੂ ਇਹ ਸਪੱਸ਼ਟ ਹੈ ਕਿ ਭਾਈ ਮਰਦਾਨਾ ਜੀ ਸ਼ਾਦੀ-ਸ਼ੁਦਾ ਸਨ। ਇਹ ਸ਼ਾਦੀ ਕਦੋਂ ਅਤੇ ਕਿਸ ਨਾਲ ਹੋਈ, ਇਸ ਬਾਰੇ ਬਹੁਤੀ ਜਾਣਕਾਰੀ ਪ੍ਰਾਪਤ ਨਹੀਂ। ਭਾਈ ਮਰਦਾਨਾ ਜੀ ਦੀ ਸੰਤਾਨ ਬਾਰੇ ਜਨਮਸਾਖੀਆਂ ਵਿੱਚੋਂ ਪਤਾ ਲੱਗਦਾ ਹੈ ਕਿ ਉਹਨਾਂ ਦਾ ਇੱਕ ਪੁੱਤਰ ਸੀ, ਜਿਸਦਾ ਨਾਂ 'ਸ਼ਾਹਜਾਦ' ਸੀ, ਜਿਸ ਨੂੰ ਕਈ ਵਿਦਵਾਨ 'ਸ਼ਜਾਦਾ' ਵੀ ਲਿਖਦੇ ਹਨ। ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਭਾਈ ਮਰਦਾਨਾ ਜੀ ਦਾ ਇਹੀ ਪੁੱਤਰ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਦੂਜੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿੱਚ ਕੀਰਤਨ ਕਰਦਾ ਰਿਹਾ।

ਗੁਰੂ ਨਾਨਕ ਦੇਵ ਜੀ ਨੇ ਸੁਲਤਾਨਪੁਰ ਲੋਧੀ ਵਿਖੇ ਮੋਦੀਖਾਨੇ ਦੀ ਨੌਕਰੀ ਤਿਆਗ ਦਿੱਤੀ ਕਿਉਂਕਿ ਉਹਨਾਂ ਦੀ ਜ਼ਿੰਦਗੀ ਦਾ ਮਕਸਦ ਤਾਂ ਲੋਕਾਂ ਦੀ ਭਲਾਈ ਕਰਨਾ ਸੀ। ਇਸੇ ਸਮੇਂ ਤਲਵੰਡੀ ਸਾਬੋ

ਤੋਂ ਗੁਰੂ ਨਾਨਕ ਦੇਵ ਜੀ ਦੇ ਪਿਤਾ ਮਹਿਤਾ ਕਾਲੂ ਜੀ ਨੇ ਭਾਈ ਮਰਦਾਨਾ ਜੀ ਨੂੰ ਸੁਲਤਾਨਪੁਰ ਲੋਧੀ ਭੇਜਿਆ ਤਾਂ ਕਿ ਉਹ ਗੁਰੂ ਨਾਨਕ ਦੇਵ ਜੀ ਬਾਰੇ ਖ਼ਬਰ-ਸਾਰ ਲੈ ਕੇ ਆਉਣ। ਜਦੋਂ ਭਾਈ ਮਰਦਾਨਾ ਜੀ ਗੁਰੂ ਨਾਨਕ ਦੇਵ ਜੀ ਕੋਲ ਪਹੁੰਚੇ ਤਾਂ ਉਹ ਉਹਨਾਂ ਦੀ ਮਹਾਨ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋਏ ਬਗੈਰ ਨਾ ਰਹਿ ਸਕੇ ਅਤੇ ਉਹਨਾਂ ਨੂੰ ਹੀ ਸਮਰਪਿਤ ਹੋ ਗਏ। ਗੁਰੂ ਨਾਨਕ ਦੇਵ ਜੀ ਨੇ ਆਪਣੇ ਮਿਸ਼ਨ ਦੀ ਪੂਰਤੀ ਵਾਸਤੇ ਭਾਈ ਮਰਦਾਨਾ ਜੀ ਕੋਲੋਂ ਉਹਨਾਂ ਦੀਆਂ ਸੇਵਾਵਾਂ ਮੰਗ ਲਈਆਂ। ਭਾਈ ਮਰਦਾਨਾ ਜੀ ਖੁਸ਼ੀ ਨਾਲ ਆਪਣੀਆਂ ਸੇਵਾਵਾਂ ਦੇਣ ਲਈ ਸਹਿਮਤ ਹੋ ਗਏ। ਜਦੋਂ ਗੁਰੂ ਨਾਨਕ ਦੇਵ ਜੀ ਧੁਰ ਕੀ ਬਾਣੀ ਦਾ ਕੀਰਤਨ ਕਰਦੇ ਤਾਂ ਭਾਈ ਮਰਦਾਨਾ ਜੀ ਰਬਾਬ 'ਤੇ ਉਹਨਾਂ ਦਾ ਸਾਥ ਦੇਂਦੇ ਤਾਂ ਆਲੇ-ਦੁਆਲੇ ਇੱਕ ਰੂਹਾਨੀ ਵਾਤਾਵਰਨ ਸਿਰਜਿਆ ਜਾਂਦਾ।

ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਜੀ ਨੂੰ ਇਹ ਸਪੱਸ਼ਟ ਰੂਪ ਵਿੱਚ ਕਹਿ ਦਿੱਤਾ ਕਿ ਉਹਨਾਂ ਦੀ ਜ਼ਿੰਦਗੀ ਦਾ ਮਕਸਦ ਲੁਕਾਈ ਨੂੰ ਸਹੀ ਰਸਤਾ ਦਿਖਉਣਾ ਹੈ; ਲੋਕ ਭਲਾਈ ਕਰਨਾ ਹੈ ਅਤੇ ਇਸ ਮਕਸਦ ਲਈ ਉਹਨਾਂ ਨੂੰ ਆਪਣਾ ਘਰ-ਬਾਰ ਛੱਡਣਾ ਪਵੇਗਾ। ਅਜਿਹਾ ਕਰਦਿਆਂ ਉਹਨਾਂ ਨੂੰ ਭੁੱਖ ਪਿਆਸ ਦਾ ਵੀ ਸਾਹਮਣਾ ਕਰਨਾ ਪਵੇਗਾ ਕਿਉਂਕਿ ਉਹਨਾਂ ਨੇ ਉੱਥੋਂ ਕਰਤਾਰਪੁਰ ਜਾਣਾ ਹੈ ਅਤੇ ਫਿਰ ਚਾਰੇ ਦਿਸ਼ਾਵਾਂ ਵਿੱਚ ਜਾ ਕੇ ਲੋਕਾਂ ਨੂੰ ਜੀਵਨ ਦਾ ਉਪਦੇਸ਼ ਸਮਝਾਉਣਾ ਹੈ। ਜੇਕਰ ਉਹ ਪਰਿਵਾਰਕ ਮੋਹ ਤਿਆਗ, ਅਗਲੇ ਜੀਵਨ ਦੇ ਮੁਸ਼ਕਲਾਂ ਭਰੇ ਪੈਂਡੇ ਨੂੰ ਤਹਿ ਕਰਨ ਲਈ ਤਿਆਰ ਹੈ ਤਾਂ ਉਹ ਉਨ੍ਹਾਂ ਦੇ ਨਾਲ ਚੱਲ ਸਕਦਾ ਹੈ। ਭਾਈ ਮਰਦਾਨਾ ਜੀ ਨੇ ਖੁਦ ਨੂੰ ਗੁਰੂ ਨਾਨਕ ਦੇਵ ਜੀ ਦੇ ਰੂਹਾਨੀ ਮਿਸ਼ਨ ਲਈ ਸਮਰਪਿਤ ਕਰ ਦਿੱਤਾ। ਇਸ ਪ੍ਰਕਾਰ ਭਾਈ ਮਰਦਾਨਾ ਜੀ ਦੀ ਕਲਿਆਣਕਾਰੀ ਸੋਚ ਨੇ ਮੁਸ਼ਕਿਲ ਰਸਤੇ ਨੂੰ ਚੁਣਿਆ, ਪਰਿਵਾਰਕ ਮੋਹ ਨੂੰ ਲਾਂਭੇ ਕਰ ਦਿੱਤਾ, ਗੁਰੂ ਜੀ ਨਾਲ ਤੁਰ ਪਏ।

ਯਾਤਰਾ ਕਰਦਿਆਂ ਭਾਈ ਮਰਦਾਨਾ ਜੀ ਕਈ ਵਾਰ ਬੱਚਿਆਂ ਵਾਂਗ ਜ਼ਿੱਦ ਕਰਦੇ, ਬਹੁਤ ਸਾਰੇ ਪ੍ਰਸ਼ਨ ਗੁਰੂ ਨੂੰ ਪੁੱਛਦੇ ਤਾਂ ਗੁਰੂ ਜੀ ਹਰ ਗੱਲ ਦਾ ਜਵਾਬ ਨਿਮਰਤਾ ਨਾਲ ਦਿੰਦੇ ਅਤੇ ਉਹਨਾਂ ਨੂੰ ਪਿਆਰ ਨਾਲ ਸਮਝਾਉਂਦੇ। ਭਾਈ ਮਰਦਾਨਾ ਜੀ ਕਿਉਂਕਿ ਸਾਦਾ, ਪਵਿੱਤਰ ਅਤੇ ਮਿਲਣਸਾਰ ਸ਼ਖਸੀਅਤ ਦੇ ਮਾਲਕ ਸਨ, ਇਸ ਲਈ ਜਲਦੀ ਹੀ ਗੁਰੂ ਨਾਨਕ ਦੇਵ ਜੀ ਦੇ ਹਰ ਤਰਕ ਨਾਲ ਸਹਿਮਤ ਹੋ ਜਾਂਦੇ।

ਭਾਈ ਮਰਦਾਨਾ ਜੀ ਦੇ ਸੁਭਾਅ ਵਿੱਚ ਗੁਰੂ ਜੀ ਦੀ ਸੰਗਤ ਨਾਲ ਬੇਅੰਤ ਗੁਣਾਂ ਅਤੇ ਚੰਗਿਆਈਆਂ ਦਾ ਆ ਜਾਣਾ ਸੁਭਾਵਿਕ ਸੀ। ਗੁਰੂ ਜੀ ਅਲੌਕਿਕ ਸ਼ਕਤੀਆਂ ਦੇ ਮਾਲਕ ਅਤੇ ਲੋਕ ਪਰਲੋਕ ਦੇ ਜਾਣੂ ਸਨ, ਇਸ ਗੱਲ ਦਾ ਅਹਿਸਾਸ ਭਾਈ ਮਰਦਾਨਾ ਜੀ ਨੂੰ ਵੀ ਹੋ ਗਿਆ ਸੀ, ਇਸ ਕਰਕੇ ਉਹ ਗੁਰੂ ਜੀ ਦੇ ਹਰ ਹੁਕਮ ਦੀ ਪਾਲਣਾ ਅਤੇ ਉਹਨਾਂ ਦਾ ਅਥਾਹ ਸਤਿਕਾਰ ਕਰਦੇ ਸਨ, ਗੁਰੂ ਜੀ ਨੇ ਵੀ ਉਹਨਾਂ ਨੂੰ ਆਪਣੇ ਤੋਂ ਕਦੀ ਵੱਖ ਨਾ ਕੀਤਾ।

ਭਾਈ ਮਰਦਾਨਾ ਜੀ ਦੇ ਦੇਹਾਂਤ ਬਾਰੇ ਕੋਈ ਪੁਖਤਾ ਜਾਣਕਾਰੀ ਉਪਲੱਬਧ ਨਹੀਂ ਹੈ। ਪਰ ਮਹਾਨ ਵਿਦਵਾਨ ਭਾਈ ਕਾਹਨ ਸਿੰਘ ਨਾਭਾ ਅਨੁਸਾਰ ਆਪ ਦਾ ਦੇਹਾਂਤ 1591 ਈ. ਨੂੰ ਅਫ਼ਗਾਨਿਸਤਾਨ ਦੇ ਦਰਿਆ ਕੁਰੱਮ ਕਿਨਾਰੇ ਹੋਇਆ। ਇਹ ਵੀ ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ ਭਾਈ ਮਰਦਾਨਾ ਜੀ ਦੇ ਅੰਤਿਮ ਸੰਸਕਾਰ ਸਮੇਂ ਆਪਣੇ ਮੋਢਿਆਂ ਤੋਂ ਚਾਦਰ ਉਤਾਰ ਕੇ ਉਹਨਾਂ ਦੇ ਸ਼ਰੀਰ ਉਪਰ ਪਾਈ ਅਤੇ ਆਪਣੇ ਹੱਥੀਂ ਅੰਤਿਮ ਰਸਮਾਂ ਨਿਭਾਈਆਂ। ਇਸ ਤੋਂ ਬਾਅਦ ਯਾਤਰਾ ਵਿਚਕਾਰ ਛੱਡ ਕੇ ਗੁਰੂ ਜੀ ਵਾਪਸ ਰਾਏ-ਭੋਇੰ ਦੀ ਤਲਵੰਡੀ ਵੱਲ ਚੱਲ ਪਏ। ਪਰੰਤੂ ਕੁਝ ਵਿਦਵਾਨ ਇਸ ਵਿਚਾਰ ਨਾਲ ਸਹਿਮਤ ਨਹੀਂ, ਕਿਉਂਕਿ ਉਹਨਾਂ ਅਨੁਸਾਰ 1591 ਈ. ਵਿੱਚ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਸਨ। ਦੂਜੇ ਪਾਸੇ ਕੁਝ ਇਤਿਹਾਸਕਾਰਾਂ ਨੇ ਭਾਈ ਮਰਦਾਨਾ ਜੀ ਦਾ ਦੇਹਾਂਤ ਕਰਤਾਰਪੁਰ ਵਿਖੇ, ਗੁਰੂ ਨਾਨਕ ਦੇਵ ਦੇ ਜੋਤੀ-

ਜੋਤ ਸਮਾਉਣ ਤੋਂ 8 ਦਿਨ ਬਾਅਦ ਦੱਸਿਆ ਹੈ।

ਕੁਝ ਸਾਖੀਕਾਰਾਂ ਮੁਤਾਬਿਕ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਨੂੰ ਉਹਨਾਂ ਦੀ ਅੰਤਿਮ ਘੜੀ ਬਾਰੇ ਪਹਿਲਾਂ ਹੀ ਦੱਸਦਿਆਂ ਉਹਨਾਂ ਦਾ ਸੀਸ ਆਪਣੀ ਗੋਦ ਵਿੱਚ ਰੱਖ ਕੇ ਪੁੱਛਿਆ ਕਿ ਭਾਈ ਮਰਦਾਨਾ! ਉਹ ਸਮਾਂ ਆਉਣ ਵਾਲਾ ਹੈ, ਜਦੋਂ ਤੁਸੀਂ ਸਾਡੇ ਕੋਲੋਂ ਚਲੇ ਜਾਣਾ ਹੈ, ਤੁਸੀਂ ਦੱਸੋ ਕਿ ਸ਼ਰੀਰ ਨੂੰ ਦਫ਼ਨਾਈਏ ਜਾਂ ਅਗਨ ਭੇਂਟ ਕਰੀਏ ? ਕੋਈ ਯਾਦਗਾਰ ਬਣਾ ਦੇਈਏ? ਉਹ ਯਾਦਗਾਰ ਮਸੀਤ ਹੋਵੇ ਜਾਂ ਧਰਮਸ਼ਾਲਾ ? ਇਸ ਦੇ ਜਵਾਬ ਵਿੱਚ ਭਾਈ ਮਰਦਾਨਾ ਜੀ ਨੇ ਕਿਹਾ ਕਿ ਹੱਡ ਮਾਸ ਦੇ ਬਣੇ ਸ਼ਰੀਰ ਦੀ ਕੈਦ ਵਿੱਚੋਂ ਕੱਢ ਕੇ ਹੁਣ ਇੱਟਾਂ-ਚੂਨੇ ਦੀ ਕੈਦ ਵਿੱਚ ਤੁਸੀਂ ਮੈਨੂੰ ਨਹੀਂ ਪਾ ਸਕਦੇ। ਗੁਰੂ ਜੀ ਨੇ ਕਿਹਾ ਕਿ ਤੁਸੀਂ ਅਖੀਰ ਤਕ ਪ੍ਰੀਤ ਨੂੰ ਨਿਭਾਇਆ ਹੈ, ਜੋ ਮੰਗਣਾਂ ਚਾਹੁੰਦੇ ਹੋ, ਮੰਗ ਲਵੋ। ਭਾਈ ਮਰਦਾਨਾ ਜੀ ਨੇ ਬੇਨਤੀ ਕੀਤੀ, 'ਤੁਸੀਂ ਖ਼ੁਦਾ ਦੇ ਡੂੰਮ ਹੋ, ਮੈਂ ਤੁਹਾਡਾ ਡੂੰਮ ਹਾਂ, ਤੁਸੀਂ ਖ਼ੁਦਾ ਨੂੰ ਦੇਖਿਆ ਹੈ, ਪਾਇਆ ਹੈ ਅਤੇ ਮੈਂ ਤੁਹਾਨੂੰ, ਜਿਵੇਂ ਤੁਸੀਂ ਮੈਨੂੰ ਇਸ ਦੁਨੀਆਂ ਵਿੱਚ ਆਪਣੇ ਨਾਲ ਰੱਖਿਆ, ਮੌਤ ਤੋਂ ਬਾਅਦ ਵੀ ਆਪਣੇ ਨਾਲ ਰੱਖਣਾ।' ਅੱਗੋਂ ਗੁਰੂ ਜੀ ਨੇ ਕਿਹਾ ਕਿ 'ਜਿੱਥੇ ਤੇਰਾ ਵਾਸਾ ਉੱਥੇ ਹੀ ਮੇਰਾ ਵਾਸਾ।'

ਅੰਤਿਮ ਰਸਮਾਂ ਨਿਭਾਉਣ ਤੋਂ ਬਾਅਦ ਗੁਰੂ ਜੀ ਵਾਪਸ ਪਿੰਡ ਪਹੁੰਚੇ ਤਾਂ ਭਾਈ ਮਰਦਾਨਾ ਜੀ ਦੇ ਪੁਤੱਰ ਸ਼ਾਹਜਾਦ ਨੇ ਆਪਣੇ ਅੱਬੂ ਬਾਰੇ ਪੁੱਛਿਆ। ਗੁਰੂ ਜੀ ਨੇ ਦੱਸਿਆ ਕਿ ਉਹ ਉਹਨਾਂ ਕੋਲੋਂ ਵਿਦਾ ਹੋ ਗਏ ਹਨ ਤੇ ਆਪਣੇ ਅਸਲ ਘਰ ਚਲੇ ਗਏ ਹਨ। ਸ਼ਾਹਜਾਦ ਨੇ ਗੁਰੂ ਜੀ ਤੋਂ ਆਸ਼ੀਰਵਾਦ ਮੰਗਿਆ ਤੇ ਬੇਨਤੀ ਕੀਤੀ ਕਿ ਜੋ ਦਾਤ ਤੁਸਾਂ ਅੱਬੂ ਨੂੰ ਦਿੱਤੀ ਸੀ, ਉਹ ਦਾਤ ਮੈਨੂੰ ਵੀ ਬਖ਼ਸ਼ ਦਿਉ। ਇਹ ਸੁਣ ਕੇ ਗੁਰੂ ਜੀ ਨੇ ਉਸ ਨੂੰ ਗਲਵੱਕੜੀ ਵਿੱਚ ਲੈ ਕੇ ਬੇਅੰਤ ਅਸੀਸਾਂ ਦਿੱਤੀਆਂ। ਇਸ ਤੋਂ ਬਾਅਦ ਜਿੰਨਾ ਚਿਰ ਗੁਰੂ ਜੀ ਸ਼ਰੀਰਕ ਜਾਮੇ ਵਿੱਚ ਰਹੇ, ਉਨਾਂ ਚਿਰ ਭਾਈ ਸ਼ਾਹਜਾਦ ਨੇ ਕਦੀ ਉਨ੍ਹਾਂ ਦਾ ਸਾਥ ਨਹੀਂ ਛੱਡਿਆ।

ਭਾਈ ਮਰਦਾਨਾ ਜੀ ਦੀ ਅੰਤਿਮ ਵੇਲੇ ਦੀ ਬੇਨਤੀ ਕਬੂਲ ਹੋਈ। ਉਹ ਕੀਰਤਨ ਪਰੰਪਰਾ ਦੇ ਰੂਪ ਵਿੱਚ ਗੁਰੂ ਘਰ ਨਾਲ ਜੁੜੇ ਹੋਏ ਹਨ। ਉਨ੍ਹਾਂ ਦਾ ਤਿਆਗ ਭਰਿਆ ਨਿਸ਼ਕਾਮ ਜੀਵਨ ਅੱਜ ਵੀ ਸਮਾਜ ਵਿੱਚ ਮਨੁੱਖ ਦਾ ਪ੍ਰੇਰਨਾ ਸਰੋਤ ਬਣਿਆ ਹੋਇਆ ਹੈ।

## ਅਭਿਆਸ-ਪ੍ਰਸ਼ਨ

1. ਭਾਈ ਮਰਦਾਨਾ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ ? ਤੇ ਉਹਨਾਂ ਦੇ ਮਾਤਾ-ਪਿਤਾ ਦਾ ਕੀ ਨਾਂ ਸੀ ?
2. ਭਾਈ ਮਰਦਾਨਾ ਜੀ ਦਾ ਨਾਂ 'ਮਰਦਾਨਾ' ਕਿਵੇਂ ਪਿਆ ?
3. ਭਾਈ ਮਰਦਾਨਾ ਜੀ ਨੂੰ ਗੁਰੂ ਨਾਨਕ ਦੇਵ ਜੀ ਆਪਣੇ ਨਾਲ ਕਿਉਂ ਰੱਖਦੇ ਸਨ ?
4. ਭਾਈ ਮਰਦਾਨਾ ਜੀ ਦੇ ਪੁੱਤਰ ਨੂੰ ਗੁਰੂ ਜੀ ਨੇ ਕੀ ਅਸ਼ੀਰਵਾਦ ਦਿੱਤਾ ?
5. ਭਾਈ ਮਰਦਾਨਾ ਜੀ ਦੇ ਜੀਵਨ ਬਾਰੇ ਸੰਖੇਪ ਜਾਣਕਾਰੀ ਦਿਉ।

# ਭਾਗ ਤੀਜਾ-ਕਹਾਣੀ

# ਗੁਰਬਖਸ਼ ਸਿੰਘ ਪ੍ਰੀਤਲੜੀ

ਗੁਰਬਖਸ਼ ਸਿੰਘ ਪ੍ਰੀਤਲੜੀ ਪੰਜਾਬੀ ਸਾਹਿਤ ਖੇਤਰ ਵਿੱਚ ਪ੍ਰਬੁੱਧ ਵਾਰਤਕਕਾਰ ਵਜੋਂ ਜਾਣਿਆ ਜਾਂਦਾ ਹੈ। ਵਾਰਤਕ ਰਚਨਾ ਦੇ ਨਾਲ-ਨਾਲ ਕਹਾਣੀ ਉੱਪਰ ਵੀ ਉਸ ਦੀ ਪੂਰੀ ਪਕੜ ਹੈ। ਉਸ ਨੇ ਆਪਣੀਆਂ ਕਹਾਣੀਆਂ ਜ਼ਰੀਏ ਆਪਣੇ ਜੀਵਨ ਫ਼ਲਸਫ਼ੇ ਨੂੰ ਪਾਠਕਾਂ ਤੱਕ ਪਹੁੰਚਾਉਣ ਦੀ ਪੂਰੀ ਵਾਹ ਲਾਈ।

ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਜਨਮ 1895 ਵਿੱਚ ਸ੍ਰ. ਪਿਸ਼ੌਰਾ ਸਿੰਘ ਦੇ ਘਰ ਸਿਆਲਕੋਟ ਵਿੱਚ ਹੋਇਆ। ਉਸ ਨੇ ਇੰਜਨੀਅਰਿੰਗ ਦੀ ਪੜ੍ਹਾਈ ਪਿੱਛੋਂ ਅਮਰੀਕਾ ਦਾ ਰਾਹ ਚੁਣਿਆ। 1913 ਈ. ਵਿੱਚ ਉਸ ਨੇ 'ਪ੍ਰੀਤਲੜੀ' ਨਾਂ ਦਾ ਪ੍ਰਸਿੱਧ ਰਸਾਲਾ ਕੱਢ ਕੇ ਪੰਜਾਬੀ ਪੱਤਰਕਾਰੀ ਖੇਤਰ ਵਿੱਚ ਚੰਗਾ ਨਾਮਣਾ ਖੱਟਿਆ। ਅਮਰੀਕਾ, ਈਰਾਨ, ਰੂਸ ਆਦਿ ਮੁਲਕਾਂ ਦੀ ਸੈਰ ਕਰਨ ਉਪਰੰਤ ਉੱਥੋਂ ਦੀਆਂ ਚੰਗੀਆਂ ਗੱਲਾਂ ਨੂੰ ਆਪਣੀ ਰਚਨਾਕਾਰੀ ਦਾ ਹਿੱਸਾ ਬਣਾਇਆ।

'ਅਨੋਖੇ ਤੇ ਇਕੱਲੇ', 'ਪ੍ਰੀਤ ਕਹਾਣੀਆਂ', 'ਨਾਗ ਪ੍ਰੀਤ ਦਾ ਜਾਦੂ', 'ਵੀਨਾ ਵਿਨੋਦ', 'ਸ਼ਬਨਮ', 'ਭਾਬੀ ਮੈਨਾ', 'ਪ੍ਰੀਤਾਂ ਦੇ ਪਹਿਰੇਦਾਰ ' ਆਦਿ ਉਸ ਦੇ ਪ੍ਰਸਿੱਧ ਕਥਾ ਸੰਗ੍ਰਹਿ ਹਨ। ਉਸ ਦੀ ਕਹਾਣੀ ਕਲਾ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਕਹਾਣੀ ਪਾਠਕ ਨੂੰ ਆਪਣੇ ਨਾਲ ਜੋੜਨ ਦੀ ਪੂਰੀ ਸਮਰੱਥਾ ਰੱਖਦੀ ਹੈ। ਉਸ ਦੀਆਂ ਕਥਾ ਜੁਗਤਾਂ ਪਾਠਕ ਨੂੰ ਰੌਚਿਕ ਸ਼ੈਲੀ ਨਾਲ ਬੰਨ੍ਹੀ ਰੱਖਦੀਆਂ ਹਨ।

'ਪਹੁਤਾ ਪਾਂਧੀ' ਕਹਾਣੀ ਉਸ ਦੇ ਜੀਵਨ ਫ਼ਲਸਫ਼ੇ ਦੀ ਮਹੱਤਵਪੂਰਨ ਉਦਾਹਰਨ ਹੈ। ਇਸ ਕਹਾਣੀ ਦਾ ਨਾਇਕ ਮੇਜਰ ਸਾਹਿਬ ਆਪਣੇ ਵਿਹਾਰਕ ਪਹਿਲੂ ਰਾਹੀਂ ਰਿਸ਼ਤੇ ਬਣਾਉਣ, ਨਿਭਾਉਣ ਵਿੱਚ ਅਹਿਮ ਮਿਸਾਲ ਪੇਸ਼ ਕਰਦਾ ਨਜ਼ਰ ਆਉਂਦਾ ਹੈ। ਰੇਲ ਗੱਡੀ ਵਿੱਚ ਮੁਸਾਫਿਰਾਂ ਨਾਲ ਉਸ ਦਾ ਰਵੱਈਆ ਸਹਾਨੂੰਭੂਤੀ ਵਾਲਾ ਹੈ। ਉਹ ਮੁਸਾਫਿਰਾਂ ਦਾ ਪ੍ਰੇਰਣਾ ਸ੍ਰੋਤ ਬਣ ਕੇ ਸਮਾਜ ਵਿੱਚ ਨਵੀਂ ਸੇਧ ਦਿੰਦਾ ਪ੍ਰਤੀਤ ਹੁੰਦਾ ਹੈ। ਕਹਾਣੀਕਾਰ ਇਸ ਕਿਸਮ ਦੇ ਨਾਇਕ ਨੂੰ 'ਪਹੁਤਾ ਪਾਂਧੀ' ਦੀ ਸੰਗਿਆ ਦਿੰਦਾ ਹੈ। ਪਹੁਤਾ ਪਾਂਧੀ ਤੋਂ ਭਾਵ ਪਹੁੰਚਿਆ ਹੋਇਆ ਮੁਸਾਫ਼ਿਰ ਹੈ। ਵਿਸ਼ੇ ਤੇ ਕਲਾ ਪੱਖੋਂ ਇਹ ਕਹਾਣੀ ਪੰਜਾਬੀ ਦੀਆਂ ਸਿਰਮੌਰ ਕਹਾਣੀਆਂ ਵਿੱਚੋਂ ਇੱਕ ਆਖੀ ਜਾ ਸਕਦੀ ਹੈ।

# ਪਹੁਤਾ ਪਾਂਧੀ

ਅੰਮ੍ਰਿਤਸਰੋਂ ਲੁਧਿਆਣੇ ਵੱਲ ਗੱਡੀ ਆ ਰਹੀ ਸੀ। ਤੀਸਰੇ ਦਰਜ਼ੇ ਖਚਾ-ਖੱਚ ਭਰੇ ਹੋਏ ਸਨ। ਸਾਰੀ ਗੱਡੀ ਭੌਂ-ਭੁਆਂ ਕੇ ਇੱਕ ਭਾਰਾ ਜਿਹਾ ਸੱਜਣ ਇਕ ਡੱਬੇ ਅੱਗੇ ਆ ਖਲੋਤਾ ਤੇ ਮਿੰਨਤਾਂ ਕੀਤੀਆਂ, ਪਰ ਅੰਦਰਲਿਆਂ ਨੇ ਝਾੜ ਛੱਡਿਆ, " ਕੋਈ ਥਾਂ ਨਹੀਂ।" ਉਹ ਨਿਮੋਝੂਣਾ ਹੋਇਆ ਹਿੱਲਣ ਹੀ ਲੱਗਾ ਸੀ ਕੇ ਅੰਦਰੋਂ ਕਿਸੇ ਆਖਿਆ, "ਥਾਂ ਕਿਉਂ ਨਹੀਂ, ਤੁਸੀਂ ਆਓ ਜੀ।"

ਇਹ ਕੋਈ ਫ਼ੌਜੀ ਵਰਦੀ ਵਿੱਚ ਸਨ ਤੇ ਇਨ੍ਹਾਂ ਨਾਲ ਦੋ ਸਿਪਾਹੀ ਇਹਨਾਂ ਨੂੰ ਮੇਜਰ ਸਾਹਿਬ ਆਖਦੇ ਸਨ। ਬਾਹਰਲਾ ਸੱਜਣ ਅੰਦਰ ਧੁੱਸ ਕੇ ਇਹਨਾਂ ਦੇ ਕੋਲ ਜਾ ਖਲੋਤਾ।

ਇੱਕ ਦੋ ਮਿੰਟਾਂ ਬਾਅਦ ਉਨ੍ਹਾਂ ਆਖਿਆ;

"ਓਸ ਅਖੀਰਲੀ ਸੀਟ ਤੇ ਬੈਠੇ ਆਦਮੀ ਨੇ ਅਗਲੇ ਸਟੇਸ਼ਨ ਤੇ ਉੱਤਰ ਜਾਣਾ ਏ- ਤੁਸੀਂ ਕਿਸੇ ਤਰਾਂ ਉੱਥੇ ਪਹੁੰਚ ਜਾਓ।"

"ਪਹੁੰਚਣਾ ਹੀ ਮੁਸ਼ਕਲ ਹੈ", ਉਸ ਆਖਿਆ।

"ਵੇਖੋ, ਮੈਂ ਤੁਹਾਨੂੰ ਕਿਸ ਤਰ੍ਹਾਂ ਪੁਚਾਂਦਾ ਹਾਂ" ਤੇ ਉਨ੍ਹਾਂ ਆਪਣਾ ਪਾਸਾ ਜ਼ਰਾ ਕੁ ਚੁੱਕ ਕੇ ਉਸ ਨੂੰ ਬੰਚਾਂ ਦੀ ਵਿਚਕਾਰਲੀ ਢੋ ਉੱਤੇ ਖੜਾ ਕਰ ਦਿੱਤਾ।

"ਉੱਤੋਂ ਛੱਤ ਨੂੰ ਹੱਥ ਪਾ ਲਓ," ਤੇ ਦੂਜੀਆਂ ਸਵਾਰੀਆਂ ਨੂੰ ਹਾਸੇ ਵਿੱਚ ਪਾਣ ਲਈ ਉਨ੍ਹਾਂ ਆਖਿਆ:

"ਇਹ ਸਰਦਾਰ ਜੀ ਕੋਈ ਤਮਾਸ਼ਾ ਵਿਖਾਣ ਲੱਗੇ ਹਨ- ਜ਼ਰਾ ਜ਼ਰਾ ਸੰਭਲ ਜਾਓ-ਮਤੇ ਇੰਨ੍ਹਾਂ ਦੇ ਹੇਠਾਂ ਕੋਈ ਬੰਦਾ ਪੀਸਿਆ ਜਾਏ।"

ਭਾਰੇ ਸਰੀਰ ਵੱਲ ਵੇਖ ਕੇ ਸਵਾਰੀਆਂ ਹੱਸੀਆਂ ਤੇ ਸਭ ਨੇ ਢੋ ਨਾਲੋਂ ਪਿੱਠਾਂ ਪਰ੍ਹਾਂ ਕਰ ਲਈਆਂ। ਉਹ ਦੂਜੇ ਸਿਰੇ ਪਹੁੰਚ ਗਿਆ ਤੇ ਸਟੇਸ਼ਨ ਆਉਂਦਿਆ ਹੀ ਸੀਟ ਖਾਲੀ ਹੋਈ-ਉਹ ਅਰਾਮ ਨਾਲ ਬਹਿ ਗਿਆ ਤੇ ਸ਼ੁਕਰੀਏ ਵਿੱਚ ਦੂਰੋਂ ਮੇਜਰ ਸਾਹਬ ਨੂੰ ਹੱਥ ਜੋੜੇ।

ਉਸ ਸਟੇਸ਼ਨ 'ਤੇ ਉੱਤਰਿਆ ਤਾਂ ਇੱਕ ਸੀ, ਪਰ ਚੜ੍ਹਨ ਵਾਲੇ ਦੋ ਆ ਗਏ। ਬੂਹੇ ਅੱਗੇ ਖਲੋਤੇ ਸਿਪਾਹੀਆਂ ਨੇ ਝਿੜਕ ਛੱਡਿਆ। ਉਹਨਾਂ ਦੋਹਾਂ ਨੇ ਬੜੇ ਹੀ ਤਰਲੇ ਕੀਤੇ। ਮੇਜਰ ਸਾਹਿਬ ਨੇ ਫੇਰ ਆਖਿਆ:" ਆ ਜਾਣ ਦਿਓ।"

"ਪਰ ਕੋਠਾ ਇਹਨਾਂ ਨੂੰ ਸਬਾਬ ਲਈ ਚਾਹੀਦਾ ਹੈ, ਉਹ ਕਿੱਥੇ ਧਰਾਂਗੇ ?" ਸਿਪਾਹੀਆਂ ਆਖਿਆ। ਮੇਜਰ ਸਾਹਿਬ ਪਖਾਨੇ ਦੇ ਨੇੜੇ ਬੈਠੈ ਸਨ, ਉਹਨਾਂ ਪਖਾਨੇ ਦਾ ਬੂਹਾ ਖੋਲਿਆ। ਬੜੀ ਮਹਿਕ ਆਈ। ਸੁਆਰੀਆਂ ਨੱਕ ਕੱਜ ਲਏ, ਪਰ ਮੇਜਰ ਸਾਹਿਬ ਉੱਠੇ:" ਮੈਂ ਇੱਕ ਮਿੰਟ ਵਿੱਚ ਸਾਫ਼ ਕਰ ਦਿੰਦਾ ਹਾਂ-ਤੁਸੀਂ ਸਾਮਾਨ ਅੰਦਰ ਧਰਨ ਦੀ ਕਰੋ।"

ਸਿਪਾਹੀਆਂ ਨੂੰ ਸ਼ਰਮ ਆ ਗਈ। ਇੱਕ ਸਿਪਾਹੀ ਪਖਾਨੇ ਵਿੱਚ ਗਿਆ, ਦੂਜੇ ਨੇ ਅਸਬਾਬ ਨੂੰ ਹੱਥ ਪੁਆਇਆ।

ਪਖਾਨਾ ਸਾਫ਼ ਹੁੰਦਾ ਰਿਹਾ। ਮੇਜਰ ਸਾਹਿਬ ਹੱਸਦੇ ਰਹੇ:

"ਭਾਈ, ਮੈਂ ਤੁਹਾਥੋਂ ਪਹਿਲਾਂ ਧਰਮ ਰਾਜ ਕੋਲ ਜਾਣਾ ਏਂ-ਮੈਂ ਉਹਨੂੰ ਦੱਸਾਂਗਾ-ਬੰਤਾ ਸਿੰਘ ਨੇ ਕਿਹੋ ਜਿਹੀ ਸਫ਼ਾਈ ਕੀਤੀ ਸੀ-ਖ਼ੂਬ ਪਾਣੀ ਡੋਲ੍ਹੀਂ, ਵੇਖੀਂ ਜ਼ਰਾ ਬੋ ਨਾ ਰਹੇ।"

ਪਖਾਨਾ ਚੰਗੀ ਤਰ੍ਹਾਂ ਸਾਫ਼ ਹੋ ਗਿਆ, ਅਸਬਾਬ ਉਹਦੇ ਵਿੱਚ ਚਿਣ ਦਿੱਤਾ ਗਿਆ। ਸਾਰੇ ਡੱਬੇ ਦੀ ਫਿਜ਼ਾ ਬਦਲ ਗਈ। ਉਹ ਅਫ਼ਸਰ ਡੱਬੇ ਦਾ ਕੇਂਦਰ ਬਣ ਗਿਆ-ਬੜਾ ਰੌਣਕੀ, ਬੜਾ ਹੱਸਮੁਖ-ਸਭ ਅੱਖਾਂ ਉਸੇ ਵੱਲ ਭੌਂ ਗਈਆਂ।

ਅਗਲੇ ਸਟੇਸ਼ਨ ਤੇ ਸ਼ਿਕੰਜਵੀ ਵੇਚਣ ਵਾਲਾ ਆਇਆ। ਆਂਹਦਾ ਸੀ ਠੰਡੇ ਮਿੱਠੇ ਗਲਾਸ, ਆਨੇ-ਆਨੇ ਗਲਾਸ............ ਗਰਮੀ ਨਾਲ ਕਈਆਂ ਦੇ ਮੂੰਹ ਸੁੱਕੇ ਹੋਏ ਸਨ।

"ਵੇਖ ਭਾਈ ਬੰਤਾ ਸਿਹਾਂ- ਠੰਡੇ ਮਿੱਠੇ ਹੈਣ ਭੀ?" ਦੋਹਾਂ ਸਿਪਾਹੀਆਂ ਨੂੰ ਗਲਾਸ ਦੁਆ ਦਿੱਤੇ। ਭੀੜ ਬਹੁਤ ਸੀ। ਪੀਣਾ ਕਈ ਚਾਹੁੰਦੇ ਸਨ, ਪਰ ਬਾਰੀ ਤੱਕ ਪਹੁੰਚਣਾ ਮੁਸ਼ਕਿਲ ਸੀ।

"ਫੜਾਈ ਬੰਤਾ ਸਿਹਾਂ-ਉਹਨਾਂ ਭਾਈ ਜੀ ਨੂੰ-ਉਹ ਲਾਲਾ ਜੀ ਵੀ ਬੁੱਲ੍ਹ ਪਏ ਚੂਸਦੇ ਨੀਂ-ਔਸ ਕਾਕੇ ਨੂੰ ਭੀ ਦਈਂ।" 19 ਗਲਾਸ ਪਿਲਾਏ ਗਏ, ਗੱਡੀ ਤੁਰਨ ਵਾਲੀ ਸੀ। ਪਾਣੀ ਵਾਲਾ ਪੈਸਿਆਂ ਬਾਰੇ ਚਿੰਤਾ ਕਰ ਰਿਹਾ ਸੀ।

"ਲੈ ਭਾਈ-ਤੂੰ ਤੇ ਜਾ", ਸਵਾ ਰੁਪਈਆ ਉਹਦੇ ਹੱਥ ਫੜ੍ਹਾ ਕੇ ਮੇਜਰ ਸਾਹਿਬ ਨੇ ਆਖਿਆ," ਮੈਂ ਇਹਨਾਂ ਕੋਲੋਂ ਆਪੇ ਉਗਰਾਹ ਲਵਾਂਗਾ।"

ਸਵਾਰੀਆਂ ਦੇ ਦਿਲਾਂ ਵਿੱਚ ਉਸ ਹਸੂ-ਹਸੂ ਕਰਦੇ ਮੇਜਰ ਦੀ ਬੜੀ ਇੱਜ਼ਤ ਬਣ ਗਈ ਸੀ। ਉਹਨਾਂ ਆਪੋ ਆਪਣੇ ਪੈਸੇ ਹੱਥੋਂ-ਹੱਥੀਂ ਘੱਲ੍ਹਣੇ ਸ਼ੁਰੂ ਕਰ ਦਿੱਤੇ, ਪਰ ਮੇਜਰ ਸਾਹਬ ਨੇ ਝੋਲੀ ਅੱਡ ਕੇ ਹਾਸੇ ਵਿੱਚ ਗੱਲ ਉਡਾ ਦਿੱਤੀ:

"ਆਨਾਂ-ਆਨਾਂ ਮੈਂ ਨਹੀਂ ਲੈਣਾ, ਜੇ ਦੇਣਾ ਜੇ ਤਾਂ ਨੋਟ ਨਾਟ ਪਾਓ, ਮੇਰਾ ਕੁਝ ਬਣੇ ਭੀ - ਮੈਂ ਛੁੱਟੀ ਘਰ ਜਾ ਰਿਹਾ ਹਾਂ।"

ਸਭ ਦੇ ਆਨੇ ਮੁੜ ਗਏ ਤੇ ਲੋਕ ਉਸ ਭੱਖਦੇ ਦਿਲ ਵਾਲੇ ਅਫ਼ਸਰ ਕੋਲੋਂ ਝੜਦੇ ਚੰਗਿਆੜਿਆਂ ਵਿੱਚ ਮਸਤ ਹੋ ਗਏ।

ਏਨੇ ਨੂੰ ਕਿਸੇ ਤੰਬਾਕੂ ਪੀਣਾ ਚਾਹਿਆ। ਨਾਲ ਦੇ ਨੇ ਆਖਿਆ:

"ਨਾ-ਨਾ ਸਰਦਾਰ ਸਾਹਿਬ ਦੇ ਹੁੰਦਿਆਂ ਨਹੀਂ ਪੀਣਾ।" ਮੇਜਰ ਸਾਹਿਬ ਨੇ ਸੁਣ ਲਿਆ ਤੇ ਹੱਸ ਕੇ ਬੋਲੇ:

"ਪੀਣਾ ਕਿਉਂ ਨਹੀਂ- ਬੇਸ਼ਕ ਪੀਓ- ਪਰ ਕੋਈ ਵਧੀਆ ਜਿਹਾ ਸਿਗਰਟ ਪੀਣਾ।"

ਕਿਸੇ ਨੇ ਪੁੱਛਿਆ, "ਵਧੀਆ ਨਾਲ ਕੀ ਫ਼ਰਕ ਪੈ ਜਾਏਗਾ ?"

"ਵਧੀਆ ਸਿਗਰਟਾਂ ਦਾ ਧੂੰਆਂ ਤਾਂ ਕਈ ਵਾਰੀ ਸਾਡੇ ਅੰਗਰੇਜ਼ ਅਫ਼ਸਰਾਂ ਸਾਡੇ ਮੂੰਹਾਂ ਤੇ ਮਾਰਿਆ ਹੈ, ਉਸ ਧੂੰਏ ਦੀ ਸਾਨੂੰ ਆਦਤ ਹੈ।"

ਪੀਣ ਵਾਲੇ ਕੋਲ ਵਧੀਆ ਸਿਗਰਟ ਨਹੀਂ ਸੀ। ਉਹ ਬੀੜੀ ਪੀਣ ਵਾਲਾ ਸੀ। ਸ਼ਰਮਾ ਗਿਆ- ਕਹਿਣ ਲੱਗਾ, " ਮੈਂ ਨਹੀਂ ਪੀਂਦਾ।"

ਜਦੋਂ ਮੇਜਰ ਸਾਹਿਬ ਨੂੰ ਬੀੜੀ ਦੀ ਸਮਝ ਆਈ ਤਾਂ ਉਹਨਾਂ ਆਖਿਆ:

"ਬੀੜੀ ਦਾ ਧੂੰਆਂ ਤੂੰ ਬਾਰੀ 'ਚੋ ਬਾਹਰ ਸੁੱਟ ਛੱਡੀ, ਨਾ ਸਾਡੇ ਵੱਲ ਮਾਰੀ, ਪਰ ਭਾਈ- ਪੀ ਜਰੂਰ।"

ਤੇ ਆਖ ਵੇਖ ਕੇ ਉਹਨੂੰ ਸੂਟਾ ਉਹਨਾਂ ਲੁਆ ਹੀ ਦਿੱਤਾ।

ਅਗਲੇ ਸਟੇਸ਼ਨ ਤੇ ਇੱਕ ਹੌਲਦਾਰ ਨੇ ਪਲੇਟਫ਼ਾਰਮ ਤੋਂ ਸਲੂਟ ਖੜਕਾਈ ਤੇ ਪੁੱਛਿਆ:

"ਸਾਹਿਬ, ਆਪ ਆਪਣਾ ਡੱਬਾ ਛੱਡ ਕੇ ਇੱਥੇ ਕਿਉਂ ਆ ਗਏ ?"

"ਮੈਂ ਕੀ ਲੈਣਾ ਸੀ, ਪੇ-ਮਰਿਆਂ ਦੇ ਡੱਬੇ ਵਿੱਚ, ਕੋਈ ਅਖ਼ਬਾਰ ਪੜ੍ਹਦਾ ਸੀ,ਕੋਈ ਕਿਤਾਬ ਮੂੰਹ ਅੱਗੇ ਧਰੀ ਬੈਠਾ ਸੀ, ਕੋਈ ਸਿਗਰਟ ਦੇ ਧੂਏਂ ਵੱਲ ਹੀ ਵੇਖੀ ਜਾ ਰਿਹਾ ਸੀ, ਮੈਂ ਏਥੇ ਆ ਗਿਆ, ਏਥੇ ਸਭ ਦੇ ਪੇ ਜਿਉਂਦੇ ਜਾਪਦੇ ਨੇ।"

"ਫਿਰ ਮੈਂ ਤੁਹਾਡੀ ਸੀਟ ਤੇ ਜਾ ਬਵ੍ਹਾਂ ? "ਸਮਾਨ ਦਾ ਧਿਆਨ ਰੱਖਾਂਗਾ।"

"ਨਾ ਭਾਈ-ਨਾ, ਉੱਥੇ ਤਾਂ ਮੇਰਾ ਜਾਨਸ਼ੀਨ ਬੈਠਾ ਈ।"

"ਉਹ ਕੌਣ ਸਾਹਿਬ ?"

"ਤੁਰਦੀ ਗੱਡੀ ਦੇ ਜੰਗਲੇ ਨਾਲ ਕੋਈ ਲਟਕ ਗਿਆ। ਮੈਨੂੰ ਡਰ ਲੱਗਾ ਕਿਤੇ ਡਿੱਗ ਡਿਗਾ ਕੇ ਮਰ ਜਾਏਗਾ, ਫੇਰ ਗਵਾਹੀਆਂ ਭੁਗਤਾਨੀਆਂ ਪੈਣਗੀਆਂ- ਮੈਂ ਉਹਨੂੰ ਅੰਦਰ ਵਾੜ ਲਿਆ। ਅੱਗੇ ਸਟੇਸ਼ਨ ਤੇ ਮੈਂ ਉਹਨੂੰ ਆਖਿਆ ਕਿਸੇ ਹੋਰ ਡੱਬੇ ਵਿੱਚ ਚਲਾ ਜਾਏ, ਪਰ ਉਹ ਪੈਰੀਂ ਪਏ, 'ਜੀ ਮੈਨੂੰ ਕਿਸ ਥਾਂ ਦੇਣੀ ਏ'। ਮੈਂ ਆਪਣੀ ਟਿਕਟ ਉਹਦੇ ਨਾਲ ਵਟਾ ਕੇ ਏਥੇ ਆ ਗਿਆ। ਬੰਤਾ ਸਿੰਘ ਹੋਰੀਂ ਏਥੇ ਬੈਠੇ ਸਨ।"

ਸੁਣ ਕੇ ਸਵਾਰੀਆਂ ਦੰਗ ਰਹਿ ਗਈਆਂ, ਪਰ ਉਸ ਭਲੇ ਸਰਦਾਰ ਨੇ ਕਿਸੇ ਨੂੰ ਆਪਣੀ ਤਾਰੀਫ਼ ਨਾ ਕਰਨ ਦਿੱਤੀ। ਜਿਹੜਾ ਕੋਈ ਸ਼ੁਰੂ ਕਰੇ, ਕੋਈ ਹੋਰ ਈ ਗੱਲ ਆਪਣੇ ਕੋਲੋ ਵਾਹ ਕੇ ਉਹਨੂੰ ਉਹ ਚੁੱਪ ਕਰਾ ਦੇਵੇ ।

ਅਗਲੇ ਸਟੇਸ਼ਨ ਤੇ ਮੇਜਰ ਸਾਹਿਬ ਨੇ ਲਹਿ ਜਾਣਾ ਸੀ। ਉਹਨਾਂ ਕੋਲੋਂ ਨਾਲ ਦਿਆਂ ਨੇ ਨਾਂ - ਪਤਾ ਪੁੱਛਿਆ। ਉਹ ਸਿਪਾਹੀਆਂ ਨਾਲ ਉਹਨਾਂ ਦਾ ਅਸਬਾਬ ਕੱਠਾ ਕਰਾਣ ਲੱਗ ਪਏ।

"ਸਬਾਬ ਦਾ ਯੁੱਧ ਮੁਕਾ ਲਈਏ, ਫੇਰ ਮੈ ਤੁਹਾਨੂੰ ਆਪਣਾ ਸਾਰਾ ਪਤਾ ਲਿਖ ਦਿਆਂਗਾ।"

ਸਟੇਸ਼ਨ ਆਇਆ, ਕੁਲੀਆਂ ਤੇ ਸਵਾਰੀਆਂ ਦਾ ਰੌਲਾ ਪੈ ਗਿਆ ਤੇ ਮੇਜਰ ਸਾਹਿਬ ਸਭ ਨੂੰ ਹੱਥ ਜੋੜਦੇ ਤੇ ਇਹ ਕਹਿੰਦੇ ਕਾਹਲੀ-ਕਾਹਲੀ ਗੱਡੀਓਂ ਹੇਠਾਂ ਉੱਤਰ ਗਏ:

" ਮੈਂ ਆਪਣਾ ਨਿੱਕ-ਸੁੱਕ ਭੀ ਪੇ ਮਰਿਆਂ ਦੇ ਡੱਬੇ 'ਚੋਂ ਕੱਠਾ ਕਰਨਾ ਏ, ਐਤਕੀਂ ਮਾਫ਼ੀ ਦੇ ਦਿਓ ਜੇ ਫੇਰ ਏਹੋ ਜਿਹਾ ਮੌਕਾ ਮਿਲ ਗਿਆ ਤਾਂ ਪੂਰਾ ਪਤਾ ਨੋਟ ਕਰਾ ਦਿਆਂਗਾ।"

ਔਹ ਗਏ-ਔਹ ਗਏ- ਸਾਰੇ ਡੱਬੇ 'ਚੋਂ ਰੂਹ ਨਿਕਲ ਗਈ, ਡੱਬਾ ਭਾਂ-ਭਾਂ ਕਰਨ ਲੱਗ ਪਿਆ।

## ਅਭਿਆਸ-ਪ੍ਰਸ਼ਨ

1. ਗੱਡੀ ਵਿੱਚ ਚੜ੍ਹੇ ਭਾਰੇ ਸੱਜਣ ਨੂੰ ਬੈਠਣ ਲਈ ਸੀਟ ਕਿਵੇਂ ਮਿਲੀ ?
2. ਮੇਜਰ ਸਾਹਿਬ ਰੇਲ ਗੱਡੀ ਦੇ ਡੱਬੇ ਦਾ ਕੇਂਦਰ ਬਿੰਦੂ ਕਿਵੇਂ ਬਣੇ ?
3. ਸ਼ਿਕੰਜਵੀਂ ਵਾਲਾ ਪੈਸਿਆਂ ਦੀ ਚਿੰਤਾ ਕਿਉਂ ਕਰ ਰਿਹਾ ਸੀ ?
4. ਮੇਜਰ ਸਾਹਿਬ 'ਪੇ-ਮਰਿਆਂ ਦਾ ਡੱਬਾ' ਕਿਉਂ ਕਹਿੰਦਾ ਹੈ ?
5. ਕਹਾਣੀ 'ਪਹੁਤਾ ਪਾਂਧੀ' ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

# ਸੰਤ ਸਿੰਘ ਸੇਖੋਂ

ਸੰਤ ਸਿੰਘ ਸੇਖੋਂ ਪੰਜਾਬੀ ਸਾਹਿਤ ਖੇਤਰ ਵਿੱਚ ਬਹੁ-ਵਿਧਾਈ ਲੇਖਕ ਹੈ। ਨਾਵਲਕਾਰ, ਨਾਟਕਕਾਰ, ਕਹਾਣੀਕਾਰ, ਆਲੋਚਕ ਵਜੋਂ ਸੰਤ ਸਿੰਘ ਸੇਖੋਂ ਦਾ ਖਾਸ ਨਾਂ ਹੈ। ਸੰਤ ਸਿੰਘ ਸੇਖੋਂ ਨਾਲ ਪੰਜਾਬੀ ਕਹਾਣੀ ਦੂਜੇ ਦੌਰ ਵਿੱਚ ਪ੍ਰਵੇਸ਼ ਕਰਦੀ ਹੈ। ਉਹ ਆਪਣੀਆਂ ਰਚਨਾਵਾਂ ਰਾਹੀ ਸਮਾਜਵਾਦੀ ਵਿਚਾਰਧਾਰਾ ਨੂੰ ਵਧੇਰੇ ਤਵੱਜੋ ਦਿੰਦਾ ਹੈ। ਇਸ ਲਈ ਬੌਧਿਕਤਾ, ਵਿਅੰਗ, ਯਥਾਰਥਕਤਾ ਆਦਿ ਉਸ ਦੀਆਂ ਕਹਾਣੀਆਂ ਦੇ ਵਿਸ਼ੇਸ਼ ਗੁਣ ਹਨ।

ਸੰਤ ਸਿੰਘ ਸੇਖੋਂ ਦਾ ਜਨਮ 1908 ਵਿੱਚ ਸਰਦਾਰ ਹੁਕਮ ਸਿੰਘ ਦੇ ਘਰ ਚੱਕ ਨੰ. 20, ਝੰਗ ਬਰਾਂਚ(ਪਾਕਿਸਤਾਨ) ਵਿਖੇ ਹੋਇਆ। ਮੁੱਢਲੀ ਵਿੱਦਿਆ ਸੰਤ ਸਿੰਘ ਸੇਖੋਂ ਨੇ ਆਪਣੇ ਪਿੰਡ ਤੋਂ ਹੀ ਹਾਸਿਲ ਕੀਤੀ। ਖਾਲਸਾ ਹਾਈ ਸਕੂਲ ਚੱਕ ਨੰ. 41, ਝੰਗ ਬਰਾਂਚ ਤੋਂ ਉਸ ਨੇ ਮੈਟ੍ਰਿਕ ਪਾਸ ਕੀਤੀ। ਗੌਰਮਿੰਟ ਕਾਲਜ, ਲਾਇਲਪੁਰ ਤੋਂ ਐਫ.ਐਸ. ਸੀ. ਕੀਤੀ। ਲਾਹੌਰ ਤੋਂ ਬੀ.ਏ., ਐਮ. ਏ. ਦੀ ਪੜ੍ਹਾਈ ਕੀਤੀ। ਉਸ ਨੇ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਬਤੌਰ ਅੰਗ੍ਰੇਜ਼ੀ ਪ੍ਰਾਧਿਆਪਕ ਵਜੋਂ ਭੂਮਿਕਾ ਨਿਭਾਈ। ਗੁਰੂਸਰ ਸੁਧਾਰ ਅਤੇ ਫ਼ਤਿਹਗੜ੍ਹ ਸਾਹਿਬ ਵਿਖੇ ਵੀ ਅਧਿਆਪਨ ਕਾਰਜ ਕੀਤਾ। ਖਾਲਸਾ ਕਾਲਜ ਪਟਿਆਲਾ ਅਤੇ ਗੁਰੂ ਗੋਬਿੰਦ ਸਿੰਘ ਕਾਲਜ ਜੰਡਿਆਲਾ ਵਿਖੇ ਪ੍ਰਿੰਸੀਪਲ ਦੀ ਭੂਮਿਕਾ ਨਿਭਾਈ। ਉਸ ਨੂੰ ਅਨੇਕਾਂ ਮਾਨ-ਸਨਮਾਨ ਮਿਲੇ। 'ਮਿੱਤਰ ਪਿਆਰਾ' ਨਾਟਕ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ। 1997 ਈ. ਵਿੱਚ ਇਸ ਲੇਖਕ ਦਾ ਦੇਹਾਂਤ ਹੋ ਗਿਆ।

'ਸਮਾਚਾਰ', 'ਕਾਮੇ ਤੇ ਯੋਧੇ', 'ਅੱਧੀ ਵਾਟ', 'ਤੀਜਾ ਪਹਿਰ' ਆਦਿ ਕਹਾਣੀ ਸੰਗ੍ਰਹਿ ਉਸ ਨੇ ਪੰਜਾਬੀ ਪਾਠਕਾਂ ਦੀ ਝੋਲੀ ਪਾਏ। ਉਸ ਦੀਆਂ ਕਹਾਣੀਆਂ ਦੀ ਆਮਦ ਨਾਲ ਪੰਜਾਬੀ ਕਹਾਣੀ 'ਚ ਤਕਨੀਕ ਪੱਖੋਂ ਨਵੀਂ ਤਬਦੀਲੀ ਨਜ਼ਰ ਆਉਂਦੀ ਹੈ। ਵਿਸ਼ੇ ਪੱਖ ਤੋਂ ਨਵੀਆਂ ਪਿਰਤਾਂ ਨਾਲ ਲਬਰੇਜ਼ ਉਸ ਦੀਆਂ ਕਹਾਣੀਆਂ ਨਵੇਂ ਮਿਆਰ ਸਿਰਜਦੀਆਂ ਹਨ।

'ਪੇਮੀ ਦੇ ਨਿਆਣੇ' ਇੱਕ ਮਨੋਵਿਗਿਆਨਕ ਛੂਹਾਂ ਵਾਲੀ ਕਹਾਣੀ ਹੈ। ਇਹ ਕਹਾਣੀ ਜਿੱਥੇ ਇੱਕ ਪਾਸੇ ਬਾਲ ਮਨੋਵਿਗਿਆਨ ਦੀਆਂ ਸੂਖ਼ਮ ਪਰਤਾਂ ਨੂੰ ਸਾਡੇ ਸਨਮੁਖ ਕਰਦੀ ਹੈ, ਉੱਥੇ ਦੂਜੇ ਪਾਸੇ ਬਾਰ ਦੀ ਭੂਗੋਲਿਕ ਸਥਿਤੀ ਬਾਰੇ ਵੀ ਸਾਨੂੰ ਜਾਣਕਾਰੀ ਪ੍ਰਦਾਨ ਕਰਦੀ ਹੈ। ਬੱਚਿਆਂ ਦਾ ਕਹਾਣੀ ਵਿੱਚ ਬਾਤ ਸੁਣਾਉਣਾ ਇਸ ਕਹਾਣੀ ਨੂੰ ਨਿਵੇਕਲਾ ਰੂਪ ਪ੍ਰਦਾਨ ਕਰਦਾ ਹੈ।

# ਪ੍ਰੇਮੀ ਦੇ ਨਿਆਣੇ

ਵੀਹ ਕੁ ਸਾਲ ਪਹਿਲਾਂ ਦੀ ਗੱਲ ਹੈ, ਮੈਂ ਸੱਤ ਵਰ੍ਹੇ ਦਾ ਸੀ ਤੇ ਮੇਰੀ ਵੱਡੀ ਭੈਣ ਗਿਆਰਾਂ ਵਰ੍ਹੇ ਦੀ। ਸਾਡਾ ਖੇਤ ਘਰੋਂ ਮੀਲ ਕੁ ਦੀ ਵਿੱਥ ਤੇ ਸੀ। ਅੱਧ ਵਿਚਕਾਰ ਇਕ ਜਰਨੈਲੀ ਸੜਕ ਲੰਘਦੀ ਸੀ, ਜਿਸ ਵਿਚੋਂ ਜਾਂਗਲੀਆਂ, ਪਠਾਣਾਂ, ਰਾਸ਼ਿਆਂ ਤੇ ਹੋਰ ਪ੍ਰਦੇਸੀਆਂ ਦਾ ਕਾਫ਼ੀ ਲਾਂਘਾ ਸੀ। ਅਸੀਂ ਸਭ ਇਵਾਣੇ, ਜਿਨ੍ਹਾਂ ਨੂੰ ਰਾਸ਼ਿਆਂ ਤੋਂ ਘਰ ਬੈਠਿਆਂ ਹੀ ਡਰ ਆਉਂਦਾ ਸੀ, ਇਸ ਸੜਕ ਵਿਚੋਂ ਦੀ ਕਿਸੇ ਸਿਆਣੇ ਦੇ ਸਾਥ ਤੋਂ ਬਗ਼ੈਰ ਲੰਘਣ ਤੋਂ ਭੈ ਖਾਂਦੇ ਸਾਂ। ਪਰ ਟੰਟਾ ਇਹ ਸੀ ਕਿ ਦਿਨੇ ਇਕ-ਦੋ ਵੇਲੇ ਅਸਾਨੂੰ ਖੇਤ ਬਾਪੂ ਤੇ ਕਾਮੇ ਦੀ ਰੋਟੀ ਫੜਾਉਣ ਜ਼ਰੂਰ ਜਾਣਾ ਪੈਂਦਾ ਸੀ ਤੇ ਅਸਾਡੀ ਅਵਸਥਾ ਹਰ ਰੋਜ਼ ਇਕ ਮੁਸ਼ਕਿਲ ਖਾਈ ਲੰਘਣ ਵਾਲੀ ਹੁੰਦੀ ਸੀ।

ਅਸੀਂ ਆਮ ਤੌਰ ਤੇ ਘਰੋਂ ਤਾਂ ਹੌਂਸਲਾ ਕਰਕੇ ਇਕੱਲੇ ਹੀ ਤੁਰ ਪੈਂਦੇ, ਪਰ ਜਦ ਸੜਕ ਦੋ ਤਿੰਨ ਘੁਮਾਂ ਦੀ ਵਿੱਥ ਤੇ ਰਹਿ ਜਾਂਦੀ ਤਾਂ ਨਹਿਰ ਸੂਆ ਟੱਪਣ ਲੱਗੇ ਪਠੋਰਿਆਂ ਵਾਂਗਰ ਖਲੋ ਕੇ ਆਸੇ ਪਾਸੇ ਤੱਕਣ ਲੱਗ ਜਾਂਦੇ ਤਾਂ ਜੋ ਕਿਸੇ ਪਿੰਡੋਂ ਆਉਂਦੇ ਜਾਂਦੇ ਸਿਆਣੇ ਦੀ ਸ਼ਰਨ ਲੈ ਕੇ ਇਸ ਭੈ-ਸਾਗਰ ਨੂੰ ਤਰਨ ਜੋਗੇ ਹੋ ਜਾਈਏ।

ਅਸਾਡੀ ਮਜ਼੍ਹਬੀ ਤਰਬੀਅਤ ਵੀ ਕੁਝ ਇਸ ਕਿਸਮ ਦੀ ਸੀ ਕਿ ਅਜਿਹੇ ਡਰ ਅਸਾਡੇ ਸੁਭਾਵਾਂ ਦਾ ਹਿੱਸਾ ਬਣ ਗਏ ਸਨ। ਅਸੀਂ ਘਰ ਸਿਆਣਿਆਂ ਕੋਲੋਂ ਨਰਕ-ਸਵਰਗ ਦੀਆਂ ਕਹਾਣੀਆਂ ਹਰ ਰੋਜ਼ ਸ਼ਾਮ ਨੂੰ ਸੁਣਦੇ। ਸਵਰਗ ਤਾਂ ਅਸਾਨੂੰ ਖੇਤ ਤੋਂ ਬਾਹਰ ਕਿਤੇ ਘੱਟ ਹੀ ਪ੍ਰਾਪਤ ਹੁੰਦਾ ਪਰ ਨਰਕ ਦੇ ਹਰ ਥਾਂ ਖੁੱਲ੍ਹੇ ਗੱਫ਼ੇ ਮਿਲਦੇ। ਸਭ ਤੋਂ ਪਹਿਲਾਂ ਨਰਕ ਮਦਰਸਾ ਸੀ ਤੇ ਜੇ ਉਸ ਤੋਂ ਕਿਸੇ ਦਿਨ ਛੁੱਟ ਜਾਂਦੇ ਤਾਂ ਖੇਤ ਰੋਟੀ ਦੇਣ ਜਾਣ ਦਾ ਨਰਕ ਪੇਸ਼ ਆ ਜਾਂਦਾ। ਗੱਲ ਕੀ ਅਸਾਡੇ ਇਵਾਣੇ ਰਾਹ ਦੇ ਹਰ ਇਕ ਮੋੜ ਤੇ ਜਾਣੋ ਨਰਕ ਘਾਤ ਲਾਈ ਖਲੋਤਾ ਹੁੰਦਾ। ਖ਼ਬਰੇ ਇਸ ਸੜਕ ਦਾ ਭੈ-ਸਾਗਰ ਲੰਘਣ ਕਰਕੇ ਅਸਾਨੂੰ ਖੇਤ ਜਾਣਾ ਨਰਕ ਲਗਦਾ ਸੀ ਯਾ ਖੇਤ ਰੋਟੀ ਲੈ ਜਾਣ ਲੱਗਿਆਂ ਇਸ ਸੜਕ ਨੂੰ ਲੰਘਣਾ ਪੈਂਦਾ ਕਰਕੇ ਇਹ ਅਸਾਨੂੰ ਭੈ-ਸਾਗਰ ਦਿਖਾਈ ਦਿੰਦਾ ਸੀ, ਮੈਂ ਇਸ ਦੀ ਬਾਬਤ ਯਕੀਨ ਨਾਲ ਕੁਝ ਨਹੀਂ ਕਹਿ ਸਕਦਾ। ਇਹ ਮੈਨੂੰ ਪਤਾ ਹੈ ਕਿ ਖੇਤ ਸਵਰਗ ਸੀ ਤੇ ਖੇਤ ਜਾਣ ਦੀ ਖੇਚਲ ਨਰਕ ਅਤੇ ਉਹ ਜਰਨੈਲੀ ਸੜਕ ਵਿਚਕਾਰਲਾ ਭੈ-ਸਾਗਰ।

ਸਿਆਲ ਦੇ ਦਿਨ ਸਨ। ਅਸੀਂ ਦੋਵੇਂ ਭੈਣ-ਭਰਾ ਦੁਪਹਿਰ ਦੀ ਰੋਟੀ ਲੈ ਕਿ ਖੇਤ ਨੂੰ ਚੱਲ ਪਏ। ਨਿੱਘੀ ਧੁੱਪ ਪੈ ਰਹੀ ਸੀ ਤੇ ਅਸੀਂ ਟੁਰੇ ਜਾਂਦੇ ਵੀ ਜਾਣੋ ਸਿਆਲ ਦੀ ਧੁੱਪ ਦੀ ਨੀਂਦ ਦਾ ਨਿੱਘ ਲੈ ਰਹੇ ਸਾਂ, ਪਰ ਦਿਲ ਵਿਚ ਸੜਕ ਲੰਘਣ ਦਾ ਡਰ ਚੂਹੇ ਵਾਂਗ ਕੁਤਰ ਰਿਹਾ ਸੀ।

ਅਸੀਂ ਡਰ ਨੂੰ ਦੁਬਾਉਣ ਦਾ ਇਕ ਆਮ ਤਰੀਕਾ ਵਰਤਣਾ ਚਾਹਿਆ। ਭੈਣ ਮੈਨੂੰ ਇਕ ਕਹਾਣੀ ਸੁਣਾਉਣ ਲੱਗ ਪਈ। "ਇਕ ਸੀ ਰਾਜਾ, ਉਹਦੀ ਰਾਣੀ ਮਰ ਗਈ। ਮਰਨ ਲੱਗੀ ਰਾਣੀ ਨੇ ਰਾਜੇ ਨੂੰ ਕਿਹਾ ਕਿ ਤੂੰ ਮੈਨੂੰ ਇਕ ਕਰਾਰ ਦੇਹ। ਰਾਜੇ ਨੇ ਪੁੱਛਿਆ "ਕੀ"?

ਮੈਂ ਕਹਾਣੀ ਵਲੋਂ ਧਿਆਨ ਮੋੜ ਕੇ ਪਿਛਾਂਹ ਪਿੰਡ ਵੱਲ ਨੂੰ ਦੇਖਿਆ ਕਿ ਕਿਤੇ ਕੋਈ ਆਦਮੀ ਅਸਾਡੇ ਰਾਹ ਜਾਣ ਵਾਲਾ ਆ ਰਿਹਾ ਹੋਵੇ।

"ਤੂੰ ਸੁਣਦਾ ਨਹੀਂ, ਬੀਰ," ਭੈਣ ਨੇ ਮੋਢੇ ਨੂੰ ਹਲੂਣ ਕੇ ਆਖਿਆ।

"ਨਹੀਂ, ਮੈਂ ਸੁਣਦਾਂ," ਮੈਂ ਭਰਾਵਾਂ ਵਾਲੀ ਗੁਸਤਾਖ਼ੀ ਨਾਲ ਜਵਾਬ ਦਿੱਤਾ।

"ਅੱਛਾ, ਜਦ ਉਹ ਰਾਣੀ ਮਰਨ ਲੱਗੀ ਤਾਂ ਉਸਨੇ ਰਾਜੇ ਨੂੰ ਸੱਦ ਕੇ ਕਿਹਾ ਤੂੰ ਮੇਰੇ ਨਾਲ ਕਰਾਰ ਕਰ। ਰਾਜੇ ਨੇ ਪੁੱਛਿਆ, ਕੀ ? ਰਾਣੀ ਨੇ ਕਿਹਾ, ਤੂੰ ਹੋਰ ਵਿਆਹ ਨਾ ਕਰਾਈਂ। ਸੱਚ ਮੈਂ ਦੱਸਣਾ ਭੁੱਲਗੀ, ਰਾਣੀ ਦੇ ਦੋ ਪੁੱਤ ਤੇ ਇਕ ਧੀ ਸੀਗੇ।"

ਅਸਾਨੂੰ ਰਾਜਾ ਤੇ ਰਾਣੀ ਆਪਣੇ ਮਾਂ ਪਿਉ ਵਰਗੇ ਹੀ ਭਾਸਦੇ ਸਨ। ਜੇ ਆਸਾਡੀ ਮਾਂ ਮਰ ਜਾਏ ਤਾਂ ਅਸਾਡੇ ਪਿਉ ਨੂੰ ਵੀ ਇਹ ਬਚਨ ਦੇਣ ਲਈ ਆਖੇ-ਇਹ ਖ਼ਿਆਲ ਅਸਾਡੀ ਅਚੇਤਨਾ ਵਿਚ ਕੰਮ ਕਰ ਰਿਹਾ ਹੋਵੇਗਾ। ਮੈਨੂੰ ਉਹ ਭੈਣ ਆਪਣੀ ਭੈਣ ਲੱਗੀ ਤੇ ਦੋ ਪੁੱਤ ਮੇਰਾ ਆਪਣਾ ਆਪ।

ਮੇਰੀ ਭੈਣ ਪਿੰਡ ਵੱਲ ਦੇਖ ਰਹੀ ਸੀ। 'ਸੁਣਾ ਵੀ ਗਾਹਾਂ, ਮੈਂ ਉਸ ਨੂੰ ਪਹਿਲੀ ਤਰ੍ਹਾਂ ਖਰਵੇ ਬੋਲ ਨਾਲ ਆਖਿਆ।"

"ਰਾਣੀ ਨੇ ਕਿਹਾ, ਬਈ ਮੇਰੇ ਪੁੱਤਾਂ ਤੇ ਧੀ ਨੂੰ ਮਤੇਈ ਦੁੱਖ ਦੇਊਗੀ, ਭੈਣ ਨੇ ਹੋਰ ਵੀ ਮਿੱਠੀ ਤੇ ਹੋਰ ਵੀ ਤ੍ਰੀਮਤ ਬਣ ਕੇ ਦੱਸਿਆ। "ਏਸ ਕਰਕੇ ਓਸ ਨੇ ਰਾਜੇ ਤੋਂ ਇਹ ਕਰਾਰ ਮੰਗਿਆ।"

ਰਾਜੇ ਨੇ ਕਿਹਾ, "ਚੰਗਾ ਮੈਂ ਕਰਾਰ ਦਿੰਨਾਂ।"

ਜਿਵੇਂ ਕਿਤੇ ਇਹ ਰਾਜਾ ਇਹ ਇਕਰਾਰ ਨਾ ਦੇਂਦਾ ਤਾਂ ਰਾਣੀ ਮਰਨੋਂ ਨਾਂਹ ਕਰ ਦੇਂਦੀ।

"ਹੂੰ!"

ਭਾਵੇਂ ਅਸਾਨੂੰ ਦੋਹਾਂ ਨੂੰ ਪਤਾ ਸੀ ਕਿ ਦਿਨੇ ਕਹਾਣੀਆਂ ਪਾਉਣ ਕਰਕੇ ਰਾਹੀ ਰਾਹ ਭੁੱਲ ਜਾਂਦੇ ਹਨ, ਅਸਾਂ ਇਕ ਦੂਜੇ ਨੂੰ ਇਹ ਚੇਤਾਵਨੀ ਨਾ ਕਰਵਾਈ, ਤੇ ਇਸ ਸੂਝ ਨੂੰ ਆਪਣੇ ਦਿਲਾਂ ਤੇ ਅਸਰ ਨਾ ਕਰਨ ਦਿੱਤਾ।

"ਪਰ ਰਾਜੇ ਨੇ ਝੱਟ ਹੀ ਦੂਜਾ ਵਿਆਹ ਕਰਵਾ ਲਿਆ।"

"ਹੂੰ!"

ਪਿਛਲੇ ਮੋੜ ਤੋਂ ਅਸਾਨੂੰ ਇਕ ਆਦਮੀ ਆਉਂਦਾ ਦਿਸਿਆ। ਅਸਾਂ ਸੁੱਖ ਦਾ ਸਾਹ ਭਰਿਆ ਤੇ ਉਸ ਨੂੰ ਨਾਲ ਰਲਾਉਣ ਲਈ ਖਲੋ ਗਏ। ਅਸਾਡੀ ਬਾਤ ਵੀ ਖਲੋ ਗਈ। ਪਰ ਉਹ ਆਦਮੀ ਕਿਸੇ ਹੋਰ ਪਾਸੇ ਨੂੰ ਜਾ ਰਿਹਾ ਸੀ ਤੇ ਅਸਾਡੀ ਵੱਲ ਨਾ ਮੁੜਿਆ।

ਜਿਸ ਮੰਤਵ ਨੂੰ ਪੂਰਾ ਕਰਨ ਲਈ ਅਸਾਂ ਇਹ ਬਾਤ ਦਾ ਪਖੰਡ ਰਚਿਆ ਸੀ, ਉਹ ਪੂਰਾ ਨਾ ਹੋ ਸਕਿਆ। ਅਸਾਡਾ ਖ਼ਿਆਲ ਸੀ ਬਾਤ ਦੇ ਰੁਝੇਵੇਂ ਵਿਚ ਅਸਾਂ ਅਚੇਤ ਹੀ ਸੜਕ ਪਾਰ ਹੋ ਜਾਵਾਂਗੇ। ਪਰ ਹੁਣ ਸੜਕ ਘੁਮਾਂ ਕੁ ਦੂਰ ਰਹਿ ਗਈ ਤਾਂ ਅਸਾਡੀ ਕਹਾਣੀ ਵੀ ਠਠੰਬਰ ਕੇ ਖਲੋ ਗਈ ਤੇ ਕਿਸੇ ਸਿਆਣੇ ਸਾਥੀ ਦੇ ਮਿਲਣ ਦੀ ਆਸ ਵੀ ਟੁੱਟ ਗਈ। ਅਸੀਂ ਦੋਵੇਂ ਸਹਿਮ ਕੇ ਖਲੋ ਗਏ।

ਦਸ-ਵੀਹ ਕਦਮ ਹੋਰ ਪੁੱਟੇ ਤਾਂ ਅਸਾਡਾ ਡਰ ਹੋਰ ਵੱਧ ਗਿਆ। ਸੜਕ ਵਿਚ ਇਕ ਪਾਸੇ ਇਕ

ਕਾਲੇ ਸੂਫ਼ ਦੀ ਵਾਸਕਟ ਤੇ ਪਠਾਣਾਂ ਵਰਗੀ ਖੁੱਲ੍ਹੀ ਸਲਵਾਰ ਵਾਲਾ ਬੰਦਾ ਲੰਮਾ ਪਿਆ ਸੀ।

“ਔਹ ਦੇਖ ਬੀਬੀ! ਰਾਸ਼ਾ ਪਿਆ।”

ਉਸ ਆਦਮੀ ਨੇ ਪਾਸ ਪਰਤਿਆ।

“ਇਹ ਤਾ ਹਿਲਦੈ,” ਮੇਰੀ ਭੈਣ ਨੇ ਸਹਿਮ ਕੇ ਆਖਿਆ, “ਹੁਣ ਕੀ ਕਰੀਏ?”

“ਇਹ ਆਪਾਂ ਨੂੰ ਫੜ ਲਊ?” ਮੈਂ ਪੁੱਛਿਆ।

“ਹੋਰ ਕੀ?” ਉਸ ਨੇ ਜਵਾਬ ਦਿੱਤਾ।

ਅਸੀਂ ਰਾਤ ਨੂੰ ਘਰੋਂ ਬਾਹਰ ਤਾਂ ਘੱਟ ਹੀ ਕਦੀ ਨਿਕਲੇ ਸਾਂ, ਪਰ ਇਹ ਸੁਣਿਆ ਹੋਇਆ ਸੀ ਕਿ ਜੇ ਡਰ ਲੱਗੇ ਤਾਂ ਵਾਹਿਗੁਰੂ ਦਾ ਨਾਉਂ ਲੈਣਾ ਚਾਹੀਦਾ ਹੈ। ਫੇਰ ਡਰ ਹਟ ਜਾਂਦਾ ਹੈ। ਅਸਾਡੀ ਮਾਂ ਅਸਾਂ ਨੂੰ ਮਾਮੇ ਦੀ ਗੱਲ ਸੁਣਾਉਂਦੀ ਹੁੰਦੀ ਸੀ। ਇਕ ਵਾਰ ਅਸਾਡਾ ਮਾਮਾ ਤੇ ਇਕ ਬ੍ਰਾਹਮਣ ਕਿਤੇ ਰਾਤ ਨੂੰ ਕਿਸੇ ਪਿੰਡ ਦੇ ਸਿਵਿਆਂ ਵਿਚੋਂ ਲੰਘ ਰਹੇ ਸਨ ਕਿ ਉਨ੍ਹਾਂ ਦੇ ਪੈਰਾਂ ਵਿਚ ਵੱਡੇ ਦਗਦੇ ਅੰਗਿਆਰ ਡਿੱਗਣ ਲੱਗ ਪਏ। ਬ੍ਰਾਹਮਣ ਨੇ ਅਸਾਡੇ ਮਾਮੇ ਨੂੰ ਪੁੱਛਿਆ, ਕੀ ਕਰੀਏ?” ਉਸ ਨੇ ਕਿਹਾ, “ਪੰਡਤ ਜੀ, ਰੱਬ-ਰੱਬ ਕਰੋ।” ਅਸਾਡਾ ਮਾਮਾ ਵਾਹਿਗੁਰੂ-ਵਾਹਿਗੁਰੂ ਕਰਨ ਲੱਗ ਪਿਆ, ਪੰਡਤ ਰਾਮ-ਰਾਮ। ਅੰਗਿਆਰ ਡਿੱਗਦੇ ਰਹੇ ਪਰ ਉਨ੍ਹਾਂ ਤੋਂ ਦੂਰ। ਅਸਾਨੂੰ ਇਸ ਗੱਲ ਕਰਕੇ ਆਪਣੇ ਮਾਮੇ ਤੇ ਬੜਾ ਮਾਣ ਸੀ।

“ਆਪਾਂ ਵਾਹਿਗੁਰੂ-ਵਾਹਿਗੁਰੂ ਕਰੀਏ,” ਮੈਂ ਦੱਸਿਆ।

“ਵਾਹਿਗੁਰੂ ਤੋਂ ਭੂਤ ਪ੍ਰੇਤ ਈ ਡਰਦੇ ਨੇ, ਆਦਮੀ ਨੀ ਡਰਦੇ,” ਮੇਰੀ ਭੈਣ ਨੇ ਕਿਹਾ।

ਮੈਂ ਮੰਨ ਗਿਆ। ਸੜਕ ਵਿਚ ਪਿਆ ਰਾਸ਼ਾ ਤਾਂ ਆਦਮੀ ਸੀ, ਉਹ ਰੱਬ ਤੋਂ ਕਿੱਥੇ ਡਰਨ ਲੱਗਾ ਸੀ?

“ਤਾਂ ਫੇਰ ਹੁਣ ਕੀ ਕਰੀਏ?”

ਅਸੀਂ ਪੰਜ-ਸੱਤ ਮਿੰਟ ਸਹਿਮੇ ਖਲੋਤੇ ਰਹੇ। ਹਾਲੇ ਵੀ ਅਸਾਡੇ ਦਿਲਾਂ ਵਿਚ ਆਸ ਸੀ ਕਿ ਕੋਈ ਆਦਮੀ ਇਸ ਰਾਸ਼ੇ ਆਦਮੀ ਨੂੰ ਡਰਾਉਣ ਵਾਲਾ ਅਸਾਡੇ ਨਾਲ ਆ ਮਿਲੇਗਾ। ਪਰ ਇਹ ਆਸ ਪੂਰੀ ਹੁੰਦੀ ਨਾ ਦਿਸੀ।

ਅਸੀਂ ਇਕ ਦੂਜੇ ਦੇ ਮੂੰਹ ਵੱਲ ਤੱਕਦੇ ਰਹੇ ਪਰ ਮੈਨੂੰ ਯਾਦ ਹੈ ਕਿ ਅਸੀਂ ਉਸ ਵੇਲੇ ਇਕ ਦੂਸਰੇ ਦੇ ਚਿਹਰਿਆਂ ਵਿਚ ਕੁਝ ਲੱਭ ਨਹੀਂ ਸਾਂ ਸਕਦੇ। ਅਸਾਡਾ ਭਰੱਪਣ, ਅਸਾਡੀ ਏਕਤਾ ਕਿਸੇ ਦੀਰਘ ਡੂੰਘਾਈ ਵਿਚ ਰਹਿੰਦੀ ਸੀ। ਕੁਝ ਮਿੰਟਾਂ ਬਾਅਦ ਮੇਰਾ ਰੋਣ ਨਿਕਲ ਪਿਆ।

ਮੇਰੀ ਭੈਣ ਨੇ ਪੱਲੇ ਨਾਲ ਮੇਰੇ ਅੱਥਰੂ ਪੂੰਝਦਿਆਂ ਆਖਿਆ, “ਨਾ ਬੀਰ, ਰੋਨਾ ਕਿਉਂ ਐਂ, ਆਪਾਂ ਐਥੇ ਖੜੋਨੇ ਆਂ, ਹੁਣੇ ਪਿੰਡੋਂ ਕੋਈ ਆ ਜਾਊ।”

ਮੈਂ ਚੁੱਪ ਕਰ ਗਿਆ।

ਅਸਾਂ ਕੁਝ ਕਦਮ ਸੜਕ ਵੱਲ ਪੁੱਟੇ ਫੇਰ ਖਲੋ ਗਏ ਤੇ ਫੇਰ ਉਹ ਹੀ ਪੰਜ ਕਦਮ ਮੁੜ ਆਏ।

ਅੰਤ ਮੇਰੀ ਭੈਣ ਨੇ ਕੁਝ ਵਿਚਾਰ ਬਾਅਦ ਕਿਹਾ, “ਆਪਾਂ ਕਹਾਂਗੇ ਅਸੀਂ ਤਾਂ ਪੇਮੀ ਦੇ ਨਿਆਣੇ

ਆਂ, ਸਾਨੂੰ ਨਾ ਫੜ।"

ਉਸ ਦੇ ਮੂੰਹ ਵਿਚੋਂ ਪੇਮੀ ਸ਼ਬਦ ਬਹੁਤ ਮਿੱਠਾ ਨਿਕਲਦਾ ਹੁੰਦਾ ਸੀ ਤੇ ਹੁਣ ਤਾਂ ਜਦ ਉਹ ਮੇਰੇ ਵੱਲ ਝੁਕ ਕੇ ਮੈਨੂੰ ਤੇ ਆਪਣੇ ਆਪ ਨੂੰ ਦਿਲਾਸਾ ਦੇ ਰਹੀ ਸੀ, ਉਹ ਖ਼ੁਦ ਪੇਮੀ ਬਣੀ ਹੋਈ ਸੀ।

ਮੇਰੇ ਦਿਲ ਨੂੰ ਢਾਰਸ ਬੱਝ ਗਈ। ਰਾਸ਼ੇ ਨੂੰ ਜਦ ਪਤਾ ਲੱਗੂ ਕਿ ਅਸੀਂ ਪੇਮੀ ਦੇ ਨਿਆਣੇ ਹਾਂ ਤਾਂ ਉਹ ਅਸਾਂ ਨੂੰ ਕੁਝ ਨਹੀਂ ਆਖੇਗਾ, ਨਹੀਂ ਫੜੇਗਾ।

ਜਿਵੇਂ ਕੰਬਦਾ ਹਿਰਦਾ ਤੇ ਥਿੜਕਦੇ ਪੈਰ ਰੱਬ-ਰੱਬ ਕਰਦੇ ਸ਼ਮਸ਼ਾਨ ਭੂਮੀ ਵਿਚੋਂ ਗੁਜ਼ਰ ਜਾਂਦੇ ਹਨ, ਜਿਵੇਂ ਹਿੰਦੂ ਗਊ ਦੀ ਪੂਛ ਫੜ ਕੇ ਭਵ ਸਾਗਰ ਤਰ ਜਾਂਦਾ ਹੈ, ਅਸੀਂ ਪੇਮੀ ਦਾ ਨਾਉਂ ਲੈ ਕੇ ਸੜਕ ਪਾਰ ਹੋ ਗਏ। ਰਾਸ਼ਾ ਉੱਤੇ ਤਰ੍ਹਾਂ ਉਥੇ ਹੀ ਪਿਆ ਰਿਹਾ।

## ਅਭਿਆਸ-ਪ੍ਰਸ਼ਨ

1. ਲੇਖਕ ਤੇ ਉਸਦੀ ਭੈਣ ਨੂੰ ਜਰਨੈਲੀ ਸੜਕ ਭੈ-ਸਾਗਰ ਕਿਉਂ ਲੱਗਦੀ ਸੀ ?
2. ਜੇਕਰ ਲੇਖਕ ਲਈ ਖੇਤ ਸਵਰਗ ਸੀ ਤਾਂ ਉਸ ਲਈ ਨਰਕ ਕਿਹੜੀ-ਕਿਹੜੀ ਜਗ੍ਹਾ ਤੇ ਮੌਜੂਦ ਰਹਿੰਦਾ ਸੀ ?
3. ਜਰਨੈਲੀ ਸੜਕ ਲੰਘਣ ਦੇ ਡਰ ਨੂੰ ਦਬਾਉਣ ਲਈ ਉਹਨਾਂ ਨੇ ਕਿਹੜਾ ਤਰੀਕਾ ਵਰਤਣਾ ਚਾਹਿਆ ?
4. ਲੇਖਕ ਦੀ ਮਾਂ ਡਰ ਹਟਾਉਣ ਲਈ ਉਹਨਾਂ ਨੂੰ ਮਾਮੇ ਦੀ ਕਿਹੜੀ ਗੱਲ ਸੁਣਾਉਂਦੀ ਹੁੰਦੀ ਸੀ ?
5. ਅੰਤ ਨੂੰ ਲੇਖਕ ਤੇ ਉਸਦੀ ਭੈਣ ਨੇ ਸੜਕ ਕਿਵੇਂ ਪਾਰ ਕੀਤੀ ?
6. 'ਪੇਮੀ ਦੇ ਨਿਆਣੇ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ?

# ਸੰਤੋਖ ਸਿੰਘ ਧੀਰ

ਸੰਤੋਖ ਸਿੰਘ ਧੀਰ ਪੰਜਾਬੀ ਕਹਾਣੀ ਵਿਚ ਸਥਾਪਤ ਨਾਂ ਹੈ। ਉਸ ਦੀਆਂ ਕਹਾਣੀਆਂ ਹਾਸ਼ੀਆਗਤ ਸ਼੍ਰੇਣੀ ਦੀਆਂ ਤ੍ਰਾਸਦਕ ਸਥਿਤੀਆਂ ਨੂੰ ਵਿਸ਼ੇਸ਼ ਅਰਥਾਂ 'ਚ ਪ੍ਰਗਟਾਉਂਦੀਆਂ ਹਨ। ਗਰੀਬ, ਮਜ਼ਦੂਰ, ਦਲਿਤ ਸ਼੍ਰੇਣੀ ਦੀ ਹੋਣੀ ਨੂੰ ਜਿਸ ਤਰ੍ਹਾਂ ਧੀਰ ਨੇ ਪੇਸ਼ ਕੀਤਾ ਹੈ, ਸ਼ਾਇਦ ਹੀ ਹੋਰ ਕੋਈ ਕਹਾਣੀਕਾਰ ਉਸ ਦੇ ਤੁਲ ਬੈਠਦਾ ਹੋਵੇ। 'ਕੋਈ ਇਕ ਸਵਾਰ' ਵਰਗੀ ਕਹਾਣੀ ਇਸ ਦਾ ਪੁਖਤਾ ਪ੍ਰਮਾਣ ਹੈ। ਉਸਦੀ ਇਹ ਕਹਾਣੀ ਪਾਠਕ ਦੇ ਮਨ ਦੀ ਅੰਦਰਲੀ ਤਹਿ, ਤੱਕ ਅਸਰ ਕਰਦੀ ਹੈ।

ਸੰਤੋਖ ਸਿੰਘ ਧੀਰ ਦਾ ਜਨਮ 2 ਦਸੰਬਰ 1920 ਈ. ਵਿਚ ਬੱਸੀ ਪਠਾਣਾ, ਜਿਲ੍ਹਾ ਪਟਿਆਲਾ ਵਿਖੇ ਈਸ਼ਰ ਸਿੰਘ ਦਰਦ ਦੇ ਘਰ ਹੋਇਆ। ਉਸ ਨੇ ਦਸਵੀਂ ਤੇ ਗਿਆਨੀ ਤੱਕ ਦੀ ਵਿੱਦਿਆ ਹਾਸਲ ਕਰਨ ਉਪਰੰਤ ਪਿਤਾ ਪੁਰਖੀ ਕਿੱਤੇ ਦੇ ਨਾਲ-ਨਾਲ ਸੁਤੰਤਰ ਲੇਖਣੀ ਨੂੰ ਆਪਣੀ ਜੀਵਨ-ਸ਼ੈਲੀ ਦਾ ਹਿੱਸਾ ਬਣਾਇਆ। ਧੀਰ ਨੇ ਕਾਵਿ, ਨਾਵਲ, ਅਨੁਵਾਦਕ, ਸੰਪਾਦਕ ਆਦਿ ਪੱਖੋਂ ਆਪਣੀ ਕਲਮ ਅਜ਼ਮਾਈ। ਕਹਾਣੀ ਰਚਨਾ ਖੇਤਰ ਵਿਚ ਉਸ ਨੇ ਚੰਗਾ ਨਾਮਣਾ ਖੱਟਿਆ ਹੈ। ਇਸ ਦਾ ਸਬੂਤ 'ਪੱਖੀ' ਕਹਾਣੀ ਸੰਗ੍ਰਿਹ ਦਾ ਭਾਰਤੀ ਸਾਹਿਤ ਅਕਾਦਮੀ ਵੱਲੋਂ ਪੁਰਸਕ੍ਰਿਤ ਹੋਣਾ ਹੈ। ਉਸ ਦੀ ਮੌਤ 8 ਫ਼ਰਵਰੀ 2010 ਨੂੰ ਹੋਈ।

'ਸਿੱਟਿਆਂ ਦੀ ਛਾਂ', 'ਸਵੇਰ ਹੋਣ ਤੱਕ', 'ਸਾਂਝੀ ਕੰਧ', 'ਸ਼ਰਾਬ ਦਾ ਗਲਾਸ', 'ਪੱਖੀ' ਆਦਿ ਉਸ ਦੁਆਰਾ ਰਚਿਤ ਕਹਾਣੀ ਸੰਗ੍ਰਹਿ ਹਨ। ਉਸਦੀ ਰਚਨਾ ਦ੍ਰਿਸ਼ਟੀ ਪ੍ਰਗਤੀਵਾਦੀ ਹੋਣ ਕਰਕੇ ਉਸਨੇ ਆਰਥਕ ਸਮਾਜਕ ਵਿਤਕਰੇਬਾਜ਼ੀ ਨੂੰ ਆਪਣੀਆਂ ਕਹਾਣੀਆਂ ਵਿਚ ਪੂਰੀ ਸ਼ਿੱਦਤ ਨਾਲ ਪੇਸ਼ ਕੀਤਾ।

# ਸਾਂਝੀ ਕੰਧ

ਅੱਠ ਮਹੀਨੇ ਦੀ ਖੱਜਲ ਖੁਆਰੀ ਮਗਰੋਂ ਜਦ ਕਪੂਰ ਸਿੰਘ ਵਿਚਾਰਾ ਮਸੀਂ ਘਰ ਬਣਾਉਣ ਦੀ ਪੁੱਜਤ ਵਿੱਚ ਹੋਇਆ ਤਾਂ ਰੇੜਕਾ ਸਾਂਝੀ ਕੰਧ ਉੱਤੇ ਪੈ ਗਿਆ। ਇਹ ਕੰਧ ਉਹਦੇ ਚਾਚੇ ਦੇ ਪੁੱਤ ਦਰਬਾਰੇ ਨਾਲ ਸਾਂਝੀ ਸੀ।

ਪਿਛਲੇ ਵਰ੍ਹੇ ਦੀਆਂ ਬਾਰਸ਼ਾਂ ਵਿੱਚ ਕਪੂਰ ਸਿੰਘ ਦਾ ਘਰ ਢਹਿ ਗਿਆ ਸੀ। ਉਂਜ ਤਾਂ ਕਿੰਨੇ ਹੀ ਘਰ ਢਹਿ ਗਏ ਸਨ, ਪਰ ਕਪੂਰ ਸਿੰਘ ਦੇ ਘਰ ਦਾ ਢਹਿਣਾ ਪਿੰਡ ਵਿੱਚ ਸਭ ਤੋ ਵੱਡੀ ਦੁਰਘਟਨਾ ਸੀ। ਇੱਕ ਵੀ ਖਣ ਸਾਬਤ ਨਹੀਂ ਸੀ ਰਿਹਾ।

ਪੈਸੇ ਵੱਲੋਂ ਕਪੂਰ ਸਿੰਘ ਅੱਗੇ ਹੀ ਕਮਜ਼ੋਰ ਸੀ। ਖ਼ਬਰੇ ਕਿਵੇਂ ਅੰਦਰੇ-ਅੰਦਰ ਆਪਣੀ ਕਬੀਲਦਾਰੀ ਤੋਰਦਾ ਸੀ। ਪਹਿਲਾਂ ਉਹ ਮਕਾਨ ਵਾਸਤੇ ਕਰਜ਼ੇ ਲਈ ਜ਼ਿਲ੍ਹੇ ਦੇ ਦਫਤਰਾਂ ਵਿੱਚ ਧੱਕੇ ਖਾਂਦਾ ਰਿਹਾ। ਉੱਥੇ ਵਜ਼ੀਰਾਂ ਦੀਆਂ ਸਿਫ਼ਾਰਸ਼ਾਂ ਚੱਲਦੀਆਂ ਹਨ। ਹਾਰ ਕੇ ਉਹਨੂੰ ਦਸ ਵਿੱਘੇ ਭੋਂ ਬੈਅ ਕਰਨੀ ਪਈ। ਕਿੰਨਾ ਕੁ ਚਿਰ ਬਗਾਨੇ ਘਰਾਂ ਵਿੱਚ ਟੱਬਰ ਰੋਲਦਾ ਰਹੇ। ਇੱਟਾਂ ਸੁਟਾ ਲਈਆਂ, ਸੀਮੈਂਟ ਦਾ ਵੀ ਬੰਦੋਬਸਤ ਬਣ ਗਿਆ, ਪਰ ਜਦ ਤਕ ਦਰਬਾਰੇ ਨਾਲ ਗੱਲ ਨਾ ਖੋਲ੍ਹੀ ਜਾਵੇ, ਕੰਮ ਕਿਵੇ ਸ਼ੁਰੂ ਹੋ ਸਕਦਾ ਹੈ ?

ਸਾਹਮਣੇ ਗਲੀ ਸੀ, ਕਿਸੇ ਦਾ ਰੌਲਾ ਨਹੀਂ। ਸੱਜੇ ਪਾਸੇ ਦੀ ਕੰਧ ਚਾਚੀ ਰਾਮ ਕੌਰ ਨਾਲ ਸਾਂਝੀ ਸੀ। ਕਪੂਰ ਸਿੰਘ ਦੇ ਨਾਲ ਹੀ ਕੁਝ ਹਿੱਸਾ ਉਸ ਦੇ ਘਰ ਦਾ ਵੀ ਡਿੱਗ ਪਿਆ ਸੀ, ਜਿਸ ਤੋਂ ਉਹ ਆਪ ਤੰਗ ਸੀ ਤੇ ਉਹਨੂੰ ਆਪ ਕੰਧ ਦੀ ਲੋੜ ਸੀ। ਪਿਛਲੇ ਪਾਸੇ ਚੰਨਣ ਸਿੰਘ ਚੀਨੀਏਂ ਦੀ ਅਬਾਦੀ ਸੀ। ਕਦੇ ਨਾ ਕਦੇ ਉਹਨੇ ਵੀ ਦੋ ਖਣ ਆਬਾਦੀ ਵਿੱਚ ਛੱਤਣੇ ਸਨ, ਇਸ ਲਈ ਉਹਨੇ ਸ਼ਤੀਰ ਧਰਨ ਵੇਲੇ ਅੱਧ ਦੇਣਾ ਮੰਨ ਲਿਆ। ਝਗੜਾ ਸੀ ਤਾਂ ਸਾਰਾ ਦਰਬਾਰੇ ਵਾਲੀ ਖੱਬੀ ਬਾਹੀ ਦਾ ਹੀ ਸੀ। ਤੇ ਇਹ ਝਗੜਾ ਥੋੜ੍ਹੇ ਕੀਤਿਆਂ ਮੁਕਦਾ ਨਹੀਂ ਸੀ ਦਿਸਦਾ।

ਇਕ-ਦੋ ਵਾਰ ਕੰਧ ਕਰਨ ਲਈ ਕਪੂਰ ਸਿੰਘ ਨੇ ਦਰਬਾਰੇ ਨੂੰ ਆਖਿਆ। ਪਰ ਉਹਨੇ ਕੋਈ ਹਾਂ ਹੂੰ ਨਾ ਕੀਤੀ, ਸਗੋਂ ਰੁੱਖਾ ਜਵਾਬ ਦੇਂਦਿਆ ਕਿਹਾ, "ਜਦ ਕੰਧਾਂ ਦੇ ਸਮੇਂ ਆਉਂਣਗੇ, ਕੰਧਾਂ ਦੇਖੀਆਂ ਜਾਣਗੀਆਂ।" ਪਰ ਕਪੂਰ ਸਿੰਘ ਲਈ ਹੁਣ ਹੋਰ ਸਮਾਂ ਕਦੋਂ ਹੋਣਾ ਸੀ, ਜਿਹੜਾ ਘਰੋਂ ਬੇਘਰ ਹੋਇਆ ਬੈਠਾ ਸੀ।

ਦਰਬਾਰੇ ਵਾਲੀ ਇਹ ਕੰਧ ਵਡਾਰੂਆਂ ਵੇਲੇ ਦੀ ਕੱਚੀ ਤੇ ਥਾਂ-ਥਾਂ ਤੋਂ ਗਈ ਹੋਈ ਸੀ। ਕਈ ਥਾਂ ਚਾਰ-ਚਾਰ ਉਂਗਲਾਂ ਦੀਆਂ ਭਗਾਂ ਖੁੱਲ੍ਹੀਆਂ ਹੋਈਆਂ ਸਨ। ਉਂਜ ਵੀ ਥੋਥੜ, ਜਿਵੇਂ ਰੇਹੀ ਦੀ ਖਾਧੀ ਹੁੰਦੀ ਹੈ। ਸਾਰ-ਪਾਰ ਕਈ ਮੋਰੀਆਂ। ਪਿੱਛੋਂ ਕੋਠੜੀ ਦੇ ਸ਼ਤੀਰ ਦਬੇ ਹੋਏ ਤੇ ਛੱਤ ਝੁਕੀ ਹੋਈ ਸੀ। ਲੋੜ, ਅਸਲ ਵਿੱਚ, ਦਰਬਾਰੇ ਨੂੰ ਵੀ ਕੰਧ ਦੀ ਓਨੀ ਹੀ ਸੀ, ਜਿੰਨੀ ਕਪੂਰ ਸਿੰਘ ਨੂੰ। ਨਵੀਂ ਕੰਧ ਮਾੜੀ ਵੀ ਕਿਸ ਨੂੰ ਰਹਿੰਦੀ ਹੈ ? ਪਰ ਬਹਾਨੇ ਲਈ, ਇਕ ਲੇਖੇ, ਉਹਨੂੰ ਇਸ ਕੰਧ ਬਿਨਾਂ ਸਰਦਾ ਵੀ ਸੀ।

ਉਹਦੇ ਕੋਲ ਦੋ ਘਰ ਸਨ। ਇਸ ਪੁਰਾਣੇ ਕੋਠੇ ਵਿੱਚ ਉਹਦਾ ਕੱਖ ਕੰਡਾ ਤੇ ਡੰਗਰ ਵੱਛਾ ਹੁੰਦਾ ਸੀ। ਆਪ ਉਹ ਇਸ ਤੋਂ ਅਗਲੇ ਘਰ ਵਿੱਚ ਰਹਿੰਦੇ ਸਨ, ਜਿਸ ਦੀ ਹਾਲਤ ਬੜੀ ਚੰਗੀ ਸੀ ਤੇ ਜੋ ਉਨ੍ਹਾਂ ਦੇ ਗੁਜ਼ਾਰੇ ਲਈ ਕਾਫ਼ੀ ਸੀ। ਪਰ ਕਪੂਰ ਸਿੰਘ ਨੂੰ ਤਾਂ ਕੰਧ ਬਣਾਏ ਬਿਨ੍ਹਾਂ ਕਿਸੇ ਤਰ੍ਹਾਂ ਵੀ ਨਹੀਂ ਸੀ ਸਰਦਾ।

ਨਵੇਂ ਘਰ ਉੱਤੇ ਜਿਸ ਨੇ ਨਵੇਂ ਸਿਰਿਉਂ ਪੈਸਾ ਲਾਉਣਾ ਹੋਵੇ, ਉਹ ਹੁਣ ਕੱਚ ਵੀ ਕਿਉਂ ਰੱਖੇ ? ਤਿੰਨੇ ਪਾਸਿਆਂ

ਦੀਆਂ ਕੰਧਾਂ ਪੱਕੀਆਂ ਨਿਕਲਦੀਆਂ ਸਨ। ਇਸ ਚੌਥੀ ਨੂੰ ਕੱਚੀ ਰੱਖ ਕੇ ਉਹ ਮਕਾਨ ਦੀ ਜੱਖਣਾ ਕਿਵੇਂ ਪੁੱਟ ਲਵੇ ? ਪੱਕੀਆਂ ਕੰਧਾਂ ਉੱਤੇ ਕਦੇ ਚੁਬਾਰੇ ਵੀ ਬਣ ਸਕਦੇ ਹਨ। ਕੱਚੀਆਂ ਤੇ ਬੋਦੀਆਂ ਕੰਧਾਂ ਦੇ ਅੱਗੇ ਥੋੜੇ ਹੱਥ ਲੱਗੇ ਸਨ ?

ਕਪੂਰ ਸਿੰਘ ਬੜਾ ਤੰਗ ਪਿਆ-ਸ਼ਰੀਕ ਕਹਿੰਦੇ ਹੁੰਦੇ ਨੇ, ਮਿੱਟੀ ਦਾ ਵੀ ਬੁਰਾ- ਉਹਨੂੰ ਰਹਿ-ਰਹਿ ਕੇ ਦਰਬਾਰੇ ਉੱਤੇ ਗੁੱਸਾ ਆਉਂਦਾ। ਪਰ ਗੁੱਸੇ ਨਾਲ, ਉਹ ਜਾਣਦਾ ਸੀ, ਉਹਦਾ ਕੰਮ ਸੌਰਨਾ ਨਹੀਂ। ਚਾਚੀ ਰਾਮ ਕੌਰ, ਚੰਨਣ ਸਿੰਘ ਚੀਨੀਆ ਤੇ ਹੋਰ ਕਈਆਂ ਨੂੰ ਉਹਨੇ ਆਖਿਆ ਕਿ ਉਹ ਹੀ ਦਰਬਾਰੇ ਨੂੰ ਜਾ ਕੇ ਸਮਝਾਉਣ। ਪਰ ਦਰਬਾਰਾ ਸੀ ਕਿ ਰੱਸੀ ਦਾ ਸੱਪ ਬਣਿਆ ਬੈਠਾ ਸੀ। ਗਲੀ ਗੁਆਂਢ, ਮਿੱਤਰ ਪਿਆਰਾ, ਜਦ ਕਿਸੇ ਨੂੰ ਵੀ ਆਈ ਗਈ ਨਾ ਦਿੱਤੀ ਤਾਂ ਉਹਨੇ ਸੋਚਿਆ, ਇੱਕ ਵਾਰ ਉਹ ਫੇਰ ਜਾ ਕੇ ਆਪ ਦਰਬਾਰੇ ਨੂੰ ਸਮਝਾਵੇ। ਖ਼ਬਰੇ ਕੋਈ ਗੱਲ ਉਹਦੀ ਅਕਲ ਵਿਚ ਆ ਹੀ ਜਾਵੇ।

ਅਗਲੀ ਸਵੇਰ ਉਹਨੇ ਦਰਬਾਰੇ ਦੇ ਬੂਹੇ ਅੱਗੇ ਥੋੜ੍ਹਾ ਅਹੁਲ ਕੇ ਵਾਜ ਮਾਰੀ। ਅੰਦਰੋਂ ਕੁੜੀ ਨੇ ਦੱਸਿਆ ਕਿ ਉਹ ਹੁਣੇ ਪਟਵਾਰੀ ਵਲ ਨੂੰ ਗਿਆ ਹੈ। ਕਪੂਰ ਸਿੰਘ ਮਗਰੇ ਤੁਰ ਪਿਆ। ਉੱਥੇ ਹੀ, ਦੋ ਆਦਮੀਆਂ ਸਾਹਮਣੇ, ਗੱਲ ਕਰਨੀ ਯੋਗ ਸਮਝੀ। ਜਾਂਦੇ ਨੂੰ ਅੱਗੇ ਰਾਮ ਰਤਨ ਪਟਵਾਰੀ, ਧੰਮਾ ਸਿੰਘ ਸਰਪੰਚ, ਟੁੰਡਾ ਲੰਬੜਦਾਰ ਤੇ ਇੱਕ ਦੋ ਆਦਮੀ ਹੋਰ ਮੰਜਿਆਂ ਉੱਤੇ ਬੈਠੇ ਸਨ। ਦਰਬਾਰਾ, ਪਟਵਾਰੀ ਦੀ ਪੈਂਦ ਬੈਠਾ ਜਿਵੇਂ ਕੁਝ ਲਿਖਵਾ ਰਿਹਾ ਸੀ। ਕਪੂਰ ਸਿੰਘ ਨੇ ਸਾਰਿਆਂ ਨੂੰ ਹੀ ਸਾਂਝੇ ਮੰਨ ਕੇ ਦਰਬਾਰੇ ਨੂੰ ਧੀਰਜ ਨਾਲ ਆਖਿਆ,"ਭਾਈ ਦਰਬਾਰਾ ਸਿਆਂਹ, ਕੰਧ ਦਾ ਫੇਰ ਹੁਣ ਕਿੱਕੁਣ ਕਰਨੈਂ ?"

"ਕਿਹੜੀ ਕੰਧ.....?" ਦਰਬਾਰੇ ਨੇ ਪੈਰਾਂ ਉੱਤੇ ਪਾਣੀ ਹੀ ਨਾ ਪੈਣ ਦਿੱਤਾ।

"ਤੂੰ ਭੁਲਿਆ ਹੋਇਐਂ....!" ਕਪੂਰ ਸਿੰਘ ਬੋਲਿਆ,"ਆਪਣੀ, ਸਾਂਝੀ...."

"ਮੈਨੂੰ ਨ੍ਹੀ ਲੋੜ ਕੰਧ ਕਰਨ ਦੀ!" ਓਪਰਿਆਂ ਵਾਂਗ ਦਰਬਾਰੇ ਨੇ ਉਹਦੇ ਵੱਲੋਂ ਮੂੰਹ ਫੇਰ ਕੇ ਹਵਾ ਵਿੱਚ ਖ਼ਾਲੀ ਝਾਕਦਿਆਂ ਕਿਹਾ।

"ਜੇ ਤੈਨੂੰ ਲੋੜ ਨਹੀ ਤਾਂ ਮੈਨੂੰ ਤਾਂ ਹੈ," ਕਪੂਰ ਸਿੰਘ ਨਿਮਾਣਾ ਹੋ ਕੇ ਬੋਲਿਆ। ਪਰ ਇਹ ਗੱਲ ਦਰਬਾਰੇ ਦੇ ਨੇੜਿਓਂ ਵੀ ਨਾ ਗਈ। ਉਹਨੇ ਹੋਰ ਵੀ ਰੁੱਖੀ ਤਰ੍ਹਾਂ ਕਿਹਾ,"ਤੈਨੂੰ..... ਲੋੜ ਐ ਤੂੰ ਕਰ ਲੈ!"

"ਮੈਂ ਕਿਵੇਂ ਕਰ ਸਕਦਾਂ ਭਲਾਂ, ਐਡੀ ਬੜੀ ਕੰਧ, ਕੱਲਾ-ਚਾਲੀ ਫ਼ੁੱਟ ਲੰਬੀ, ਚੌਦਾਂ ਫੁੱਟ ਉੱਚੀ, ਡੂਢ ਇੱਟ ਚੌੜੀ...?"

"ਫੇਰ ਮੇਰੇ ਸਿਰ ਅਸਾਨ ਐ ?"

"ਹਸਾਨ ਤਾਂ ਨਹੀਂ, ਮੇਰਾ ਕੰਮ ਤਾਂ ਅਟਕਿਆ ਖੜੈ ?"

"ਮੈਨੂੰ ਜ਼ਿੰਮੇਵਾਰੀ ਐ ਤੇਰੇ ਕੰਮ ਦੀ ? ਅਟਕਿਐ-ਅਟਕਿਆ ਰਹੇ।" ਦਰਬਾਰਾ ਸਿਰ ਨੂੰ ਆਇਆ।

ਕੋਲੋਂ ਪਟਵਾਰੀ ਨੇ ਹੌਲੀ ਜਿਹੀ ਆਖਿਆ,"ਕਾਹਨੂੰ ਬਾਘੋਚੌੜ ਹੁੰਨੇ ਓਂ-ਮੁਕਾ ਲਓ ਰਲ ਕੇ।"

ਪਰ, ਸਰਪੰਚ ਨੇ ਮਲਵੀਂ ਜੀਭ ਨਾਲ ਚੱਬ ਕੇ ਟੋਕਿਆ, "ਆਪਾਂ ਨੇ ਕਾਹਨੂੰ ਆਉਣੈ ਵਿੱਚ ਪਟਵਾਰੀ ਜੀ! ਭਾਈ-ਭਾਈ ਨੇ, ਆਪੇ ਸਮਝਣਗੇ।"

ਕਪੂਰ ਸਿੰਘ ਸਰਪੰਚ ਦਾ ਰੁਖ਼ ਤਾੜ ਗਿਆ। ਅੱਗੇ ਵੀ ਉਹ ਕਈ ਵ੍ਹਰਿਆ ਤੋਂ ਉਹਦੇ ਨਾਲ ਲਗਦਾ ਆਉਂਦਾ ਸੀ। ਦਰਬਾਰੇ ਘੱਪਲ ਨੂੰ ਇੰਨ੍ਹਾਂ ਗੱਲਾਂ ਦੀ ਕੀ ਸ਼ਰਮ। ਹੁਣ ਜੇ ਕਪੂਰ ਸਿੰਘ ਦਾ ਭਾਈ ਹੀ ਸਰਪੰਚ ਨੂੰ ਉਹਦੇ ਖ਼ਿਲਾਫ਼ ਵਰਤਣ ਲਈ ਮਿਲੇ ਤਾਂ ਹੋਰ ਉਹਨੂੰ ਕੀ ਚਾਹੀਦਾ ਸੀ। ਉਹਨੇ ਹੋਰ ਨਰਮ ਹੋ ਕੇ ਦਰਬਾਰੇ ਨੂੰ ਸਮਝਾਉਣਾ ਚਾਹਿਆ,"ਦਰਬਾਰਾ ਸਿਆਂਹ, ਮੈਂ ਤੈਨੂੰ ਮਿੰਨਤ ਨਾਲ ਕਹਿਨਾਂ, ਆਪਾਂ ਕਬੀਲਦਾਰ ਆਂ, ਲੜਦੇ ਚੰਗੇ ਨਹੀ ਲਗਦੇ, ਆ ਰਲ ਕੇ ਕੰਧ ਬਣਾਈਏ, ਤੂੰ ਹਾਂ ਕਰ, ਜਿੱਕੁਣ ਕਹੇਂਗਾ ਮੈਂ ਓਕਣੇ ਮੰਨ ਲੂੰਗਾ, ਕੰਧ ਐ ਮਾੜੀ, ਦੋਹਾਂ ਨੂੰ ਈਂ ਸੁੱਖ ਐ, ਮਾੜੀ ਮੋਟੀ ਕੰਧੋੜੀ ਹੁੰਦੀ, ਮੈਂ ਤੈਨੂੰ ਕਹਿੰਦਾ ਵੀ ਨਾ, ਸਾਰਾ ਭਾਰ ਚੱਕਣਾ ਮੈਨੂੰ ਵੀ ਔਖੈ, ਤੂੰ ਮੈਨੂੰ ਬਹੁਤਾ ਚਕਾ ਦੇਹ, ਆਪ ਥੋੜ੍ਹਾ ਚੱਕ ਲਈਂ.....!"

ਕਪੂਰ ਸਿੰਘ ਦੀ ਨਰਮਾਈ ਨੇ ਦਰਬਾਰੇ ਦੀ ਅੜਬਾਈ ਕੁਝ ਢਿੱਲੀ ਕਰ ਦਿੱਤੀ। ਘੁੱਟੀਆਂ ਉਹਦੇ ਮੱਥੇ ਵਿੱਚੋਂ ਮਿਟਣ ਲੱਗੀਆਂ। ਪਲ ਦੀ ਪਲ ਹਾਂ ਕਰ ਦੇਣ ਲਈ ਉਹਦਾ ਜੀ ਵੀ ਕੀਤਾ, ਪਰ ਉਦੋਂ ਹੀ ਹੌਲੀ ਜਿਹੀ ਸਰਪੰਚ ਖੰਘੂਰਿਆ। ਏਨੀ ਹੌਲੀ ਤੇ ਏਨਾ ਬੇਮਲੂਮ, ਜਿਸ ਵਿਚਲੀ ਰਮਜ਼ ਨੂੰ ਦਰਬਾਰਾ ਹੀ ਬੁੱਝ ਸਕੇ।

ਦਰਬਾਰੇ ਨੂੰ ਫੇਰ ਵੱਟ ਚੜ੍ਹ ਗਿਆ ਤੇ ਉਹਦੇ ਪੱਧਰ ਹੁੰਦੇ ਮੱਥੇ ਵਿੱਚ ਘੁੱਟੀਆਂ ਫੇਰ ਸੰਘਣੀਆਂ ਹੋ ਗਈਆਂ, "ਓ ਮੈਂ ਸਦਾਈ ਆਂ ਜਿਹੜਾ ਮੱਲੋਮੱਲੀ ਕਿਸੇ ਦਾ ਭਾਰ ਚੱਕਦਾ ਫਿਰਾਂ?"

"ਪਰ ਤੈਨੂੰ ਅਨਕਾਰ ਕਿਹੜੀ ਗੱਲੋਂ ਐ?" ਕਪੂਰ ਸਿੰਘ ਨੇ ਫੇਰ ਵੀ ਭਾਈਬੰਦੀ ਵਰਤੀ। ਕੀ ਕਰੇ, ਉਹਨੂੰ ਲੋੜ ਜੋ ਸੀ।

"ਮੇਰੇ 'ਚ ਨਹੀਂ ਜਾਨ ਪੈਸਾ ਖ਼ਰਚਣ ਦੀ। ਮੈਂ ਫਾਹੇ ਚੜ੍ਹਾਂ?" ਦਰਬਾਰਾ ਉਸੇ ਤਰ੍ਹਾਂ ਹਵਾ ਨੂੰ ਘੂਰਦਾ ਸੀ।

"ਖ਼ਰਚ ਹਾਲੇ ਮੈ ਕਰ ਦਿੰਨਾਂ, ਤੂੰ ਫੇਰ ਦੇ ਦਈਂ-ਜਦ ਹੋਣਗੇ ਉਦੋਂ ਦੇ ਦਈਂ।"

"ਮੈਂ ਐਵੇਂ ਤੇਰੀ ਜੁੱਤੀ ਹੇਠ ਆਵਾਂ!" ਦਰਬਾਰਾ ਕਿਸੇ ਵੀ ਰਾਹ ਨਹੀਂ ਸੀ ਤੁਰਨ ਦੇਂਦਾ। ਭਾਈ ਜੇ ਮਿੱਤਰ ਹੋਵੇ ਤਾਂ ਉਹਦੇ ਵਰਗਾ ਕੋਈ ਮਿੱਤਰ ਨਹੀਂ। ਜੇ ਭਾਈ ਦੁਸ਼ਮਣ ਬਣ ਜਾਵੇ ਤਾਂ ਉਹਦੇ ਵਰਗਾ ਕੋਈ ਦੁਸ਼ਮਣ ਨਹੀਂ।

ਟੁੰਡੇ ਲੰਬੜਦਾਰ ਨੇ ਗੱਲ ਮੁਕਾਉਣੀ ਚਾਹੀ, "ਲੈਣਾ ਦੇਣਾ ਬਣਿਆ ਹੋਇਆ ਈ ਐ, ਕੋਈ ਡਰ ਨਹੀਂ ਅੱਗੜ-ਪਿੱਛੜ ਦਾ ਵੀ।" ਕਪੂਰ ਸਿੰਘ ਦੀ ਹਾਲਤ ਉੱਤੇ ਉਹਨੂੰ ਤਰਸ ਆ ਰਿਹਾ ਸੀ।

"ਤੈਨੂੰ ਨਹੀਂ ਪਤਾ ਚਾਚਾ...।" ਦਰਬਾਰੇ ਨੇ ਝੱਟ ਤਾੜ ਦਿੱਤਾ। ਉਹ ਚੁੱਪ ਕਰ ਗਿਆ। ਕਿਹੜਾ ਕਲੱਕੜ ਤੋਂ ਆਪਣੀ ਹੇਠੀ ਕਰਾਵੇ।

ਕਪੂਰ ਸਿੰਘ ਦੁਖੀ ਹੋ ਗਿਆ! ਕੀ ਕਰੇ, ਕੀ ਨਾ ਕਰੇ! ਇਹ ਬੇਈਮਾਨ ਕਿਸੇ ਪਾਸੇ ਦੀ ਨਹੀਂ ਮੰਨਦਾ। ਪੱਲਿਓਂ ਚਾਰ ਸੌ ਰੁਪਈਆ ਲਾ ਕੇ ਉਹਨੂੰ ਮੁਫ਼ਤ ਵਿੱਚ ਕੰਧ ਬਣਾ ਕੇ ਦੇ ਦਿਓ ਤਾਂ ਲੋੜ ਐ,

ਜੇ ਅੱਧ ਮੰਗੋ ਤਾਂ ਲੋੜ ਨ੍ਹੀਂ। ਉਹ ਜਾਣਦੈ, ਕੰਧ ਤਾਂ ਇਹਨੂੰ ਆਪਣੀ ਲੋੜ ਨੂੰ ਬਣਾਉਣੀ ਪੈਣੀ ਐ, ਉਹ ਕਿਉ ਖ਼ਾਹਮਖ਼ਾਹ ਹਾਮੀ ਭਰੇ, ਸ਼ਤੀਰ ਉਹਦੇ ਕੋਈ ਲਾਹ ਹੀ ਨਹੀਂ ਸਕਦਾ।

"ਦਰਬਾਰਾ ਸਿਆਂਹ!" ਕਪੂਰ ਸਿੰਘ ਬਿਰ-ਬਿਰ ਕਰਨ ਲੱਗਾ,"ਮੇਰੇ ਹਾਲ ਕੰਨੀ ਦੇਖ, ਕਿੰਨਾ ਚਿਰ ਹੋ ਗਿਆ ਮੈਨੂੰ ਰੁਲਦੇ ਨੂੰ, ਹੁਣ ਤੂੰ ਐਵੇਂ ਅੜਿੱਕਾ ਨਾ ਡਾਹ, ਜਿੱਕਣ ਕਹੇਂਗਾ, ਓਕਣੇ ਕਰ ਲਾਂਗੇ.....।"

ਨਿੱਕਾ ਜਿਹਾ ਖੰਘੂਰਾ ਫੇਰ ਸੁਣਿਆ।

ਦਰਬਾਰੇ ਵਿੱਚ ਜਿਵੇ ਓਪਰੀ ਹਵਾ ਆ ਗਈ ਹੋਵੇ, ਬਿਨਾਂ ਅੱਖਾਂ ਮਿਲਾਏ ਉਹਨੇ ਕੋਰਾ ਹੋ ਕੇ ਆਖਿਆ, "ਮੇਰਾ ਹਾਲ ਕਿਹੜਾ ਚੰਗੈ, ਮੈਂ ਤੇਰੇ ਹਾਲ ਕੰਨੀਂ ਦੇਖਾਂ........।"

ਪਟਵਾਰੀ, ਸਰਪੰਚ, ਲੰਬੜਦਾਰ ਤੇ ਹੋਰ ਸਾਰੇ ਚੁੱਪ ਕਰ ਕੇ ਸੁਣਦੇ ਰਹੇ। ਕਪੂਰ ਸਿੰਘ ਨੇ ਹੋਰ ਮੁਚ ਕੇ ਹੋਰ ਸਮਾਈ ਨਾਲ ਆਖਿਆ, "ਡੂਢ ਇੱਟ ਦੀ ਨਾ ਸਹੀ, ਇੱਕ ਇੱਟ ਦੀ ਕਰ ਲੈ।"

"ਇੱਕ ਇੱਟੀ ਨ੍ਹੀਂ ਕਰਨੀ।"

"ਕੱਚੀ ਕਰ ਲੈ!"

"ਕੱਚੀ ਨਾ ਪੱਕੀ।"

"ਚਲ ਤੂੰ ਇੱਟਾਂ ਦਾ ਹੀ ਅੱਧ ਦੇ ਦੇਹ, ਮਜੂਰੀ ਨਾ ਸਹੀ।" ਉਹਨੇ ਹੋਰ ਕਾਂਪ ਖਾਧੀ। ਪਰ ਦਰਬਾਰਾ ਤਾਂ ਇੱਕੋ ਆਟੇ ਦਾ ਸ਼ੀਂਹ ਸੀ, ਹੋਰ ਵਿਗੜ ਕੇ ਬੋਲਿਆ, "ਜਦ ਮੈਂ ਕੇਰਾਂ ਕਹਿ ਦਿੱਤਾ, ਮੈਨੂੰ ਨ੍ਹੀਂ ਲੋੜ ਮੈਂ ਨ੍ਹੀਂ ਕਰਨੀ, ਮੈਨੂੰ ਨਾ ਕਹੀਂ!"

ਜੇ ਕੰਧ ਕਪੂਰ ਸਿੰਘ ਵੀ ਕਰੇ, ਤਾਂ ਵੀ, ਢਾਹੁਣ ਵੇਲੇ ਤਾਂ ਆਧੀ ਦਾ ਕੋਲ ਹੋਣਾ ਜ਼ਰੂਰੀ ਸੀ। ਆਪਣੇ ਘਰ ਨੂੰ ਸਾਂਭਣਾ, ਸ਼ਤੀਰਾਂ ਹੇਠ ਥੰਮ੍ਹੀਆਂ ਦੇਣੀਆਂ...। ਉਹਨੇ ਫੇਰ ਵੀ ਠਰ੍ਹੰਮੇ ਨਾਲ ਦਰਬਾਰੇ ਨੂੰ ਆਖਿਆ, "ਪਰ ਤੇਰੀ ਰਜ਼ਾਮੰਦੀ ਬਿਨਾਂ ਮੈਂ ਕੰਧ ਨੂੰ ਛੇੜਾਂ ਵੀ ਕਿਵੇਂ? ਤੂੰ ਕੋਲ ਤਾਂ ਖੜ੍ਹ ਕੰਧ ਬਣੂੰਗੀ ਤਾਂ ਢਹਿ ਕੇ ਹੀ।"

"ਮੈਂ ਤਾਂ ਸਰਦਾਰ ਜੀ ਅੱਗ ਨ੍ਹੀਂ ਲਾਉਣ ਜਾਂਦਾ ਕੰਧ ਨੂੰ। ਤੂੰ ਕਹਿਨੈ ਕੋਲ ਖੜ੍ਹ। ਮੈਨੂੰ ਚੱਟੀ ਪਈ ਐ?"

" ਨਾ ਬਈ ..... !" ਵਿੱਚੋਂ ਹੀ ਕਿਸੇ ਨੇ ਦਰਬਾਰੇ ਦੀ ਗੱਲ ਤੋਂ ਆਖਿਆ, " ਆਹ ਤਾਂ ਬੇ ਜੈ ਐ !"

ਹੁਣ ਤਾਂ ਕਪੂਰ ਸਿੰਘ ਨੂੰ ਵੀ ਅੱਗ ਲੱਗ ਗਈ। ਇਹਨੂੰ ਕਹਿੰਦੇ ਨੇ ਸ਼ਰੀਕ ਉਹਨੇ ਦਿਲ ਵਿੱਚ ਆਖਿਆ। ਬੰਦਾ ਕਿੱਥੋ ਕੁ ਤਕ ਸਬਰ ਕਰਦਾ ਰਹੇ? ਤਾਂ ਵੀ ਉਹ ਤੱਤ ਨੂੰ ਮਾਰ ਕੇ, ਪਰ ਥੋੜਾ ਤੇਜ਼ ਹੋ ਕੇ ਬੋਲਿਆ, "ਜੇ ਮੈਂ ਬਣਾ ਲਾਂ, ਤਾਂ ਤੂੰ ਸ਼ਤੀਰ ਤਾਂ ਨ੍ਹੀਂ ਧਰੇਂਗਾ ਮੇਰੀ ਕੰਧ ਉੱਤੇ?"

"ਸ਼ਤੀਰ ਧਰਨੋਂ ਮੈਨੂੰ ਕਿਹੜਾ ਹਟਾ ਸਕਦੈ? ਮੈਂ ਮਾਲਕ ਆਂ ਕੰਧ ਦਾ!" ਦਰਬਾਰੇ ਨੇ ਹਿੱਕ ਥਾਪੜੀ।

"ਤੇਰੀ ਕੱਲੇ ਦੀ ਐ ਕੰਧ? ਮੇਰੀ ਨ੍ਹੀਂ? ਤੂੰ ਬਹੁਤਾ ਮਾਲਕ ਐਂ?" ਜੇ ਭਖੇ ਨਾ ਕਪੂਰ ਸਿੰਘ ਤਾਂ

ਕੀ ਕਰੇ ?

ਦਰਬਾਰੇ ਨੇ ਹੋਰ ਉਲਟੀ ਤੜ੍ਹੀ ਮਾਰੀ, "ਮੈਂ ਤਾਂ ਸਰਦਾਰ ਜੀ ਤੇਰੇ ਉੱਤੇ ਅਰਜ਼ੀ ਦੇਣੀ ਐਂ, ਤੂੰ ਭਾਲਦੈਂ ਅੱਧ, ਤੇਰਾ ਕੋਠਾ ਢਹਿਣ ਨਾਲ ਕੰਧ ਹੋਗੀ ਨੰਗੀ, ਜੇ ਮੀਂਹਾਂ ਵਿੱਚ, ਨੰਗੀ ਕੰਧ ਮੇਰਾ ਕੋਠਾ ਲੈਕੇ ਬਹਿ ਗਈ ਤਾਂ ਕੌਣ ਹੋਇਆ ਜ਼ਿੰਮੇਵਾਰ ?"

ਹੁਣ ਤਾਂ ਕਪੂਰ ਸਿੰਘ ਹੋਰ ਵੀ ਭੜਕ ਪਿਆ, "ਤੂੰ ਲਾ ਲਈ ਜਿਹੜਾ ਜ਼ੋਰ ਲਾਉਣੈ, ਮੈਂ ਜਾਣਦਾ ਜਿਹੜਾ ਵਕੀਲ ਤੇਰੇ ਅੰਦਰ ਬੋਲਦੈ, ਅਰਜ਼ੀ ਦਊ ਇਹ ਨਗੌਰਾ ਮੇਰੇ ਉੱਤੇ, ਹੁਣ ਗਿਣ ਕੇ ਲਈ ਤੂੰ

ਹਰਜਾਨਾ ਮੇਰੇ ਕੋਲੋਂ ਹਵੇਲੀ ਦਾ, ਚੱਲ ਮੈਂ ਢਾਹੁਣਾ ਕੰਧ, ਆ ਹਟਾ ਤੂੰ ਮੈਨੂੰ.....!"

ਦਰਬਾਰਾ ਭਾਵੇਂ ਕਪੂਰ ਸਿੰਘ ਤੋਂ ਕੁਝ ਛੋਟਾ ਸੀ, ਤੇ ਸਰੀਰ ਦਾ ਵੀ ਲਿੱਸਾ, ਤੇ ਅੱਗੇ ਕਦੇ ਉਹਦੇ ਸਾਹਮਣੇ ਇਉਂ ਬੋਲਿਆ ਵੀ ਨਹੀਂ ਸੀ, ਪਰ ਚੁੱਕ ਬੁਰੀ ਹੁੰਦੀ ਹੈ। ਦਰਬਾਰਾ ਉੱਠ ਕੇ ਖੜਾ ਹੋ ਗਿਆ ਤੇ ਬਾਹਵਾਂ ਚਾੜ੍ਹਦਾ ਗੜ੍ਹਕੇ ਨਾਲ ਬੋਲਿਆ," ਤੂੰ ਹੱਥ ਤਾਂ ਲਾ ਜਾ ਕੇ ਕੰਧ ਨੂੰ!"

ਦੋਵੇਂ ਉਲਝ ਪੈਂਦੇ ਕਿ ਟੁੰਡੇ ਲੰਬੜਦਾਰ ਨੇ ਝਟ ਉੱਠ ਕੇ ਦਰਬਾਰੇ ਨੂੰ ਡੱਕ ਦਿੱਤਾ ਤੇ ਕਪੂਰ ਸਿੰਘ ਨੂੰ ਚਲੇ ਜਾਣ ਦੀ ਸੈਨਤ ਕੀਤੀ।

ਕਪੂਰ ਸਿੰਘ ਉੱਥੋਂ ਤੁਰ ਪਿਆ, "ਮਖਾਂ ਚੱਲ ਤਾਂ ਸਹੀ, ਮੈਂ ਢਾਹੁਨਾ, ਤੂੰ ਹਟਾਈਂ, ਦੇਖੀਂ ਨਾਲੇ ਹੁਣ ਕੰਧ ਬਣਦੀ ਕਿਵੇਂ ਐ, ਨਾਲੇ ਨਾ ਦਈ ਖਾਂ ਭਲਾ ਤੂੰ ਅੱਧ.....!" ਪਟਵਾਰ ਖ਼ਾਨੇ ਦਾ ਬੂਹਾ ਲੰਘਦਿਆਂ ਉਹ ਕਹਿ ਰਿਹਾ ਸੀ।

ਸਾਰਾ ਪਿੰਡ ਦਰਬਾਰੇ ਨੂੰ ਕੋਸਣ ਲਗਾ, " ਬਹੁਤ ਮਾੜੀ ਗੱਲ ਐ ਦਰਬਾਰੇ ਖ਼ਾਤਰ। ਕਿਸੇ ਲੋਟ ਤਾਂ ਬੰਦੇ ਨੂੰ ਮੰਨਣਾ ਚਾਹੀਦੈ।"

ਕਪੂਰ ਸਿੰਘ ਦੁਚਿੱਤੀ ਵਿੱਚ ਪੈ ਗਿਆ: ਘਰ ਬਣਾਵੇ ਜਾਂ ਨਾ ਬਣਾਵੇ। ਏਦੋਂ ਚੰਗਾ ਤਾਂ ਪਿੰਡੋਂ ਬਾਹਰ ਜਾ ਵਸਣਾ ਸੀ। ਕੰਧ ਬਣਦੀ ਦਿਸਦੀ ਨਹੀਂ। ਅੱਧੀ ਵੱਢ ਕੇ ਬਣਾਉਣ ਜਾਂ ਠੋਹਕਰਾਂ ਕਰਨ ਵਿੱਚ ਗੱਲ ਨਹੀਂ। ਚਾਰ ਚੁਫੇਰਿਓਂ ਪੱਕਾ, ਸੁਹਣਾ, ਟੱਲੀ ਵਰਗਾ ਚਕੋਰ ਘਰ ਬਣ ਜਾਂਦਾ.....। ਅਖ਼ੀਰ ਉਹਨੇ ਫੈਸਲਾਂ ਕੀਤਾ, ਉਹ ਕੰਮ ਸ਼ੁਰੂ ਕਰੇ, ਜਦ ਕੰਧ ਉੱਤੇ ਕੰਮ ਗਿਆ ਤਾਂ ਆਪੇ ਕੋਈ ਨਾ ਕੋਈ ਰਾਹ ਨਿਕਲ ਆਵੇਗਾ। ਅੜਿਆ ਤਾਂ ਕਿਸੇ ਦਾ ਕੁਝ ਰਹਿੰਦਾ ਹੀ ਨਹੀਂ। ਪੱਕੀ ਬਣ ਗਈ ਤਾਂ ਚੰਗਾ।, ਨਹੀਂ ਠੋਹਕਰਾਂ ਕਰ ਕੇ ਉੱਤੇ ਪਾਸਵਲੀਆਂ ਪਾ ਦਿਆਂਗੇ। ਇੱਕ ਪਾਸਾ ਜਾਣੋ ਕੱਚਾ ਰਹਿ ਗਿਆ। ਹੋਰ ਹੁਣ ਕੀਤਾ ਵੀ ਕੀ ਜਾਵੇ। ਲੋਕ ਤਾਂ ਕਹਿੰਦੇ ਸਨ, ਜਾ ਕੇ ਡਿਪਟੀ ਦੇ ਅਰਜ਼ੀ ਮਾਰੇ, ਪਰ ਮਾਮਲਾ ਹੋਰ ਚੱਕਰ ਵਿੱਚ ਪੈ ਜਾਣਾ ਸੀ। ਜੇਠ-ਹਾੜ੍ਹ ਦੇ ਖੁੱਲ੍ਹੇ ਦਿਨ ਲੰਘਦੇ ਜਾਂਦੇ ਸਨ। ਜੇ ਇਸੇ ਤਰ੍ਹਾਂ ਕਰਦਿਆਂ ਸਿਆਲ ਆ ਗਿਆ ਤਾਂ ਕੰਮ-ਕਾਜ ਤੇ ਉਂਜ ਨਹੀਂ ਮੁੱਕਿਆ ਕਰਨਾ। ਤੇ ਨਾਲੇ ਹੁਣ ਦਾ ਖੁੰਝਿਆਂ ਖ਼ਬਰੇ ਕਦ ਉੱਤੇ ਜਾ ਪਵੇ....।

ਕੰਮ ਸ਼ੁਰੂ ਹੋ ਗਿਆ। ਚਾਚੀ ਰਾਮ ਕੌਰ ਵਾਲੀ ਕੰਧ ਢਾਹ ਕੇ ਮਜ਼ੂਰ ਨੀਹਾਂ ਕੱਢਣ ਲੱਗੇ। ਤਿੰਨਾਂ ਦਿਨਾਂ ਵਿੱਚ ਕੰਧ ਸਿਰੇ ਜਾ ਲੱਗੀ। ਦਲਾਨ, ਵਰਾਂਡਾ, ਰਸੋਈ ਤੇ ਹੋਰ ਸਾਰੀਆਂ ਨੀਹਾਂ ਭਰੀਆਂ ਗਈਆਂ। ਬੈਠਕ ਦੀਆਂ ਕੰਧਾਂ ਉਠਣ ਲੱਗੀਆਂ। ਬੂਹਿਆਂ ਤੇ ਬਾਰੀਆਂ ਦੀਆਂ ਚੁਗਾਠਾਂ ਖੜੀਆਂ ਹੋ ਗਈਆਂ। ਦਸਾਂ ਦਿਨਾਂ ਵਿੱਚ ਥਾਂਉ ਦਾ ਹੁਲੀਆ ਬਦਲ ਗਿਆ ਤੇ ਮੁਕਾਬਲੇ ਦੀ ਚਾਚੀ ਰਾਮ ਕੌਰ ਵਾਲੀ ਪੱਕੀ ਕੰਧ ਸਾਹਮਣੇ ਦਰਬਾਰੇ ਦੀ ਕੱਚੀ ਹੁਣ ਹੋਰ ਬੁਰੀ ਦਿਸਣ ਲੱਗੀ। ਆਉਂਦਾ ਜਾਂਦਾ ਹਰ ਕੋਈ ਆਖੇ, "ਹੁਣ ਇਹ

ਵੀ ਦਲਿੱਦਰ ਕੱਢ ਕੇ ਛੱਡਿਓ!"

ਪਰ, ਦਰਬਾਰੇ ਨੇ ਅਜੇ ਵੀ ਇੱਕੋ ਨੰਨਾ ਫੜਿਆ ਹੋਇਆ ਸੀ।

ਬੈਠਕ ਦੀਆਂ ਬਾਰੀਆਂ ਤੇ ਬੂਹਿਆਂ ਉੱਤੇ ਲਿੰਟਲ ਲੱਗ ਗਏ। ਡਿਓਢੀ ਦੀ ਚੁਗਾਠ ਵੀ ਧਰੀ ਗਈ। ਬੈਠਕ ਚਾਚੀ ਰਾਮ ਕੌਰ ਦੀ ਕੰਧ ਨਾਲ ਸੀ, ਤੇ ਲੰਘਣ ਲਈ ਡਿਓਢੀ ਦਰਬਾਰੇ ਵੱਲ। ਡਿਓਢੀ ਦੀ ਛੱਤ ਨੀਵੀਂ ਰੱਖ ਕੇ ਅੱਠ ਫੁੱਟ ਉੱਤੇ ਲਿੰਟਲ ਪਾਉਣਾ ਸੀ, ਕਿਉਂਕਿ ਉੱਤੇ ਮਿਆਨੀ ਰੱਖਣੀ ਸੀ। ਡਿਓਢੀ ਦਾ ਲਿੰਟਲ ਲਾਉਣ ਲਈ ਹੁਣ ਦਰਬਾਰੇ ਵਾਲੀ ਕੰਧ ਦਾ ਫ਼ੈਸਲਾ ਹੋਣਾ ਜ਼ਰੂਰੀ ਸੀ । ਇੱਕ ਦਿਨ ਵੀ ਹੋਰ ਕਿਸੇ ਪਾਸੇ ਹੱਥ ਨਹੀਂ ਸੀ ਚਲ ਸਕਦਾ।

ਜਦ ਕੋਈ ਵਾਹ ਨਾ ਚੱਲੀ ਤਾਂ ਕਪੂਰ ਸਿੰਘ ਨੇ ਦਰਵਾਜ਼ੇ ਇਕੱਠ ਕੀਤਾ । ਸਾਰਾ ਪਿੰਡ ਚੌਂਤਰੇ ਉੱਤੇ ਜੁੜ ਗਿਆ। ਪੰਚਾਇਤ ਨੇ ਦਰਬਾਰੇ ਨੂੰ ਸੱਥ ਵਿੱਚ ਬੁਲਾਇਆ ਤੇ ਕੰਧ ਕਰਨ ਲਈ ਆਖਿਆ। ਪਹਿਲਾਂ ਤਾਂ ਉਹਨੇ ਬੜੇ ਪੈਰ ਅੜਾਏ: "ਮੈਂ ਕੁੜੀ ਦਾ ਵਿਆਹ ਕਰਨੈਂ-ਮੈਨੂੰ ਲੋੜ ਨਹੀਂ-ਮੇਰੀ ਪੁੱਜਤ ਨਹੀਂ.....।" ਅਖ਼ੀਰ ਪੰਚਾਇਤ ਨੇ ਸਮਝਾ ਧਮਕਾ ਕੇ ਮਨਾ ਹੀ ਲਿਆ। ਪਿੰਡ ਦੀ ਸਾਂਝੀ ਰਾਏ ਸਾਮਣੇ ਉਹਨੂੰ ਝੁਕਣਾ ਪੈ ਗਿਆ ਸੀ।

ਮਜ਼ੂਰੀ ਉਹਨੂੰ ਛੱਡੀ ਗਈ। ਇੱਟਾਂ ਤੇ ਹੋਰ ਸਾਮਾਨ ਦਾ ਅੱਧ ਦੇਣਾ ਕੀਤਾ। ਉਹਨੂੰ, ਕਿਉਂਕਿ, ਕੰਧ ਦੀ ਹਾਲੇ ਏਨੀ ਲੋੜ ਨਹੀਂ ਸੀ, ਇਸ ਲਈ ਰਿਆਇਤ ਵਜੋਂ ਰਕਮ ਦੋ ਲੰਮੀਆਂ ਕਿਸ਼ਤਾਂ ਵਿੱਚ ਵੰਡ ਦਿੱਤੀ। ਆਉਂਦੀ ਲੋਹੜੀ ਛੱਡ ਕੇ ਪਹਿਲੀ ਕਿਸ਼ਤ ਨਮਾਣੀ ਨੂੰ ਤੇ ਦੂਜੀ ਅਗਲੀ ਲੋਹੜੀ ਨੂੰ। ਕਾਗ਼ਜ਼ ਬਣ ਗਿਆ।

ਭਾਵੇਂ ਮਜ਼ੂਰੀ ਸਾਰੀ ਕਪੂਰ ਸਿੰਘ ਦੇ ਹੀ ਸਿਰ ਪੈ ਗਈ ਸੀ, ਜੋ ਅੱਸੀ ਬਿਆਸੀ ਤਕ ਬਣਦੀ ਸੀ, ਤਾਂ ਵੀ ਉਹ ਖ਼ੁਸ਼ ਸੀ। ਕੰਮ ਤੁਰਦਾ ਹੋ ਗਿਆ। ਉਹਦੇ ਸਿਰ ਚਾਲੀ ਕੁ ਹੀ ਵੱਧ ਪਏ? ਕੋਈ ਗੱਲ ਨਹੀਂ । ਏਨਾ ਕੁਝ ਤਾਂ ਉਹ ਆਪ ਵੀ ਜਾ ਕੇ ਦਰਬਾਰੇ ਨੂੰ ਕਹਿੰਦਾ ਹੀ ਸੀ।

ਅਗਲੇ ਦਿਨ ਪੰਚਾਇਤ ਦੇ ਚਾਰ ਆਦਮੀ ਆਏ ਤੇ ਸਾਹਮਣੇ ਕੰਧ ਢੁਹਾ ਕੇ ਨੀਂਹ ਪੁਟਵਾਉਣ ਲੱਗੇ। ਇੱਟ ਧਰਨ ਵੇਲੇ ਕੰਧ ਉੱਤੇ ਮੇਲਾ ਲੱਗ ਗਿਆ।

ਦਰਬਾਰਾ ਖ਼ੁਸ਼ ਤਾਂ ਅੱਗੇ ਹੀ ਨਹੀਂ ਸੀ, ਪਰ ਜਦ ਹੁਣ ਕੰਧ ਬਣਨ ਹੀ ਲੱਗ ਗਈ ਤਾਂ ਅੜ ਫੁੱਟਣ ਦੀ ਨਮੋਸ਼ੀ ਵਿੱਚ ਉਹਦੀ ਹਿੱਕ ਉੱਤੇ ਸੱਪ ਲਿਟ ਰਿਹਾ ਸੀ।

ਇੱਕ ਪਾਸਿਓਂ ਧੰਮਾ ਸਿੰਘ ਸਰਪੰਚ ਨੇ ਰੱਸੀ ਫੜੀ, ਦੂਜੇ ਪਾਸਿਉਂ ਨਾਹਰ ਸਿੰਘ ਅਕਾਲੀ ਨੇ। ਜਦ ਰੱਸੀ ਨਾਹਰ ਸਿੰਘ ਨੇ ਨੀਂਹ ਦੇ ਸਿਰੇ ਉੱਤੇ ਛੋਹੀ ਤਾਂ ਝਟ ਬੁਖਲਾਈ ਆਵਾਜ਼ ਵਿੱਚ ਦਰਬਾਰਾ ਬੋਲਿਆ, "ਆਪਣੇ ਅਮਾਨ ਨੂੰ ਜਾਣ ਕੇ ਨਿਆਂ ਕਰੀਂ ਕਾਲੀਆ!"

"ਸਾਨੂੰ ਤਾਂ ਦੋਵੇਂ ਇਕਸਾਰ ਓਂ ਦਰਬਾਰਾ ਸਿਆਂਹ.....!" ਨਾਹਰ ਸਿੰਘ ਨੇ ਉੱਤਰ ਦਿੱਤਾ।

ਸਾਰੇ ਲੋਕ ਇਕ ਟੱਕ ਰੱਸੀ ਵੱਲ ਦੇਖਣ ਲੱਗੇ।

ਪਰਲੇ ਸਿਰੇ ਬੈਠੇ ਧੰਮਾ ਸਿੰਘ ਸਰਪੰਚ ਨੇ ਹੱਥ ਭਰ ਕਪੂਰ ਸਿੰਘ ਵਲ ਰੱਸੀ ਧਰ ਦਿੱਤੀ।

ਇਕ ਦਮ ਰੌਲਾ ਪੈ ਗਿਆ: "ਆਹ ਤਾਂ ਜਮਾਂ ਵਿੰਗੀ ਐ, ਐਥੇ ਕੰਧ ਜਾਂਦੀਓ ਨ੍ਹੀਂ....!"

ਕਿਸੇ ਉੱਚੀ ਬੋਲ ਕੇ ਧੰਮਾ ਸਿੰਘ ਨੂੰ ਆਖਿਆ ਕਿ ਰੱਸੀ ਇੱਕ ਹੱਥ ਦੂਜੇ ਪਾਸੇ ਨੂੰ ਧਰੇ। ਐਨਾ ਫ਼ਰਕ ਤਾਂ ਅੰਨ੍ਹਿਆਂ ਨੂੰ ਵੀ ਦਿਸਦਾ ਸੀ।

ਰੱਸੀ ਧੰਮਾ ਸਿੰਘ ਨੂੰ ਦੂਜੇ ਪਾਸੇ ਧਰਨੀ ਪਈ।

"ਹੁਣ ਠੀਕ ਐ।" ਸਾਰਿਆਂ ਨੇ ਤਸੱਲੀ ਦਾ ਸਾਹ ਲਿਆ।

ਸਾਹਲ ਸੁੱਟ ਕੇ ਮਿਸਤਰੀ ਨਿਸ਼ਾਨ ਲਾਉਣ ਲੱਗਾ ਕਿ ਦਰਬਾਰੇ ਨੇ ਝਟ ਰੌਲਾ ਪਾ ਦਿੱਤਾ, "ਮੈਨੂੰ ਨ੍ਹੀ ਮਨਜ਼ੂਰ, ਇਹ ਕੋਈ ਅਨਸਾਫ਼ ਐ, ਕੰਧ ਚਾਰ ਉਂਗਲ ਮੇਰੇ ਪਾਸੇ ਪਈ ਐ!"

"ਤੇਰੇ ਪਾਸੇ ਤਾਂ ਸਾਰੀਓ ਪਈ ਐ, ਜਦ ਚਾਰ ਆਦਮੀ ਖੜ੍ਹੈ ਨੇ ਕੋਲ.....!" ਕਪੂਰ ਸਿੰਘ ਬੋਲਿਆ।

ਦਰਬਾਰੇ ਝੱਟ ਗਾਲ੍ਹ ਕਢ ਕੇ ਆਖਿਆ, "ਜੰਮਿਆ ਕੌਣ ਐ ਓਏ ਮੇਰੇ ਪਾਸੇ ਕੰਧ ਕਰਨ ਆਲਾ.....!"

ਬੰਦਾ ਭਾਵੇਂ ਲੱਖ ਨਰਮ ਹੋਵੇ, ਗਾਲ੍ਹ ਪਰ ਕਿਸੇ ਤੋਂ ਕੋਈ ਕਿਉਂ ਖਾਵੇ? ਪੂਰੇ ਜੋਸ਼ ਨਾਲ ਕਪੂਰ ਸਿੰਘ ਨੇ ਮੁੱਕਾ ਵੱਟ ਕੇ ਵੰਗਾਰਿਆ, "ਨਿਉਂ 'ਚ ਗੱਡ ਦੂੰ ਨਿਉਂ 'ਚ..."ਤੇ ਏਨੇ ਵਿੱਚ ਘਰੋਂ ਉਹਦਾ ਛੋਟਾ ਭਰਾ ਗੰਧਾਲੀ ਚੁਕ ਲਿਆਇਆ।

ਦੋਵੇਂ ਪਾਸਿਓ ਗਾਹਲਾਂ ਦੀ ਵਾਛੜ ਹੋਣ ਲੱਗੀ। ਦੂਜੇ ਪਾਸੇ ਦਰਬਾਰੇ ਦਾ ਭਤੀਜਾ ਗੰਡਾਸੀ ਚਾੜ੍ਹ ਕੇ ਆ ਗਿਆ। ਦਰਬਾਰੇ ਨੇ ਲੈਂਦਿਆਂ ਹੀ ਦੁਹੱਥੜੀ ਜੋੜ ਕੇ ਲਾਠੀ ਕਪੂਰ ਸਿੰਘ ਦੇ ਮਾਰੀ, " ਆ ਤੈਨੂੰ ਦੇਖਾਂ ਨਿਉਂ 'ਚ ਗੱਡਦੇ ਨੂੰ" ਤੇ ਨਾਲ ਦੀ ਨਾਲ ਤੜ੍ਹੀਗੀ ਕਪੂਰ ਸਿੰਘ ਦੇ ਸਿਰ ਵਿੱਚੋਂ ਆਈ। "ਘੀਚਰਾ ਘੀਚਰਾ....!" ਝਟ ਗੰਧਾਲੀ ਦਰਬਾਰੇ ਦੇ ਮੌਰਾਂ ਉੱਤੇ ਪਈ, ਦੂਜੀ ਪੁੜਪੁੜੀ ਵਿੱਚ, ਲਹੂ ਦੀ ਟੀਕ ਚਲ ਪਈ ਤੇ ਉਹ ਉਲਟ ਕੇ ਨੀਂਹ ਵਿੱਚ ਜਾ ਡਿਗਿਆ। ਪੰਚ ਰੱਸੀ ਛੱਡ ਕੇ ਪਰ੍ਹਾਂ ਹੋ ਗਏ ਸਨ। ਆਖ਼ਰ ਕੁਝ ਲੋਕ ਹੌਸਲਾ ਕਰ ਕੇ ਛੁਡਾਉਣ ਲੱਗੇ। ਤੀਵੀਆਂ ਘਰਾਂ 'ਚੋ ਨਿਕਲ ਕੇ ਆਹਮੋ-ਸਾਹਮਣੇ ਬਾਹਾਂ ਉਲਾਰਦੀਆਂ ਮਿਹਣੋ-ਮਿਹਣੀ ਹੋਣ ਲੱਗੀਆਂ। ਚੀਕ-ਚਿਹਾੜਾ, ਗਾਲ੍ਹਾਂ-ਦੁੱਪੜਾਂ, ਕੰਨ ਪਈ ਵਾਜ ਨਾ ਸੁਣੇ। ਦੋ ਘੰਟੇ ਉਹ ਝੱਜੂ ਪਿਆ, ਉਹ ਰੂਦ ਛਣਿਆ ਕਿ ਲੋਕੀਂ ਕੰਨਾਂ ਉੱਤੇ ਹੱਥ ਧਰ ਗਏ।

ਇਸ ਤੋਂ ਮਗਰੋਂ, ਕੁਝ ਦਿਨ ਪਾ ਕੇ, ਕੰਧ ਤਾਂ ਬਣ ਗਈ. ਜਿਹੋ ਜਿਹੀ ਚਾਹੀਦੀ ਸੀ, ਉਹੋ ਜਿਹੀ ਬਣ ਗਈ, ਪਰ ਜੀਊਣ ਦਾ ਹੱਜ ਕੋਈ ਨਾ ਰਿਹਾ। ਜਿਹੜੀ ਗੱਲ ਦਾ ਡਰ ਸੀ ਉਹੀ ਹੋ ਕੇ ਹਟੀ। ਦੋਹਾਂ ਧਿਰਾਂ ਦੀਆਂ ਜ਼ਮਾਨਤਾਂ ਹੋ ਗਈਆਂ। ਦਿਲਾਂ ਵਿੱਚ ਪਾਟਕ ਪੈ ਗਏ। ਬੋਲ ਚਾਲ ਜਾਂਦੀ ਰਹੀ। ਪੁਸ਼ਤਾਂ ਲਈ ਵੈਰ ਖੜ੍ਹਾ ਹੋ ਗਿਆ।

ਦੋ, ਚਾਰ, ਛੇ ਮਹੀਨੇ, ਓੜਕ ਵਰ੍ਹਾ ਲੰਘ ਗਿਆ। ਨਮਾਣੀ ਦੇ ਮੌਕੇ ਵੀ ਕਪੂਰ ਸਿੰਘ ਨੇ ਆਪ ਜਾ ਕੇ ਦਰਬਾਰੇ ਤੋਂ ਪੈਸੇ ਮੰਗਣ ਦਾ ਛੇੜ ਨਾ ਛੇੜਨਾ ਚਾਹਿਆ। ਸਾਰੇ ਪਿੰਡ ਸਾਹਮਣੇ ਲਿਖਤ ਹੋਈ ਸੀ। ਮੁੱਕਰ ਤਾਂ ਉਹ ਸਕਦਾ ਨਹੀਂ।

ਛੇ ਮਹੀਨੇ ਹੋਰ ਲੰਘ ਗਏ। ਦੂਜੀ, ਲੋਹੜੀ ਦੀ ਕਿਸ਼ਤ ਵੀ ਲੰਘ ਗਈ। ਆਥਣ ਸਵੇਰ ਕਪੂਰ

ਸਿੰਘ ਪੰਚਾਇਤ ਨੂੰ ਕਹਿਣ ਵਾਲਾ ਹੀ ਸੀ ਕਿ ਇੱਕ ਸਵੇਰ ਕਾਲਜਾ ਫੜੀ ਚਾਚੀ ਰਾਮ ਕੌਰ ਆਈ, "ਤੈਂ ਕੁਸ਼ ਸੁਣਿਐ ਕਪੂਰ ਸਿਆਂਹ ?"

ਹੈਰਾਨ ਹੋ ਕੇ ਕਪੂਰ ਸਿੰਘ ਚੌਂਕਿਆ, "ਨਾ ਚਾਚੀ, ਕਿਉਂ ਕੀ ਗੱਲ ਐ ?"

"ਲੈ ਵੇ, ਤੈਨੂੰ ਖ਼ਬਰੇ ਨ੍ਹੀਂ, ਮੁੰਡਾ ਤਾਂ ਭੁੰਜੇ ਲਿਹਾ ਪਿਐ, ਦਰਬਾਰਾ!"

"ਦਰਬਾਰਾ....?"

"ਲੈ ਹੋਰ ਕੀ, ਉਹ ਤਾਂ ਨਮੂਨੀਏਂ ਨਾਲ ਜੁੜਿਆ ਪਿਐ, ਠੰਢ ਦੀ ਸੀੜ੍ਹ 'ਚ ਆ ਗਿਆ, ਪੰਦਰਾਂ ਦਿਨ ਹੋਗੇ, ਰਾਤ ਬਹੂ ਰੋਂਦੀ ਨ੍ਹੀ ਸੀ ਝੱਲੀ ਜਾਂਦੀ, ਇਕ ਤਾਂ ਲਾਜ ਕਰਾਉਣੇ ਕਿਹੜਾ ਸੌਖੇ ਨੇ ਚੰਦਰੇ, ਬਿਨਾਂ ਪੈਸੇ।"

"ਮੈਂਨੂੰ ਤਾਂ, ਚਾਚੀ ਹੁਣ ਤਿਤੋਂ ਪਤਾ ਲੱਗਿਐ.....!"

" ਲੈ ਆਹੋ ਡੱਡ, ਤੈਨੂੰ ਕਿਤੇ ਓਪਰੈ!"

"ਆਉਣ ਜਾਣ ਬਾਝੋਂ ਕੰਧ ਉਹਲੇ ਪਰਦੇਸ ਐ ਚਾਚੀ।"

" ਲੈ ਉਹ ਜਾਣੇ, ਨੌਂਹਾਂ ਨਾਲੋਂ ਮਾਸ ਨ੍ਹੀਂ ਟੁੱਟਦਾ ਕਦੇ ਸਾਊ....!" ਕਹਿੰਦਿਆਂ ਚਾਚੀ ਸੈਨਤ ਸੁੱਟ ਕੇ ਚਲੀ ਗਈ।

ਕਪੂਰ ਸਿੰਘ ਉੱਠਿਆ ਤੇ ਝਕਦਾ ਝਕਾਉਂਦਾ ਦਰਬਾਰੇ ਦੇ ਘਰ ਅੰਦਰ ਲੰਘ ਗਿਆ। ਵਿਹੜੇ ਵਿੱਚ, ਕੰਧ ਦੀ ਓਟ ਨਾਲ, ਧੁੱਪੇ, ਦਰਬਾਰੇ ਦਾ ਮੰਜਾ ਸੀ। ਕਪੂਰ ਸਿੰਘ ਨੇ ਜਦ ਦਰਬਾਰੇ ਵੱਲ ਦੇਖਿਆ ਤਾਂ ਉਹ ਖੜ੍ਹੇ ਦਾ ਖੜ੍ਹਾ ਰਹਿ ਗਿਆ। ਸੁੱਕ ਕੇ ਪਿੰਜਰ ਬਣਿਆ ਸਰੀਰ, ਕਾਲਾ ਧੂੰਏਂ ਵਰਗਾ ਰੰਗ, ਅੰਦਰ ਨੂੰ ਧਸੀਆਂ ਹੋਈਆਂ ਅੱਖਾਂ - ਤੇ ਦਰਬਾਰੇ ਦੀ ਨਿਆਣੀ ਟੱਬਰੀ.....!

ਅੰਦਰੋਂ, ਦਰਬਾਰੇ ਦੀ ਘਰਵਾਲੀ ਨੇ ਮੰਜੇ ਕੋਲ ਸਟੂਲ ਡਾਹ ਦਿੱਤਾ, ਪਰ ਕਪੂਰ ਸਿੰਘ, ਦਰਬਾਰੇ ਦੇ ਕੋਲ ਹੀ ਮੰਜੇ ਦੀ ਬਾਹੀ ਉੱਤੇ ਬਹਿ ਗਿਆ, " ਕੀ ਹਾਲ ਐ ਭਾਈ ਦਰਬਾਰਿਆ.....।"

ਰਜ਼ਾਈ ਦੇ ਆਸਰੇ ਦੀ ਢੋ ਲਾ ਕੇ ਦਰਬਾਰਾ ਕੁਝ ਬੈਠਦਾ ਹੋਇਆ ਬੋਲਿਆ, "ਹੁਣ ਤਾਂ ਚੰਗੈ

ਬਾਈ......." ਬੀਮਾਰੀ ਦਾ ਭੰਨਿਆ ਉਹਦਾ ਨਿਢਾਲ ਮਨ ਕੁਝ ਕਰਾਰ ਫੜ ਆਇਆ।

"ਕੋਈ ਨਾ, ਤੂੰ ਪਿਆ ਰਹੁ, ਉੱਠਣ ਦੀ ਖੇਚਲ ਨਾ ਕਰ।"

" ਕਮਜ਼ੋਰੀ .... ਜਾਦੇ...ਐ।" ਬੋਲਣ ਲੱਗਿਆਂ ਦਰਬਾਰੇ ਦਾ ਸਾਰਾ ਤਿਗ ਕੰਬਦਾ ਸੀ।

"ਸਭ ਦੂਰ ਹੋ ਜੂ; ਚੁਗਾਠ ਬਚ ਰਹੇ, ਬਾਣ ਬਥੇਰਾ!" ਕਪੂਰ ਸਿੰਘ ਨੇ ਹੌਂਸਲਾ ਦਿੱਤਾ।

ਲੋਗੜ ਗਰਮ ਕਰ ਕੇ ਉਹਦੀ ਕੁੜੀ,ਹਰਬੰਸੋ, ਉਹਦੀਆਂ ਵੱਖੀਆਂ ਉੱਤੇ ਸੇਕਣ ਲਈ ਲਿਆਈ।

" ਅਲਾਜ ਕੀਹਦੈ ?" ਕਪੂਰ ਸਿੰਘ ਨੇ ਪੁੱਛਿਆ।

"ਅਲਾਜ.....!" ਦਰਬਾਰਾ ਅੱਗੋਂ ਚੁੱਪ ਕਰ ਗਿਆ। ਇਲਾਜ ਕਿਸੇ ਦਾ ਵੀ ਨਹੀਂ ਸੀ। ਘਰਾਂ ਦੇ

ਇਲਾਜ ਕੋਈ ਇਲਾਜ ਹੁੰਦੇ ਹਨ?

ਕਪੂਰ ਸਿੰਘ ਤੋਂ ਲੁਕਿਆ ਕੀ ਸੀ? ਇੱਕ ਦੂਜੇ ਦੇ ਘਰ ਦੀ ਹਾਲਤ ਉਹ ਜਾਣਦੇ ਹੀ ਸਨ। ਕਪੂਰ ਸਿੰਘ ਨੇ ਦਸ ਰੁਪਏ ਦਾ ਨੋਟ ਕੱਢ ਕੇ ਦਰਬਾਰੇ ਦੀ ਜੇਬ ਵਿੱਚ ਪਾ ਦਿੱਤਾ," ਮੈਂ ਜਾ ਕੇ ਮੰਡੀਓਂ ਡਾਕਟਰ ਨੂੰ ਭੇਜਦਾਂ।"

ਦਰਬਾਰੇ ਦੇ ਮਨ ਵਿੱਚ ਹੂਕ ਉੱਠੀ," ਮੈਂ ਤਾਂ ਤੇਰੇ ਅੱਗੇ ਵੀ ਪੈਸੇ ਦੇਣੇ ਐਂ ਬਾਈ-ਕੰਧ ਆਲੇ.....!"

" ਤੂੰ ਹਾਲੇ ਤਕੜਾ ਹੋ, ਦਿੰਦਾ ਰਹੀ ਪੈਸੇ, ਪੈਸਿਆਂ ਸਾਲਿਆਂ ਨੇ ਨਾਲ ਜਾਣੈਂ?"

ਦਰਬਾਰੇ ਦੀਆਂ ਅੱਖਾਂ ਸਿੰਮ ਆਈਆਂ। ਥੋੜ੍ਹੇ ਚਿਰ ਪਿੱਛੋਂ ਭਰੇ ਹੋਏ ਗੱਚ ਨਾਲ ਉਹ ਧੀਮਾ ਜਿਹਾ ਬੋਲਿਆ, " ਮਕਾਨ ਦਾ ਕੰਮ ਚੜ੍ਹ ਗਿਆ ਸਿਰੇ?"

"ਥੋੜ੍ਹਾ ਜਿਹਾ ਟੀਪ-ਟੱਲਾ ਰਹਿੰਦੈ, ਸਮਿੰਟ ਥੁੜ ਗਿਆ।"

" ਮੈਨੂੰ ਤਾਂ ਸਹੁਰਾ ਸਰਪੰਚ ਭਖਾਉਂਦਾ ਰਿਹਾ, ਨਹੀਂ ਮੈ ਕਿਹੜਾ ਤੇਰਾ ਦੋਖੀ ਸੀ।"

" ਹੁਣ ਤੂੰ ਇਹਨਾਂ ਨੂੰ ਮਨ 'ਤੇ ਨਾ ਲਿਆ- ਜੇ ਚਾਰ ਭਾਂਡੇ ਹੋਣਗੇ ਤਾਂ ਖੜਕਣਗੇ!"

"ਹਾੜ੍ਹ ਦਾ ਬੰਸੋ ਦਾ ਵਿਆਹ ਦੇ ਦਈਏ?" ਦਰਬਾਰੇ ਦੇ ਲੂੰ-ਲੂੰ 'ਚੋ ਅਪਣੱਤ ਜਾਗ ਰਹੀ ਸੀ।

" ਕੋਈ ਡਰ ਨ੍ਹੀਂ, ਜਿਹੜਾ ਭਾਰ ਸਿਰੋਂ ਲਹਿ ਜਾਵੇ, ਚੰਗਾ।"

"ਤੂੰ ਆਇੰਗਾ?"

" ਜਿਕੱਣ ਤੂੰ ਕਹੇਂ।"

ਦਰਬਾਰੇ ਨੇ ਕੰਬਦੇ ਹੱਥਾਂ ਵਿੱਚ ਕਪੂਰ ਸਿੰਘ ਦਾ ਹੱਥ ਫੜ ਕੇ ਆਖਿਆ, "ਤੇਰੇ ਬਿਨਾਂ, ਬਾਈ, ਮੈ ਕਾਹਦੇ ਜੋਗਾਂ.......!" ਉਹਦੇ ਬੁਲ੍ਹ ਫਰ੍ਹਕਣ ਲੱਗੇ ਤੇ ਅੱਖਾਂ ਵਿੱਚੋ ਪਰਲ-ਪਰਲ ਹੰਝੂਆਂ ਦੀਆਂ ਧਾਰਾਂ ਫੁੱਟ ਪਈਆਂ।

" ਓ ਤੂੰ ਦਿਲ ਰੱਖ ਵੀਰ, ਮੈਂ ਤਿਤੋ ਨਾਬਰ ਤਾਂ ਨ੍ਹੀ......!" ਕਪੂਰ ਸਿੰਘ ਨੇ ਮਸੀਂ ਇਹ ਬੋਲ ਆਖੇ। ਹੰਝੂਆਂ ਦੀਆਂ ਦੋ ਧਾਰਾਂ ਉਹਦੇ ਚਿਹਰੇ ਉੱਤੇ ਵੀ ਵਗ ਪਈਆਂ ਸਨ।

## ਅਭਿਆਸ-ਪ੍ਰਸ਼ਨ

1. 'ਸਾਂਝੀ ਕੰਧ' ਬਣਾਉਣ ਦੀ ਲੋੜ ਕਿਉਂ ਪਈ ? ਤੇ ਕਿਸਨੂੰ ?

2. 'ਸਾਂਝੀ ਕੰਧ' ਦਾ ਝਗੜਾ ਕਿੰਨ੍ਹਾਂ ਵਿਚਕਾਰ ਸੀ ? ਤੇ ਕਿਉਂ ?

3.'ਸਾਂਝੀ ਕੰਧ' ਕਹਾਣੀ ਕਿਸ ਪੇਂਡੂ ਸਮੱਸਿਆ ਵੱਲ ਸੰਕੇਤ ਕਰਦੀ ਹੈ ?

4.'ਸਾਂਝੀ ਕੰਧ' ਬਣਾਉਣ ਸਮੇਂ ਪੰਚਾਇਤ ਨੇ ਕਿਵੇਂ ਝਗੜਾ ਮੁਕਾਇਆ ਸੀ ?

5. 'ਸਾਂਝੀ ਕੰਧ' ਕਹਾਣੀ ਤੋਂ ਕੀ ਸਿੱਖਿਆ ਮਿਲਦੀ ਹੈ ?

6.'ਸਾਂਝੀ ਕੰਧ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

# ਕੁਲਵੰਤ ਸਿੰਘ ਵਿਰਕ

ਕੁਲਵੰਤ ਸਿੰਘ ਵਿਰਕ ਪੰਜਾਬੀ ਕਹਾਣੀ ਖੇਤਰ ਵਿੱਚ ਕਿਸੇ ਜਾਣ-ਪਛਾਣ ਦਾ ਮੁਥਾਜ਼ ਨਹੀਂ। ਉਸ ਨੂੰ ਸਾਧਾਰਣ ਮਨੁੱਖ ਦੀ ਸਾਧਾਰਣਤਾ ਪੇਸ਼ ਕਰਨ ਵਾਲਾ ਕਹਾਣੀਕਾਰ ਵੀ ਕਿਹਾ ਜਾਂਦਾ ਹੈ। ਉਸ ਨੇ ਪੰਜਾਬੀ ਕਹਾਣੀ ਨੂੰ ਪਹਿਲੀ ਵਾਰ ਪੰਜਾਬੀਅਤ ਦੇ ਭਰਪੂਰ ਜਲੌਅ ਸਹਿਤ ਪੇਸ਼ ਕੀਤਾ। ਉਸ ਨੂੰ ਪੰਜਾਬੀ ਕਹਾਣੀ ਦਾ ਸ਼ਾਹਸਵਾਰ, ਬਾਦਸ਼ਾਹ ਆਦਿ ਤਖ਼ੱਲਸਾਂ ਰਾਹੀਂ ਜਾਣਿਆ ਜਾਂਦਾ ਹੈ।

ਕੁਲਵੰਤ ਸਿੰਘ ਵਿਰਕ ਦਾ ਜਨਮ 21 ਮਾਰਚ 1921 ਨੂੰ ਪਿੰਡ ਫੁਲੇਰਨ ਜ਼ਿਲ੍ਹਾ ਸ਼ੇਖੂਪੁਰਾ(ਪਾਕਿਸਤਾਨ) ਵਿਖੇ ਪਿਤਾ ਆਸਾ ਸਿੰਘ ਦੇ ਘਰ ਹੋਇਆ। ਉਸ ਨੇ ਪੰਜਵੀਂ ਦੀ ਪੜ੍ਹਾਈ ਨਨਕਾਣਾ ਸਾਹਿਬ ਤੋਂ ਪਾਸ ਕੀਤੀ। ਮੈਟ੍ਰਿਕ ਦੀ ਪੜ੍ਹਾਈ ਸ਼ੇਖੂਪੁਰਾ ਤੇ ਬੀ.ਏ., ਐੱਸ.ਡੀ. ਕਾਲਜ, ਲਾਹੌਰ ਤੋਂ ਪ੍ਰਾਪਤ ਕੀਤੀ। ਐਮ.ਏ. ਅੰਗਰੇਜ਼ੀ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਕੀਤੀ। ਕਾਨੂੰਨ ਦੀ ਡਿਗਰੀ ਲੈਣ ਉਪਰੰਤ ਉਹ ਫ਼ੌਜ ਵਿੱਚ ਭਰਤੀ ਹੋ ਗਿਆ। ਦੇਸ਼ ਵੰਡ ਤੋਂ ਬਾਅਦ ਉਸ ਦੀ ਡਿਊਟੀ ਸਾਬਕਾ ਫੌਜੀ ਹੋਣ ਨਾਤੇ ਉਧਾਲੇ ਗਏ ਹਿੰਦੂ-ਸਿੱਖ ਪਰਿਵਾਰਾਂ ਦੀ ਸਾਂਭ-ਸੰਭਾਲ ਵਿੱਚ ਲੱਗੀ। ਉਸ ਨੇ ਭਾਰਤ ਸਰਕਾਰ ਦੇ ਸੂਚਨਾ ਮਹਿਕਮੇ ਵਿੱਚ ਇਨਫ਼ਰਮੇਸ਼ਨ ਅਫ਼ਸਰ ਵਜੋਂ ਵੀ ਭੂਮਿਕਾ ਨਿਭਾਈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਵੀ ਜੁਆਇੰਟ ਡਾਇਰੈਕਟਰ ਵਜੋਂ ਸ਼ਾਨਦਾਰ ਭੂਮਿਕਾ ਨਿਭਾਈ। 24 ਦਸੰਬਰ 1987 ਨੂੰ ਬੀਮਾਰੀ ਨਾਲ ਉਹਨਾਂ ਦੀ ਮੌਤ ਹੋ ਗਈ।

'ਛਾਹ ਵੇਲਾ', 'ਧਰਤੀ ਤੇ ਆਕਾਸ਼', 'ਤੂੜੀ ਦੀ ਪੰਡ', 'ਏਕਸ ਕੇ ਹਮ ਬਾਰਿਕ', 'ਦੁੱਧ ਦਾ ਛੱਪੜ', 'ਗੋਲ੍ਹਾਂ', 'ਨਵੇਂ ਲੋਕ', 'ਆਤਿਸ਼ਬਾਜ਼ੀ' ਆਦਿ ਉਸ ਦੇ ਪ੍ਰਸਿੱਧ ਕਹਾਣੀ ਸੰਗ੍ਰਹਿ ਹਨ। ਉਸ ਦੇ ਕਹਾਣੀ ਸੰਗ੍ਰਹਿ 'ਨਵੇਂ ਲੋਕ' ਨੂੰ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਹਾਸਿਲ ਹੋਣਾ, ਉਸ ਦੀ ਕਥਾ ਕਲਾ ਦਾ ਪ੍ਰਮਾਣ ਹੈ। ਉਸ ਨੇ ਪੰਜਾਬੀ ਜੀਵਨ ਬਾਰੇ ਡੂੰਘੀਆਂ, ਮਾਇਨੇਖ਼ੇਜ ਤੇ ਸਦੀਵੀਂ ਅਰਥਾਂ ਵਾਲੀਆਂ ਕਹਾਣੀਆਂ ਦੀ ਰਚਨਾ ਕਰਕੇ, ਕਹਾਣੀ ਪਿੜ ਵਿੱਚ ਨਵੀਂ ਲੀਹ ਤੋਰੀ। ਉਸ ਦੀਆਂ ਕਹਾਣੀਆਂ ਕਲਾਤਮਕ ਪੱਖੋਂ ਨਵੀਆਂ ਸਥਾਪਨਾਵਾਂ ਸਿਰਜਦੀਆਂ ਹਨ। ਸ਼ਾਇਦ ਇਹ ਹੀ ਕਾਰਣ ਹੈ ਕਿ ਉਹ ਨਿਰੰਤਰ ਵੱਡੇ ਪਾਠਕ ਸਮੂਹ ਦੁਆਰਾ ਹੁਣ ਤੱਕ ਪੜ੍ਹਿਆ ਜਾ ਰਿਹਾ ਹੈ।

# ਦੁੱਧ ਦਾ ਛੱਪੜ

ਚਾਚੇ ਤਾਏ ਦਾ ਪੁੱਤਰ ਹੋਣ ਕਰ ਕੇ ਲਾਲ ਤੇ ਦਿਆਲ ਦਾ ਆਪੋ ਵਿਚ ਬੜਾ ਪਿਆਰ ਸੀ। ਉਹਨਾਂ ਦੀ ਵਾਹੀ ਵੀ ਇਕੱਠੀ ਸੀ। ਪਿੰਡ ਵਿਚ ਇਕੱਠ ਦਾ ਬੜਾ ਰੁਅਬ ਪੈਂਦਾ ਏ, ਦੋ ਸਕੇ ਭਰਾਵਾਂ ਨਾਲੋਂ ਜੇ ਦੋ ਚਾਚੇ ਤਾਏ ਦੇ ਪੁੱਤਰ ਰਲ ਕੇ ਟੁਰਦੇ ਹਨ ਤਾਂ ਉਹਨਾਂ ਨੂੰ ਹੋਰ ਵੱਡੀ ਤਾਕਤ ਸਮਝਿਆ ਜਾਂਦਾ ਏ, ਕਿਉਂਕਿ ਇਹੋ ਜਿਹਾ ਮੇਲ ਘਟ ਵੇਖਣ ਵਿਚ ਆਉਂਦਾ ਏ। ਭਰਾਵਾਂ ਨੇ ਤੇ ਭਲਾ ਰਲ ਕੇ ਟੁਰਨਾ ਈ ਹੋਇਆ। ਇਸ ਲਈ ਇਹਨਾਂ ਦੋਹਾਂ, ਲਾਲ ਤੇ ਦਿਆਲ, ਦਾ ਵੀ ਪਿੰਡ ਵਿਚ ਲੋਕ ਨਾਂ ਲੈਂਦੇ ਸਨ। ਕਾਮਿਆਂ ਨੂੰ ਕੰਮ ਕਹਿਣਾ ਉਹਨਾਂ ਲਈ ਸੌਖਾ ਸੀ ਕਿਉਂਕਿ ਉਹ ਛੇਤੀ ਆਖੇ ਲੱਗ ਜਾਂਦੇ ਸਨ। ਪਿੰਡ ਦੀਆਂ ਗਲੀਆਂ ਵਿਚ ਟੁਰਨਾ ਉਹਨਾਂ ਨੂੰ ਸਵਾਦ ਦੇਂਦਾ ਸੀ ਕਿਉਂਕਿ ਉੱਥੇ ਉਹਨਾਂ ਦਾ ਆਦਰ ਸੀ।

ਇਸ ਮੁਫ਼ਤ ਦੇ ਆਦਰ ਤੋਂ ਬਿਨਾਂ, ਇਕੱਠਿਆਂ ਉਹਨਾਂ ਦਾ ਵਾਹੀ ਜੋਤੀ ਦਾ ਕੰਮ ਵੀ ਸੌਖਾ ਚਲਦਾ ਸੀ। ਰਲ ਕੇ ਉਹ ਦੋ ਹਲਾਂ ਦੀ ਵਾਹੀ ਕਰਦੇ ਸਨ। ਇਕ ਕਾਮਾ ਰਖ ਲੈਣ ਨਾਲ ਉਹਨਾਂ ਵਿਚੋਂ ਇਕ ਬੰਦਾ ਹਰ ਰੋਜ਼ ਸੌਖਾ ਰਹਿ ਸਕਦਾ ਸੀ ਤੇ ਕੰਮ ਵੀ ਚੰਗਾ ਟੁਰਿਆ ਜਾਂਦਾ ਸੀ। ਇਕ ਹਲ ਦੀ ਵਾਹੀ ਇਕ ਤੇ ਬੇਸਵਾਦ ਹੁੰਦੀ ਹੈ, ਦੂਜਾ ਸੂਤਰ ਨਹੀਂ ਬੈਠਦੀ। ਜੇ ਇਕੱਲੇ ਹੋਵੋ ਤਾਂ ਉਹ ਬੰਦਾ ਡੰਗਰਾਂ ਨਾਲ ਡੰਗਰ ਹੋ ਜਾਂਦਾ ਏ ਤੇ ਜੇ ਕਾਮਾ ਰਖੇ ਤਾਂ ਪੂਰਾ ਨਹੀਂ ਫਟਦਾ।

ਇਹ ਇਕੱਠੀ ਵਾਹੀ ਤੀਸਰੇ ਬੰਦੇ ਨੂੰ ਜਿਹੜਾ ਵਿਹਲ ਦੇ ਰਹੀ ਸੀ ਉਹ ਸਾਰਾ ਦਿਆਲ ਹੀ ਮਾਣਦਾ। ਉਹ ਗੋਰੇ ਰੰਗ ਦਾ, ਸੁਹਣੀ ਸ਼ਕਲ ਵਾਲਾ ਭਾਰਾ ਜਿਹਾ ਗੱਭਰੂ ਸੀ। ਪਹਿਲੇ ਪਹਿਰ ਤੇ ਉਹ ਪੈਲੀਆਂ ਵਿਚ ਕੁਝ ਕੰਮ ਕਰਦਾ, ਪਰ ਪਿਛਲੇ ਪਹਿਰ ਰੋਜ਼ ਉਹ ਚਿੱਟੇ ਕਪੜੇ ਪਾ ਕੇ ਪਿੰਡ ਵਿਚ ਭੌਂਦਾ ਰਹਿੰਦਾ ਜਾਂ ਖੁੰਢਾਂ ਤੇ ਬੈਠਾ ਰਹਿੰਦਾ। ਤੇ ਲੋਕੀਂ ਉਸ ਨਾਲ ਅੱਖ ਮਿਲਾ ਕੇ, ਉਸ ਨਾਲ ਗੱਲਾਂ ਕਰ ਕੇ ਖ਼ੁਸ਼ ਹੁੰਦੇ।

ਪਰ ਪਿੰਡ ਵਾਲਿਆਂ ਦੀ ਤੇ ਦਿਆਲ ਦੀ ਇਹ ਸਾਰੀ ਖ਼ੁਸ਼ੀ ਲਾਲ ਦੇ ਸਿਰ ਤੇ ਸੀ ਜਿਸ ਨੂੰ ਪਿੱਛੋਂ ਕੰਮ ਕਰਨਾ ਪੈਂਦਾ।

"ਕੱਲ੍ਹ ਤੂੰ ਪਿੰਡੋਂ ਈਂ ਨਹੀਂ ਨਿਕਲਿਆ ਪਿਛਲੇ ਪਹਿਰ, ਵਾੜ ਦੇਣੀ ਸੀ ਕਣਕ ਨੂੰ। ਦੋ ਬੰਦਿਆਂ ਵਿਚ ਵਾੜ ਤੈਨੂੰ ਪਤਾ ਏ ਬੜੀ ਔਖੀ ਆਉਂਦੀ ਏ।" ਲਾਲ ਕਦੀ ਉਲ੍ਹਾਮਾਂ ਦਿੰਦਾ।

"ਐਵੇਂ ਈ ਆਲ੍ਹਸ ਕਰ ਛੱਡਿਆ। ਪਿੰਡ ਥਾਣੇਦਾਰ ਆਇਆ ਹੋਇਆ ਸੀ, ਮੈਂ ਆਖਿਆ ਕੋਈ ਗੱਲਬਾਤ ਸੁਣਾਂਗੇ।" ਦਿਆਲ ਨੀਵੀਂ ਖਿੱਚ ਛੱਡਦਾ ਤੇ ਲਾਲ ਚੁਪ ਹੋ ਜਾਂਦਾ।

ਲਾਲ ਦੀ ਵਹੁਟੀ ਵੀ ਦਿਆਲ ਨੂੰ ਆਪਣੇ ਘਰ ਵਿਚ ਫਿਰਦਿਆਂ ਵੇਖਦੀ। ਜਦੋਂ ਲਾਲ ਬਾਹਰ ਪੈਲੀਆਂ ਵਿਚ ਕੰਮ ਲੱਗਾ ਹੋਇਆ ਹੁੰਦਾ ਉਹਨਾਂ ਦੇ ਘਰ ਦੀ ਸਾਂਝੀ ਕੰਧ ਤੋਂ ਪਾਰ ਉਹਦੀ ਪੱਗ ਇਧਰ-ਉਧਰ ਭੌਂਦੀ ਦਿਸਦੀ। ਕਦੀ ਉਹ ਆਪਣੇ ਮੁੰਡੇ ਨੂੰ ਚੁਕ ਕੇ ਘਰੋਂ ਇਕ ਲੱਕੜ ਫੜ ਤਰਖਾਣਾਂ ਵਲ ਲੈ ਜਾਂਦਾ ਅਤੇ ਉਥੇ ਬੈਠ ਕੇ ਉਸ ਨੂੰ ਗੱਡੀ ਬਣਵਾ ਦਿੰਦਾ ਤੇ ਕਦੀ ਆਪਣੀ ਵਹੁਟੀ ਦਾ ਸਾਗ ਚੀਰਨ ਵਾਲਾ ਦਾਤਰ ਚੁਕ ਕੇ ਲੁਹਾਰਾਂ ਪਾਸੋਂ ਲੁਵਾਣ ਟੁਰ ਪੈਂਦਾ ਅਤੇ ਕਦੇ ਸੱਤੋ ਜੁਲਾਹੀ ਨੂੰ ਚਰਖਾ ਚੁਕਵਾ ਕੇ ਉਸ ਦੀ ਕਾਣ ਕਢਵਾ ਲਿਆਉਂਦਾ। ਲਾਲ ਦੀ ਵਹੁਟੀ ਦੇ ਸਾਰੇ ਕੰਮ ਉਸੇ ਤਰ੍ਹਾਂ ਹੀ ਪਏ ਰਹਿੰਦੇ। ਦਿਆਲ ਦੀ ਘਰ ਵਿਚ ਭੌਂਦੀ ਪੱਗ ਤੇ ਆਉਂਦੀ 'ਵਾਜ ਉਸ ਦੀਆਂ ਕਈ ਸਧਰਾਂ ਟੁੰਬਦੀ। ਜੇ ਕਦੀ ਲਾਲ ਵੀ ਇਸੇ ਵੇਲੇ

ਘਰ ਆ ਸਕੇ ਤਾਂ ਉਹ ਉਸ ਨੂੰ ਦੁੱਧ ਪਾ ਕੇ ਦੇਵੇ। ਪਿੰਡ ਵਿਚ ਜਾਣ ਲਈ ਉਸ ਨੂੰ ਚਿੱਟੇ-ਚਿੱਟੇ ਕਪੜੇ ਪੁਆਏ ਤੇ ਉਸ ਦੇ ਕਪੜੇ ਪਾਂਦਿਆਂ ਨੂੰ ਝਟਪਟ ਉਸ ਦੀ ਪੱਗ ਨੂੰ ਮਾਇਆ ਲਾ ਦੇਵੇ। ਹੁਣ ਤੇ ਨਾ ਕੱਪੜੇ ਧੋਣ ਤੇ ਨਾ ਪਾਣ ਦਾ ਕੋਈ ਸਵਾਦ ਸੀ। ਅੱਠੀਂ-ਦਸੀਂ ਦਿਨੀਂ ਰਾਤ ਨੂੰ ਸੌਣ ਲੱਗਿਆਂ, ਉਹ ਧੋਤੇ ਹੋਏ ਕਪੜੇ ਸਿਰਹਾਣੇ ਰਖਵਾ ਲੈਂਦਾ ਤੇ ਸਵੇਰੇ ਉਠ ਕੇ ਰਾਤ ਦੇ ਲਾਹੇ ਹੋਏ ਮੈਲੇ ਕਪੜੇ ਸਿਰਹਾਣੇ ਰੱਖ ਕੇ ਉਹ ਚਿੱਟੇ ਕਪੜੇ ਪਾ ਲੈਂਦਾ। ਪਰ ਛੇਤੀ ਹੀ ਇਹ ਵੀ ਮੈਲੇ ਹੋ ਜਾਂਦੇ ਤੇ ਫਿਰ ਕਈ ਦਿਨ ਉਹ ਮੈਲੇ ਹੀ ਪਾਈ ਫਿਰਦਾ। ਜੇ ਲਾਲ ਵੀ ਦਿਆਲ ਵਾਂਗ ਸ਼ਾਮ ਘਰ ਬਿਤਾ ਸਕੇ।

ਤੇ ਫਿਰ ਰਾਤ ਨੂੰ ਜਦੋਂ ਲਾਲ ਘਰ ਆਉਂਦਾ ਤਾਂ ਉਹ ਆਖਦੀ, "ਤੂੰ ਉਹਦਾ ਕਾਮਾ ਰੱਖਿਆ ਹੋਇਆ ਏਂ? ਆਪ ਤੇ ਸਰਦਾਰ ਪਿੰਡ ਫਿਰਦਾ ਰਹਿੰਦਾ ਏ ਤੇ ਤੂੰ ਉਥੇ ਮਿੱਟੀ ਨਾਲ ਘੁਲਦਾ ਰਹਿਨਾ ਏਂ।"

"ਪਿੰਡ ਫਿਰਨ ਵਿਚ ਕੀ ਪਿਆ ਏ? ਪਾਣੀ ਵੀ ਵਾਰੀ ਦੀ ਗੱਲ ਕਰਨੀ ਸੀ ਏਸ ਕਰ ਕੇ ਆਇਆ ਸੀ ਉਹ।" ਲਾਲ ਗੱਲ ਵਲਾਂਦਾ ਤੇ ਫਿਰ ਮਰ੍ਹਮ ਲਾਉਂਦਾ।

"ਕਦੀ ਹਲ ਫਲ ਠੀਕ ਕਰਾਣਾ ਹੁੰਦਾ ਏ, ਕੋਈ ਰੱਸਾ ਪੈੜਾ ਵਟਣਾ ਹੁੰਦਾ ਏ ਜਾਂ ਕੋਈ ਬੰਦਾ ਦਿਹਾੜੀ ਲਈ ਆਖਣਾ ਹੁੰਦਾ ਏ, ਪਿੰਡ ਵਿਚ ਸੌ ਕੰਮ ਹੁੰਦੇ ਨੇ।"

"ਪਿੰਡ ਕੰਮ ਹੁੰਦੇ ਨੇ ਤਾਂ ਤੂੰ ਵੀ ਆ ਜਾਇਆ ਕਰ ਕਦੀ, ਜ਼ਰੂਰ ਉਸੇ ਹੀ ਕਰਨੇ ਹੁੰਦੇ ਨੇ ਪਿੰਡ ਵਾਲੇ ਕੰਮ।"

"ਹਲਾ ਮੈਂ ਆ ਜਾਇਆ ਕਰਾਂਗਾ ਇਹਦੇ 'ਚ ਕਿਹੜੀ ਗੱਲ ਏ। ਉਹ ਆਂਹਦਾ ਏ ਮੈਂ ਲਗਾ ਜਾਨਾਂ, ਮੈਂ ਆਹਨਾਂ ਹਲਾ ਤੂੰ ਲਗਾ ਜਾ।"

ਲਾਲ ਆਉਣ ਲਈ ਕਹਿ ਤੇ ਦੇਂਦਾ, ਪਰ ਉਹ ਆਇਆ ਕਦੀ ਨਾ। ਏਸ ਵਿੜ੍ਹੀ ਵਿਚ ਅਸਲ ਵਿਚ ਉਹ ਭਿਆਲ ਦੇ ਹੇਠ ਵਗ ਰਿਹਾ ਸੀ। ਉਹ ਤਾਰੇ ਚੜ੍ਹੇ ਉਠਦਾ ਤੇ ਕਾਮੇ ਨਾਲ ਹਲ ਜੋੜ ਕੇ ਲੈ ਜਾਂਦਾ, ਮਗਰੋਂ ਦਿਆਲ ਧੰਮੀਂ ਵੇਲੇ ਉਠ ਕੇ ਮੱਝੀਂ ਨੂੰ ਬਾਹਰ ਕਢਦਾ, ਪੱਠੇ ਪਾਂਦਾ ਤੇ ਫਿਰ ਚੋਂਦਾ। ਡੰਗਰਾਂ ਜੋਗੇ ਪੱਠੇ ਵੱਢ ਕੇ ਉਹ ਉਹਨਾਂ ਨੂੰ ਛੇੜ ਕੇ ਲੈ ਜਾਂਦਾ ਤੇ ਥੋੜ੍ਹਾ ਜਿਹਾ ਫਿਰ ਟੁਰਾ ਕੇ ਮੋੜ ਲਿਆਉਂਦਾ। ਪਿਛਲੇ ਪਹਿਰ ਉਹ ਪਿੰਡ ਕਦੀ ਕਿਸੇ ਢਾਣੀ ਨਾਲ ਸ਼ਰਾਬ ਪੀ ਛਡਦਾ, ਕਦੀ ਤਾਸ਼ ਖੇਡਦਾ ਰਹਿੰਦਾ ਤੇ ਕਦੀ ਅਖ਼ਬਾਰਾਂ ਦੀਆਂ ਖ਼ਬਰਾਂ ਸੁਣਦਾ, ਸਮਝਦਾ ਰਹਿੰਦਾ। ਵਾਹੀ ਦਾ ਤੇ ਸਾਰਾ ਭਾਰ ਦਿਨੋ-ਦਿਨ ਲਾਲ ਤੇ ਪੈਂਦਾ ਜਾ ਰਿਹਾ ਸੀ। ਲਾਲ ਸਦਾ ਯਾਰ ਬੇਲੀ ਗੰਢਣ ਤੇ ਆਪਣਾ ਰਸੂਖ਼ ਬਣਾਨ ਤੇ ਰਹਿੰਦਾ। ਹਰ ਭਿਆਲੀ ਵਿਚ ਇਸ ਤਰ੍ਹਾਂ ਹੀ ਹੁੰਦਾ ਹੈ। ਇਕ ਧਿਰ ਬਹੁਤਾ ਕੰਮ ਕਰਦੀ ਹੈ ਤੇ ਇਕ ਥੋੜ੍ਹਾ, ਜਿੰਨਾ ਚਿਰ ਬਹੁਤਾ ਕੰਮ ਕਰਨ ਵਾਲੀ ਧਿਰ ਚੁਪ ਕੀਤੀ ਰਹੇ ਭਿਆਲੀ ਚਲਦੀ ਜਾਂਦੀ ਹੈ ਤੇ ਜਦੋਂ ਉਹ ਨੂੰ ਇਹ ਬਹੁਤਾ ਕੰਮ ਚੁਭਣ ਲੱਗ ਜਾਵੇ ਤਾਂ ਭਿਆਲੀ ਟੁੱਟ ਜਾਂਦੀ ਹੈ।

ਇਕ ਦਿਨ ਵਾਢੀਆਂ ਤੋਂ ਪਿਛੋਂ ਲੁਹਾਰਾਂ ਦੇ ਮੁੰਡੇ ਜੱਟਾਂ ਤੋਂ ਕਣਕ ਦੀਆਂ ਭਰੀਆਂ ਇਕੱਠੀਆਂ ਕਰ ਰਹੇ ਸਨ। ਲਾਲ ਇਕ ਹੋਰ ਜੱਟ ਦੇ ਡੇਰੇ ਤੇ ਬੈਠਾ ਸੀ। ਲੁਹਾਰਾਂ ਦਾ ਇਕ ਮੁੰਡਾ ਉਸ ਜੱਟ ਤੋਂ ਭਰੀ ਮੰਗਣ ਆ ਗਿਆ। ਉਸ ਨਾਲ ਦਾ ਦੂਜਾ ਮੁੰਡਾ ਕੋਲ ਸੜਕ ਤੋਂ ਭਰੀ ਚੁਕੀ ਲੰਘ ਰਿਹਾ ਸੀ।

"ਔਹ ਭਰੀ ਕਿਥੋਂ ਲਿਆਏ ਓ?" ਉਸ ਜੱਟ ਨੇ ਭਰੀ ਮੰਗਣ ਆਏ ਮੁੰਡੇ ਤੋਂ ਦੂਜੀ ਭਰੀ ਬਾਰੇ ਪੁੱਛਿਆ।

"ਇਹ ਤੇ ਐਥੋਂ ਦਿਆਲ ਦੇ ਖਲਵਾੜੇ ਤੋਂ ਲਿਆਏ ਆਂ।"

ਲਾਲ ਨੇ ਇਹ ਸੁਣਿਆ ਤਾਂ ਉਸ ਨੂੰ ਆਪਣਾ ਲਹੂ ਠੰਡਾ ਹੁੰਦਾ ਲੱਗਾ। ਖਲਵਾੜਾ ਤਾਂ ਸਾਂਝਾ ਸੀ, ਪਰ ਨਾਂ ਦਿਆਲ ਦਾ ਵੱਜ ਰਿਹਾ ਸੀ। ਕੰਮ ਵਿਚ ਰੁਝੇ ਲਾਲ ਦਾ ਤੇ ਆਪਣੇ ਭੋਇੰ ਭਾਂਡੇ ਤੋਂ ਵੀ ਨਾਂ ਮਿਟਦਾ ਜਾ ਰਿਹਾ ਸੀ। ਉਸ ਨੇ ਅੱਡਰੇ ਹੋਣ ਦਾ ਫ਼ੈਸਲਾ ਕਰ ਲਿਆ। ਵਾਢੀਆਂ ਪਿੱਛੋਂ ਉਂਜ ਵੀ ਇਹ ਵਾਹੀਆਂ ਬਦਲਣ ਦੇ ਦਿਨ ਸਨ।

ਦਾਣੇ ਤੇ ਉਹ ਪਹਿਲਾਂ ਹੀ ਵੰਡ ਲੈਂਦੇ ਸਨ। ਇਸ ਵਾਰੀ ਉਸ ਨੇ ਤੂੜੀ ਵੀ ਵੰਡ ਲਈ। ਮੱਝਾਂ ਆਪਣੀਆਂ ਵੱਖਰੀਆਂ ਬੰਨ੍ਹ ਲਈਆਂ। ਇਕ ਸੱਜਰ ਸੂਈ ਮੱਝ ਦਾ ਥੋੜ੍ਹਾ ਵਖਤ ਸੀ, ਉਸ ਦੀ ਕੱਟੀ ਮਰ ਗਈ ਹੋਈ ਸੀ ਤੇ ਉਹ ਦਿਆਲ ਦੇ ਹੱਥ 'ਤੇ ਪਈ ਹੋਈ ਸੀ। ਕਿਸੇ ਹੋਰ ਤੋਂ ਨਹੀਂ ਸੀ ਮਿਲਦੀ। ਲਾਲ ਨੇ ਕੁਝ ਦਿਨ ਉਸ ਨੂੰ ਛੋਲਿਆਂ ਦੇ ਵੰਡ ਵਿਚ ਲੂਣ ਘੋਲ ਕੇ ਪਿਆਇਆ, ਆਪਣੇ ਹੱਥ ਤੇ ਆਟਾ ਚਰਾਇਆ, ਤਲੀ ਤੋਂ ਧਾਰਾਂ ਮਾਰ ਕੇ ਉਸ ਨੂੰ ਚਟਾਈਆਂ, ਆਪਣੇ ਮੂੰਹ ਵਿਚ ਧਾਰ ਲੈ ਕੇ ਉਸ ਦੀਆਂ ਨਾਸਾਂ ਤੇ ਫੁਰਕੜਾ ਮਾਰਿਆ ਤੇ ਉਹ ਹੌਲੀ ਹੌਲੀ ਉਸ ਤੋਂ ਵੀ ਮਿਲਣ ਲਗ ਪਈ, ਪਰ ਦਿਆਲ ਨਾਲੋਂ ਉਸ ਮੱਝ ਦਾ ਪਿਆਰ ਨਾ ਟੁਟਾ। ਜਦੋਂ ਕਦੀ ਖੁਲ੍ਹਦੀ ਉਸ ਕੋਲ ਜਾ ਖਲੋਂਦੀ ਜਾਂ ਉਸ ਦੀਆਂ ਮੱਝਾਂ ਵਿਚ ਰਲ ਜਾਂਦੀ।

ਮੱਝ ਦਾ ਤੇ ਦਿਆਲ ਨਾਲ ਪਿਆਰ ਬਣਿਆ ਰਿਹਾ, ਪਰ ਲਾਲ ਤੇ ਦਿਆਲ ਇਕ ਦੂਜੇ ਤੋਂ ਦੂਰ ਦੂਰ ਹੁੰਦੇ ਗਏ। ਪੈਲੀਆਂ ਨੇੜੇ ਹੋਣ ਕਰ ਕੇ ਉਹਨਾਂ ਦੇ ਡੰਗਰ ਖੁੱਲ੍ਹ ਕੇ ਇਕ ਦੂਜੇ ਦੀ ਪੈਲੀ ਵਿਚ ਪੈ ਜਾਂਦੇ ਤੇ ਇਸ ਵਿਚੋਂ ਕਈ ਉਲ੍ਹਾਮੇ ਨਿਕਲਦੇ। ਹਰ ਇਹੋ ਜਿਹੇ ਮੌਕੇ ਤੇ ਦੋਵੇਂ ਇਕ-ਦੂਜੇ ਤੋਂ ਵਧ ਕੇ ਗੱਲਾਂ ਕਰਦੇ ਤੇ ਕੋਈ ਧਿਰ ਨੀਵੀਂ ਨਾ ਖਿਚਦੀ। ਜਦੋਂ ਦਿਆਲ ਦੀ ਨਿੱਕੀ ਜਿਹੀ ਕੱਟੀ ਲਕੜਾਂ ਦੀ ਵਿਰਲ ਵਿਚੋਂ ਨਿਕਲ ਕੇ ਸਾਰੀ ਰਾਤ ਲਾਲ ਦੇ ਬੀਜੇ ਹੋਏ ਗੋਂਗਲੂਆਂ ਵਿਚ ਫਿਰਦੀ ਰਹੀ ਤਾਂ ਦਿਆਲ ਨੇ ਅੱਗੋਂ ਉਲਟਾ ਕਿਹਾ, "ਮੈਂ ਕੱਟੀ ਦੇ ਨਾਲ ਤਾਂ ਨਹੀਂ ਨਾ ਬੱਝ ਜਾਣਾ। ਇਹ ਨਿੱਕੇ-ਨਿੱਕੇ ਜੀਅ ਸਜਿਓਂ-ਖਬਿਓਂ ਕਿਧਰੋਂ ਨਿਕਲ ਈ ਜਾਂਦੇ ਨੇ।"

ਤੇ ਫਿਰ ਅਗਲੇ ਦਿਨ ਜਦੋਂ ਲਾਲ ਦੀ ਘੋੜੀ ਸੰਗਲ ਲਗੇ ਨਾਲ ਦਿਆਲ ਦੀ ਫਲੀ ਹੋਈ ਕਪਾਹ ਵਿਚ ਬੂਟੇ ਭੰਨਦੀ ਤੇ ਫਲ ਕੇਰਦੀ ਰਹੀ ਤਾਂ ਲਾਲ ਨੇ ਕਹਿ ਛਡਿਆ, "ਘੋੜੀ ਤੇ ਕਪਾਹ ਨੂੰ ਮੂੰਹ ਨਹੀਂ ਲਾਂਦੀ। ਬੂਟੇ ਤੇ ਓਦੋਂ ਭਜਦੇ ਨੇ ਜਦੋਂ ਸੰਗਲੀ ਹੋਈ ਘੋੜੀ ਨੂੰ ਤੂੰ ਮਗਰੋਂ ਤ੍ਰਾਹਨਾ ਏਂ ਚਾ। ਆਰਾਮ ਨਾਲ ਕਢੇਂ ਤਾਂ ਆਪੇ ਬੂਟੇ ਨਾ ਭੱਜਣ।" ਦਿਆਲ ਨੂੰ ਇਸ ਗੱਲ ਦਾ ਬੜਾ ਗ਼ੁੱਸਾ ਸੀ। ਗੋਂਗਲੂ ਤੇ ਆਖ਼ਰ ਪੱਠੇ ਹੀ ਸਨ, ਪਰ ਕਪਾਹ ਤੇ ਪੈਸੇ ਵਾਲੀ ਫ਼ਸਲ ਸੀ। ਇਕ ਬਚਾਅ ਸੀ। ਨਾ ਲਾਲ ਤੇ ਨਾ ਦਿਆਲ ਨੇ ਕਦੀ ਇਕ ਦੂਜੇ ਦੀ ਹੱਥੀਂ ਪੈਣ ਲਈ ਸੋਚਿਆ ਸੀ।

ਇਸ ਤੋਂ ਕੁਝ ਦਿਨ ਪਿਛੋਂ ਮੀਂਹ ਪਿਆ। ਦਿਆਲ ਕੋਲ ਤੇ ਬਾਹਰ ਇੱਕ ਕੋਠਾ ਹੈ ਹੀ ਸੀ, ਪਰ ਲਾਲ ਨੇ ਅਜੇ ਕੁਝ ਨਹੀਂ ਸੀ ਛੱਤਿਆ। ਫਿਰ ਵੀ ਉਹ ਦਿਆਲ ਦੇ ਕੋਠੇ ਵਿਚ ਆ ਕੇ ਸਿਰ ਨਹੀਂ ਲੁਕਾਣਾ ਚਾਹੁੰਦਾ ਸੀ। ਉਸ ਦੇ ਤੂਤ ਹੇਠਾਂ ਥੋੜ੍ਹਾ ਜਿਹਾ ਬਚਾ ਹੋ ਸਕਦਾ ਸੀ। ਚਾਦਰ ਦੀ ਬੁੱਕਲ ਮਾਰ ਕੇ ਉਹ ਆਪਣੇ ਤੂਤ ਥੱਲੇ ਬੈਠਾ ਰਿਹਾ ਤੇ ਉਤੇ ਮੀਂਹ ਪੈਂਦਾ ਰਿਹਾ। ਇਹ ਗੱਲ ਪਿੰਡ ਵੀ ਅੱਪੜ ਗਈ। ਉਸ ਦੇ ਤੂਤ ਵਿਚ ਬਗਲਿਆਂ ਦੇ ਆਲ੍ਹਣੇ ਸਨ। ਲੋਕੀਂ ਕਹਿੰਦੇ ਫਿਰਨ, "ਉਤੇ ਬਗਲੇ ਨ੍ਹਾਉਂਦੇ ਰਹੇ ਤੇ ਹੇਠਾਂ ਲਾਲ ਨਹਾਉਂਦਾ ਰਿਹਾ।"

ਇਸ ਮੀਂਹ ਤੋਂ ਪਿੱਛੋਂ ਇਹ ਗੱਲ ਆਮ ਸੀ ਕਿ ਇਕ ਨਾ ਇਕ ਦਿਨ ਲਾਲ ਤੇ ਦਿਆਲ ਦੀ ਲੜਾਈ ਹੋਵੇਗੀ। ਕੋਈ ਕਹਿੰਦਾ ਸੀ ਦਿਆਲ ਤਕੜਾ ਹੈ ਉਹ ਮਾਰੇਗਾ। ਕੋਈ ਕਹਿੰਦਾ ਸੀ ਲਾਲ ਵਿਚ ਗ਼ੁੱਸਾ

ਬਹੁਤਾ ਏ, ਇਸ ਲਈ ਉਹ ਮਾਰੇਗਾ।

ਇਹ ਗੱਲਾਂ ਲਾਲ ਦੀ ਵਹੁਟੀ ਤੀਕਰ ਵੀ ਅਪੜਦੀਆਂ ਤੇ ਕਦੀ-ਕਦੀ ਉਹ ਘਾਬਰ ਕੇ ਪੁਛਦੀ:

"ਸੁਣਿਐਂ ਦਿਆਲ ਤੇਰੇ ਗਲ ਪੈਣ ਨੂੰ ਫਿਰਦਾ ਏ?"

"ਮੇਰੇ ਗਲ ਪੈ ਕੇ ਮਰਨੈ ਓਸ। ਉਹ ਤੇ ਕੁਸਕ ਨਹੀਂ ਸਕਦਾ ਮੇਰੇ ਸਾਹਮਣੇ।" ਲਾਲ ਅੱਗੋਂ ਚੌੜਾ ਹੋ ਕੇ ਆਖਦਾ।

ਆਪਣੇ ਆਪ ਨੂੰ ਉੱਚਾ ਵਿਖਾਣ ਲਈ ਇੱਕ ਦਿਨ ਲਾਲ ਨੇ ਹੱਦ ਹੀ ਕਰ ਦਿਤੀ। ਨਵੀਂ ਕਣਕ ਬੀਜਣ ਤੋਂ ਪਹਿਲਾਂ ਦਿਆਲ ਆਪਣੀ ਇਕ ਪੈਲੀ ਵਿਚ ਰੂੜੀ ਪਾਉਣੀ ਚਾਹੁੰਦਾ ਸੀ। ਗੱਡੇ ਦਾ ਰਾਹ ਲਾਲ ਦੀ ਪੈਲੀ ਵਿਚੋਂ ਦੀ ਹੀ ਸੀ, ਪਰ ਇਹ ਪੈਲੀ ਕਿਉਂਕਿ ਅਪੜ ਪਈ ਹੋਈ ਸੀ ਇਸ ਲਈ ਇਸ ਵਿਚੋਂ ਗੱਡਾ ਲੰਘਾਣ ਦਾ ਕੋਈ ਹਰਜ਼ ਨਹੀਂ ਸੀ। ਪਰ ਜਦੋਂ ਦਿਆਲ ਗੱਡਾ ਭਰ ਕੇ ਲਿਆਇਆ ਤਾਂ ਲਾਲ ਡਾਂਗ ਫੜ ਕੇ ਆਪਣੀ ਵੱਟ ਤੇ ਖਲੋ ਗਿਆ ਤੇ ਉਸ ਨੇ ਦਿਆਲ ਦਾ ਗੱਡਾ ਪਿਛਾਂਹ ਮੋੜ ਦਿਤਾ।

ਰਾਤ ਨੂੰ ਜਦੋਂ ਲਾਲ ਨੇ ਇਹ ਗੱਲ ਆਪਣੀ ਵਹੁਟੀ ਨੂੰ ਦੱਸੀ ਤਾਂ ਉਸ ਨੂੰ ਵਿਸ਼ਵਾਸ ਜਿਹਾ ਹੋ ਗਿਆ ਕਿ ਦਿਆਲ ਉਸ ਦੇ ਪਤੀ ਤੋਂ ਕੁਝ ਤ੍ਰਹਿੰਦਾ ਸੀ। ਦਿਆਲ ਨੂੰ ਵੀ ਆਪਣੀ ਹਾਲਤ ਕੁਝ ਚੁਭਣ ਲਗ ਪਈ ਸੀ। ਬਿਨਾਂ ਕੁਝ ਪੱਜ ਬਣਾਨ ਦੇ ਉਹ ਉਸ ਨਾਲ ਖਹਿਣ-ਖਹਿਣ ਕਰਦਾ ਸੀ।

ਇਕ ਦਿਨ ਖਾਓ ਪੀਏ ਨਾਲ ਲਾਲ ਆਪਣੀ ਘੋੜੀ ਤੇ ਚੜ੍ਹ ਕੇ ਪਿੰਡ ਆ ਰਿਹਾ ਸੀ। ਰਾਹ ਵਿਚ ਇਕ ਖਾਲ ਤੇ ਦਿਆਲ ਤੇ ਇਕ ਹੋਰ ਬੰਦਾ ਸ਼ਰਾਬ ਪੀ ਰਹੇ ਸਨ। ਉਹਨਾਂ ਲਾਲ ਨੂੰ ਵੇਖ ਲਿਆ ਤੇ ਲਾਲ ਨੇ ਉਹਨਾਂ ਨੂੰ। ਖਾਲ ਤੋਂ ਲੰਘਣ ਲਈ ਘੋੜੀ ਨੇ ਹੌਲੀ ਹੋਣਾ ਹੀ ਸੀ। ਲਾਲ ਦੇ ਹੱਥ ਵਿਚ ਕੇਵਲ ਸਖਣਾ ਗੜਵਾ ਸੀ।

"ਕਿਹੜਾ ਏ?" ਦਿਆਲ ਨੇ ਜ਼ਰਾ ਲਮਕਾ ਕੇ ਕਿਹਾ।

"ਮੈਂ ਆਂ, ਲਾਲ।" ਲਾਲ ਨੇ ਤਕੜੇ ਹੋ ਕੇ ਕਿਹਾ ਤੇ ਫਿਰ "ਤਰੂਹਓ, ਤਰੂਹਓ" ਕਰ ਕੇ ਘੋੜੀ ਨੂੰ ਪਾਣੀ ਪਿਆਣ ਲੱਗ ਪਿਆ, ਜਿਸ ਤਰ੍ਹਾਂ ਕਹਿ ਰਿਹਾ ਹੋਵੇ, "ਆ ਜਾਓ ਮੈਂ ਤੇ ਖਲ੍ਹਾ ਵਾਂ।" ਪਰ ਆਇਆ ਕੋਈ ਨਾ ਤੇ ਲਾਲ ਨੇ ਪਾਣੀ ਪਿਆ ਕੇ ਘੋੜੀ ਟੋਰ ਲਈ।

ਘਰ ਆ ਕੇ ਲਾਲ ਨੇ ਵਹੁਟੀ ਨੂੰ ਦਸਿਆ, "ਮੈਂ ਸੋਚਿਆ ਜਿਹੜਾ ਆਇਆ ਗੜਵਾ ਮਾਰਾਂਗਾ ਸਿਰ ਵਿਚ। ਘੋੜੀ ਤੇ ਚੜ੍ਹਿਆ ਬੰਦਾ ਉਂਜ ਵੀ ਚਹੁੰ ਬੰਦਿਆਂ ਤੇ ਭਾਰੂ ਹੁੰਦਾ ਏ। ਜਿਸ ਨੂੰ ਮਰਜ਼ੀ ਹੋਵੇ ਹੇਠ ਲੈ ਕੇ ਮਾਰ ਦਏ।"

"ਸ਼ਾਬਾਸ਼!" ਲਾਲ ਦੀ ਵਹੁਟੀ ਦੀਆਂ ਚਮਕਦੀਆਂ ਅੱਖਾਂ ਨੇ ਕਿਹਾ, "ਮੇਰਾ ਪਤੀ ਇਸ ਤੋਂ ਘੱਟ ਕੀ ਕਰ ਸਕਦਾ ਸੀ।"

ਲਾਲ ਡਾਢਾ ਖ਼ੁਸ਼ ਸੀ। ਅੱਜ ਉਹਦੀ ਗੱਲ ਵਿਚ ਵਧੇਰੇ ਠਰ੍ਹੰਮਾ ਸੀ, ਉਸ ਦਾ ਪੈਰ ਬੜਾ ਫੱਬ ਕੇ ਭੋਇੰ ਤੇ ਟਿਕਦਾ ਸੀ ਤੇ ਉਸ ਦੇ ਬੱਚੇ ਉਸ ਨੂੰ ਡਾਢੇ ਪਿਆਰੇ ਲਗਦੇ ਸਨ।

ਫਿਰ ਇਕ ਰਾਤ ਕੁਝ ਕਿਣ-ਮਿਣ ਜਿਹੀ ਰਹੀ। ਕਿਣ-ਮਿਣ ਦੇ ਆਲ੍ਹਸ ਤੋਂ ਲਾਲ ਨੇ ਧੰਮੀ ਵੇਲੇ

ਉਠ ਕੇ ਮੱਝ ਨੂੰ ਪੱਠੇ ਨਾ ਪਾਏ। ਪੱਠਿਆਂ ਦੀ ਹਿਰਸ ਵਿਚ ਮੱਝ ਸੰਗਲ ਖਿਚ ਕੇ ਮੀਂਹ ਨਾਲ ਢਿੱਲਾ

ਹੋਇਆ ਕਿੱਲਾ ਪੁਟਾ ਗਈ। ਚੰਗੇ ਦਿਨ ਚੜ੍ਹੇ ਉਠ ਕੇ ਲਾਲ ਬਾਹਰੋਂ ਸੜਕ ਤੋਂ ਮੱਝ ਲੱਭ ਕੇ ਤੇ ਅਗੇ ਵੰਡ ਪਾ ਕੇ ਚੋਣ ਬਹਿ ਗਿਆ।

ਮੱਝ ਦਾ ਪਸਮਾ ਅਜ ਬਹੁਤਾ ਢਿੱਲਾ ਸੀ। ਕਿਸੇ ਪਹਿਲਾਂ ਚੋਅ ਲਈ ਹੋਈ ਜਾਪਦੀ ਸੀ। ਐਵੇਂ ਵੰਡ ਦੇ ਲਾਲਚ ਨੂੰ ਹੀ ਦੂਜੀ ਵਾਰ ਮਿਲ ਰਹੀ ਸੀ।

ਪਰ ਕੋਈ ਕੌਣ ਇਹਨੂੰ ਚੋਅ ਸਕਦਾ ਸੀ ? ਦਿਆਲ ਤੋਂ ਬਿਨਾਂ ਤੇ ਇਹ ਕਿਸੇ ਤੋਂ ਮਿਲਦੀ ਨਹੀਂ ਸੀ। ਬੱਸ ਦਿਆਲ ਨੇ ਹੀ ਚੋਈ ਸੀ। ਚਾਰ-ਚਾਰ ਧਾਰਾਂ ਮਾਰਨ ਪਿਛੋਂ ਸਾਰੇ ਥਣ ਖ਼ਾਲੀ ਹੋ ਗਏ।

ਗੜਵੇ ਵਿਚ ਤਿੰਨ ਚਾਰ ਛੰਨਿਆਂ ਦੀ ਥਾਂ ਮਸਾਂ ਇਕ ਛੰਨਾ ਦੁੱਧ ਸੀ। ਹੁਣ ਕੀ ਬਣੇਗਾ ? ਦਿਆਲ ਨੇ ਤੇ ਬਹੁਤ ਹੀ ਮੂਰਖਤਾ ਕੀਤੀ ਸੀ। ਆਪਣੀ ਵਹੁਟੀ ਨੂੰ ਲਾਲ ਹੁਣ ਕੀ ਕਹੇ ? ਉਹ ਜਾਣਦੀ ਸੀ ਕਿ ਦਿਆਲ ਤੋਂ ਬਿਨਾਂ ਇਹ ਮੱਝ ਕਿਸੇ ਤੋਂ ਮਿਲਦੀ ਹੀ ਨਹੀਂ ਸੀ ਤੇ ਦਿਆਲ ਤੋਂ ਆਪਣੀ ਮੱਝ ਚਵਾ ਕੇ ਉਹ ਆਪਣੀ ਵਹੁਟੀ ਦੇ ਸਾਹਮਣੇ ਚੁਪ ਕਰ ਕੇ ਕਿਸ ਤਰ੍ਹਾਂ ਬੈਠ ਸਕਦਾ ਸੀ ? ਹੋ ਸਕਦਾ ਸੀ ਕਿ ਲਾਲ ਉਸ ਨਾਲ ਉੱਚੀ ਨੀਵੀਂ ਗੱਲ ਕਰੇ ਤੇ ਦਿਆਲ ਅਗੇ ਵਾਂਗ ਨੀਵੀਂ ਖਿਚ ਜਾਵੇ ਤੇ ਇਸ ਤਰ੍ਹਾਂ ਲਾਲ ਦੀ ਇੱਜ਼ਤ ਬਚ ਜਾਵੇ। ਸ਼ਾਇਦ ਉਹ ਡਾਂਗ ਸੋਟੇ ਨਾਲ ਉਸ ਦਾ ਬੂਹਾ ਵੀ ਠਕੋਰ ਸਕੇ, ਪਰ ਘਰ ਤੇ ਉਸ ਦੇ ਦੋ ਜਵਾਨ ਸਾਲੇ ਆਏ ਹੋਏ ਸਨ। ਉਹ ਤੇ ਉਸ ਨੂੰ ਬੂਹੇ ਦੇ ਨੇੜੇ ਵੀ ਨਹੀਂ ਆਉਣ ਦੇਣ ਲੱਗੇ। ਲਾਲ ਬੈਠਾ ਮੱਝ ਨੂੰ ਹੋਰ ਪਸਮਾਂਦਾ ਰਿਹਾ, ਪਰ ਕੋਈ ਬਹੁਤੀਆਂ ਧਾਰਾਂ ਥਣਾਂ ਵਿਚ ਨਾ ਆਈਆਂ। ਅਖ਼ੀਰਲੇ ਡੋਕੇ ਵੀ ਹੁਣ ਮੁੱਕ ਚੁੱਕੇ ਸਨ।

ਅਚਨਚੇਤ ਲਾਲ ਨੂੰ ਇਕ ਫੁਰਨਾ ਫੁਰਿਆ। ਡੁਲ੍ਹੇ ਹੋਏ ਦੁੱਧ ਬਾਰੇ ਇਹ ਅੰਦਾਜ਼ਾ ਲਾਉਣਾ ਔਖਾ ਹੁੰਦਾ ਕਿ ਇਹ ਕਿੰਨਾ ਕੁ ਸੀ। ਥੋੜ੍ਹਾ ਦੁੱਧ ਵੀ ਡੁਲ੍ਹਿਆ ਹੋਇਆ ਬਹੁਤ ਜ਼ਿਆਦਾ ਲਗਦਾ ਏ। ਜੇ ਉਹ ਗੜਵੇ ਵਾਲਾ ਦੁੱਧ ਡੋਲ੍ਹ ਦੇਵੇ ਤਾਂ ਉਹ ਆਪਣੀ ਵਹੁਟੀ ਨੂੰ ਕਹਿ ਸਕਦਾ ਸੀ ਕਿ ਮੱਝ ਨੇ ਲੱਤ ਮਾਰ ਕੇ ਡੋਲ੍ਹ ਦਿਤਾ ਹੈ। ਹੱਥ ਵਿਚ ਫੜਿਆ ਗੜਵਾ ਉਸ ਨੇ ਮੂਧਾ ਕਰ ਦਿਤਾ। ਮੀਂਹ ਨਾਲ ਸਾਰੇ ਥਾਂ ਚਿੱਕੜ ਹੋਇਆ ਹੋਇਆ ਸੀ ਤੇ ਕਿਧਰੇ ਕਿਧਰੇ ਪਾਣੀ ਦੀਆਂ ਨਿੱਕੀਆਂ-ਨਿੱਕੀਆਂ ਛਪੜੀਆਂ ਵੀ ਬਣੀਆਂ ਹੋਈਆਂ ਸਨ। ਇਹ ਗਿੱਲ ਤੇ ਪਾਣੀ ਕਰ ਕੇ ਡੁਲ੍ਹਿਆ ਦੁੱਧ ਬਹੁਤ ਸਾਰਾ ਲਗਦਾ ਸੀ। ਲਾਲ ਆਪਣੇ ਕੰਮ ਤੇ ਸੰਤੁਸ਼ਟ ਸੀ।

"ਦੁੱਧ ਤੇ ਡੁਲ੍ਹਾ ਦਿਤਾ ਏ ਅਜ ਪੀੜ ਜੋਗੀ ਨੇ।" ਉਸ ਆ ਕੇ ਵਹੁਟੀ ਨੂੰ ਕਿਹਾ।

"ਹਾਏ-ਹਾਏ! ਕਿਸ ਤਰ੍ਹਾਂ!"

"ਬੱਸ ਲੱਤ ਚੁਕ ਕੇ ਮਾਰੀ ਸੂ ਗੜਵੇ ਤੇ, ਤੇ ਗੜਵਾ ਮੂਧਾ ਹੋ ਗਿਆ।"

"ਦੋ ਸੋਟੇ ਨਹੀਂ ਮਾਰੀਦੇ ਇਹੋ ਜਿਹੀ ਮੱਝ ਨੂੰ!" ਵਹੁਟੀ ਨੂੰ ਅੱਠ ਪਹਿਰ ਦੁੱਧੋਂ ਸੱਖਣੇ ਰਹਿਣ ਤੋਂ ਖਿੱਝ ਆ ਰਹੀ ਸੀ।

"ਨਹੀਂ, ਮਾਰਨਾ ਕੀ ਏ। ਕਿਤੇ ਮੱਖੀ ਡੰਗ ਚਾ ਮਾਰੇ ਤਾਂ ਡੰਗਰ ਕਾਹਲਾ ਪੈ ਜਾਂਦਾ ਏ, ਹੈ ਤੇ ਵਿਚਾਰੀ ਅਸੀਲ।"

ਚੁੱਲ੍ਹੇ ਅਗੋਂ ਉਠ ਕੇ ਉਹ ਮੱਝ ਕੋਲ ਗਈ। ਆਸਾਧਾਰਨ ਹਾਲਤ ਵਿਚ ਚੀਜ਼ ਵੇਖਣ ਨੂੰ ਹਰ ਇਕ ਦਾ ਜੀਅ ਕਰਦਾ ਏ। ਜਿਵੇਂ ਡਿਗੇ ਹੋਏ ਜਹਾਜ਼ ਜਾਂ ਉਲਟੇ ਹੋਏ ਟਰੱਕ ਜਾਂ ਡੁਲ੍ਹੇ ਹੋਏ ਦੁੱਧ ਨੂੰ।

"ਹਾ . . . . . ! ਕਿੰਨਾ ਦੁੱਧ ਸੀ। ਛੱਪੜ ਲਗਾ ਹੋਇਆ ਏ ਦੁੱਧ ਦਾ।" ਉਸ ਕਹਿ ਕੇ ਲਾਲ ਨੂੰ ਠੰਢ ਪਾ ਦਿਤੀ।

## ਅਭਿਆਸ-ਪ੍ਰਸ਼ਨ

1. ਲਾਲ ਤੇ ਦਿਆਲ ਦਾ ਆਪਸ ਵਿੱਚ ਕੀ ਰਿਸ਼ਤਾ ਸੀ ? ਉਹਨਾਂ ਨੂੰ ਇੱਕਠੇ ਕੰਮ ਕਰਨ ਦੇ ਕੀ ਫ਼ਾਇਦੇ ਸਨ ?
2. ਦਿਆਲ ਨੂੰ ਘਰ ਫਿਰਦਾ ਵੇਖ ਕੇ ਲਾਲ ਦੀ ਵਹੁਟੀ ਕੀ-ਕੀ ਸੋਚਾਂ ਸੋਚਦੀ ਸੀ ?
3. ਲਾਲ ਆਪਣੀ ਵਹੁਟੀ ਵੱਲੋਂ ਦਿਆਲ ਪ੍ਰਤੀ ਮਿਲੇ ਉਲ੍ਹਾਮੇ ਦਾ ਜਵਾਬ ਕਿਵੇਂ ਦਿੰਦਾ ਸੀ ?
4. ਲਾਲ ਤੇ ਦਿਆਲ ਕਿਹੜੀ ਗੱਲ ਕਾਰਨ ਅੱਡਰੇ ਹੋਏ ?
5. "ਉੱਤੇ ਬਗਲੇ ਨ੍ਹਾਉਂਦੇ ਰਹੇ ਅਤੇ ਹੇਠਾਂ ਲਾਲ ਨਹਾਉਂਦਾ ਰਿਹਾ।" ਪਿੰਡ ਦੇ ਲੋਕ ਇਹ ਕਿਉਂ ਕਹਿੰਦੇ ਫਿਰਦੇ ਸਨ ?
6. ਪਹਿਲਾਂ ਹੀ ਚੋਈ ਜਾ ਚੁੱਕੀ ਮੱਝ ਦਾ ਪਰਦਾ ਰੱਖਣ ਲਈ ਲਾਲ ਨੂੰ ਕੀ ਫੁਰਨਾ ਫੁਰਿਆ ?
7. 'ਦੁੱਧ ਦਾ ਛੱਪੜ' ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

## ਗੁਰਬਚਨ ਸਿੰਘ ਭੁੱਲਰ

ਗੁਰਬਚਨ ਸਿੰਘ ਭੁੱਲਰ ਪੰਜਾਬੀ ਕਹਾਣੀ ਦਾ ਨਾਮਵਰ ਕਹਾਣੀਕਾਰ ਹੈ। ਉਹ ਪੰਜਾਬੀ ਕਹਾਣੀ ਵਿੱਚ ਮਾਰਕਸੀ ਚਿੰਤਨ ਦੇ ਵਿਸ਼ੇਸ਼ ਗਿਆਤਾ ਵਜੋਂ ਜਾਣਿਆ ਜਾਂਦਾ ਹੈ। ਉਸ ਦੀਆਂ ਕਹਾਣੀਆਂ ਅਗਾਂਹ ਵਧੂ ਵਿਚਾਰਾਂ ਦੀ ਪੈਰਵੀ ਕਰਦੀਆਂ ਹਨ।

ਗੁਰਬਚਨ ਸਿੰਘ ਭੁੱਲਰ ਦਾ ਜਨਮ 1937 ਈ. ਨੂੰ ਪਿੰਡ ਪਿੱਥੋ (ਬਠਿੰਡਾ) ਵਿਖੇ ਹਜ਼ੂਰ ਸਿੰਘ ਦੇ ਘਰ ਹੋਇਆ। ਉਸ ਨੇ ਐਮ. ਏ. ਪੰਜਾਬੀ ਵਿਸ਼ੇ ਵਿੱਚ ਕੀਤੀ। ਉਚੇਰੀ ਵਿੱਦਿਆ ਹਾਸਿਲ ਕਰਨ ਉਪਰੰਤ ਉਸ ਨੇ ਕੁਝ ਸਮਾਂ ਦਿੱਲੀ ਵਿਖੇ ਰੂਸ ਦੀ ਅੰਬੈਸੀ ਵਿੱਚ ਬਤੌਰ ਪੱਤਰਕਾਰ ਆਪਣੀ ਭੂਮਿਕਾ ਨਿਭਾਈ। ਪੰਜਾਬੀ ਟ੍ਰਿਬਿਊਨ ਅਖ਼ਬਾਰ ਵਿੱਚ ਸੰਪਾਦਕ ਵਜੋਂ ਭੁੱਲਰ ਨੇ ਸ਼ਾਨਦਾਰ ਕੰਮ ਕੀਤਾ। ਕਥਾਕਾਰੀ, ਪੱਤਰਕਾਰੀ, ਅਨੁਵਾਦ ਆਦਿ ਖੇਤਰ ਵਿੱਚ ਭੁੱਲਰ ਨੇ ਆਪਣੀ ਸਾਹਿਤਕ ਕਲਮ ਰਾਹੀਂ ਵਿਸ਼ੇਸ਼ ਨਾਮ ਖੱਟਿਆ। ਉਸ ਦੀ ਮਾਨਤਾ ਕਹਾਣੀਕਾਰ ਵਜੋਂ ਵਧੇਰੇ ਹੋਈ। ਉਸ ਦੇ ਕਹਾਣੀ ਸੰਗ੍ਰਹਿ 'ਅਗਨੀ ਕਲਸ਼' ਨੂੰ ਭਾਰਤੀ ਸਾਹਿਤ ਅਕਾਦਮੀ ਦਿੱਲੀ ਵੱਲੋਂ ਪੁਰਸਕ੍ਰਿਤ ਕੀਤਾ ਜਾ ਚੁੱਕਾ ਹੈ। 'ਓਪਰਾ ਮਰਦ', 'ਸੁਬਹ ਕਿਤਨੀ ਖ਼ੂਬਸੂਰਤ ਹੈ', 'ਵਖਤਾਂ ਮਾਰੇ', 'ਮੈਂ ਗਜ਼ਨਵੀ ਨਹੀਂ', 'ਦੀਵੇ ਵਾਂਗ ਬਲਦੀ ਅੱਖ', 'ਅਗਨੀ ਕਲਸ਼',' ਤਿੰਨ ਮੂਰਤੀਆਂ ਵਾਲਾ ਮੰਦਰ' ਆਦਿ ਉਸ ਦੁਆਰਾ ਰਚਿਤ ਕਹਾਣੀ ਸੰਗ੍ਰਹਿ ਹਨ। ਗੁਰਬਚਨ ਸਿੰਘ ਭੁੱਲਰ ਦੀਆਂ ਮੁਢਲੀਆਂ ਕਹਾਣੀਆਂ ਦੇ ਸਰੋਕਾਰ ਮਾਲਵੇ ਖਿੱਤੇ ਨਾਲ ਜੁੜੇ ਹੋਏ ਹਨ। ਬਾਅਦ ਵਿੱਚ ਦਿੱਲੀ ਵਰਗੇ ਮਹਾਂਨਗਰਾਂ ਦੀ ਜੀਵਨ ਸ਼ੈਲੀ ਨੂੰ ਵੀ ਉਸ ਨੇ ਪੇਸ਼ ਕਰਨ ਦਾ ਯਤਨ ਕੀਤਾ। ਮੁਹਾਵਰੇਦਾਰ,ਮਲਵਈ ਉੱਪਭਾਸ਼ਾ ਉਸ ਦੀਆਂ ਵਿਸ਼ੇਸ਼ ਕਥਾ ਜੁਗਤਾਂ ਹਨ। ਅੱਜਕੱਲ੍ਹ ਉਹ ਦਿੱਲੀ ਵਿੱਚ ਰਹਿ ਕੇ ਪੰਜਾਬੀ ਸਾਹਿਤ ਦੀ ਸੇਵਾ ਕਰ ਰਿਹਾ ਹੈ। ਸਮੇਂ-ਸਮੇਂ ਅਖਬਾਰਾਂ 'ਚ ਛਪ ਰਹੇ ਉਸ ਦੇ ਲੇਖ ਉਸ ਦੀ ਲੇਖਣੀ ਦਾ ਪੁਖਤਾ ਪ੍ਰਮਾਣ ਹਨ।

# ਖ਼ੂਨ

ਕਰਤਾਰੇ ਨੇ ਕਿੱਲੀ ਉੱਤੋਂ ਤਲਵਾਰ ਲਾਹੀ, ਮਿਆਨ ਵਿੱਚੋਂ ਕੱਢੀ ਅਤੇ ਉਹਦੀ ਧਾਰ ਉੱਤੇ ਖੱਬੇ ਹੱਥ ਦਾ ਗੂਠਾ ਫੇਰਿਆ। ਉਹ ਵਿਹੜੇ ਵਿੱਚ ਖੜ੍ਹੀ ਟਾਹਲੀ ਕੋਲ ਆਇਆ। ਬਾਂਹ ਜਿੰਨਾ ਮੋਟਾ ਇੱਕ ਡਾਹਣਾ ਪੋਰੇ ਨਾਲੋਂ ਪਾਟ ਕੇ ਚੜ੍ਹਦੇ ਵਾਲੇ ਪਾਸੇ ਨੂੰ ਵਧਿਆ ਹੋਇਆ ਸੀ। ਉਹਨੇ ਤਲਵਾਰ ਦਾ ਭਰਵਾਂ ਵਾਰ ਕੀਤਾ, ਡਾਹਣਾ ਮੂਲੀ ਦੇ ਡੱਕਰੇ ਵਾਂਗ ਧਰਤੀ ਉੱਤੇ ਆ ਪਿਆ। ਤਲਵਾਰ ਚੁੰਮ ਕੇ ਉਹਨੇ ਮਿਆਨ ਵਿੱਚ ਪਾਈ ਅਤੇ ਘਰੋਂ ਬਾਹਰ ਨਿਕਲ ਗਿਆ।

ਸੱਥ ਵਿੱਚੋਂ ਘਰ ਨੂੰ ਆਉਂਦੇ ਨੇ, ਉਹਨੇ ਚੌਕੀਦਾਰ ਦਾ ਹੋਕਾ ਸੁਣਿਆ ਸੀ। ਮੁਰੱਬਾ ਬੰਦੀ ਵਾਲੇ ਪਟਵਾਰੀ ਪਿੰਡ ਵਿਚ ਆ ਗਏ ਸਨ। ਇਹ ਹੋਕਾ ਜਿਵੇਂ ਉਹ ਫੂਕ ਸੀ, ਜੋ ਚਿਰਾਂ ਤੋਂ ਧੁਖਦੇ ਘਾਹ-ਫੂਸ ਦੇ ਮਚੂੰ-ਮਚੂੰ ਕਰਦੇ ਢੇਰ ਵਿੱਚ ਲਾਟ ਬਾਲ ਦਿੰਦੀ ਹੈ।

ਕਈ ਸਾਲਾਂ ਤੋ ਉਹਦੇ ਦਿਲ ਦੀ ਇਕ ਨੁੱਕਰ ਵਿੱਚ ਇਕ ਅੱਚਵੀ ਜਿਹੀ ਲੱਗੀ ਰਹਿੰਦੀ ਸੀ, ਪਰ ਉਹ ਕਿਸੇ ਸਿੱਟੇ ਉੱਤੇ ਨਹੀਂ ਸੀ ਪੁੱਜ ਸਕਿਆ। ਹੁਣ ਉਹਨੇ ਸੋਚਿਆ ਕਿ ਵੇਲਾ ਆ ਗਿਆ ਸੀ। ਜੇ ਉਹਨੇ ਕੁਝ ਕਰਨਾ ਹੀ ਸੀ, ਤਾਂ ਹੁਣੇ ਕਿਉਂ ਨਾ ਕਰੇ, ਜਦੋਂ ਨਾਲ ਹੀ ਜ਼ਮੀਨ ਵਾਲੀ ਗੱਲ ਦਾ ਮੁਰੱਬਾਬੰਦੀ ਵਿੱਚ ਤੋਪਾ ਭਰਿਆ ਜਾਵੇ।

ਘਰੋਂ ਨਿਕਲ ਕੇ ਕਰਤਾਰਾ ਦੋ ਕੂ ਮੀਲ ਦੂਰੋਂ ਲੰਘਦੀ ਪੱਕੀ ਸੜਕ ਵੱਲ ਜਾਂਦੇ ਰਾਹ ਨਾ ਪਿਆ। ਉਹ ਅਗਲੇ ਪਿੰਡ ਦੇ ਅੱਡੇ ਵੱਲ ਜਾਂਦੀ ਸੁੰਨੀ ਡੰਡੀ ਉੱਤੇ ਤਿੱਖੀ ਤੋਰ ਤੁਰਿਆ ਜਾ ਰਿਹਾ ਸੀ। ਪੰਦਰਾਂ ਘੁਮਾਂ ਦੀ ਗੱਲ ਵੀ ਕੋਈ ਛੋਟੀ ਨਹੀਂ ਸੀ, ਪਰ ਉਹ ਤਾਂ ਆਪਣੇ ਭਵਿੱਖ ਦੇ ਇੱਕ ਵੈਰੀ ਦੀ ਅਲਖ ਮੁਕਾਉਣ ਚੱਲਿਆ ਸੀ। ਉਹ ਚਾਹੁੰਦਾ ਸੀ ਕਿ ਉਹਦੇ ਜਾਂਦੇ ਜਾਂ ਆਉਂਦੇ ਦੇ ਕੋਈ ਬੰਦਾ ਮੱਥੇ ਨਾ ਲੱਗੇ। ਆਪਣੇ ਕਾਰੇ ਦੀ ਗੰਭੀਰਤਾ ਬਾਰੇ ਸੋਚ ਕੇ ਉਹਦਾ ਦਿਲ ਤੇਜ਼-ਤੇਜ਼ ਧੜਕਣ ਲੱਗਦਾ। ਪਹਿਲਾਂ ਉਹਨੇ ਰਾਤ ਦੀ ਗੱਡੀ ਜਾਣਾ ਸੋਚਿਆ ਸੀ, ਪਰ ਇਸ ਤਰ੍ਹਾਂ ਅੱਗੇ ਦਿਨ ਆ ਜਾਣਾ ਸੀ। ਅਜਿਹੇ ਕੰਮ ਕਰਨ ਵਾਲਿਆਂ ਨੂੰ ਤਾਂ ਰਾਤ ਚਾਹੀਦੀ ਹੈ।

ਕਈ ਵਾਰ ਕਰਤਾਰਾ ਆਪਣੇ ਜੁੰਡੀ ਦੇ ਯਾਰਾਂ ਨਾਲ ਬੈਠਾ ਸ਼ਰਾਬ ਪੀ ਰਿਹਾ ਹੁੰਦਾ, ਤਾਂ ਉਹ ਫੜ੍ਹ ਮਾਰਦਾ, " ਆਪਣੇ ਮੂਹਰੇ ਤਾਂ ਬਾਈ ਇੱਕ ਵੇਲੇ ਵਗਦੇ ਦਰਿਆਵਾਂ ਦਾ ਪਾਣੀ ਅਟਕ ਜਾਂਦੇ ਐ!"

ਕਦੀ-ਕਦੀ ਢਾਣੀ ਵਿਚੋਂ ਕੋਈ ਟਕੋਰ ਲਾਉਂਦਾ,"ਜੀਹਦੀ ਮਾਂ ਘਰੋਂ ਕੱਢੀ ਐ, ਕਰਤਾਰਿਆ, ਓਹੋ ਤੈਨੂੰ ਪੁੱਛੂ ਬਈ ਦਰਿਆਵਾਂ ਦੇ ਪਾਣੀ ਕਿਵੇਂ ਅਟਕਦੇ ਹੁੰਦੇ ਐ। ਉਹ ਵੀ ਹੁਣ ਦਹੀਂ ਨਾਲ ਟੁੱਕ ਖਾਂਦਾ ਹੋਣੈ।"

ਕਰਤਾਰਾ ਕੱਚਾ ਹੋ ਕੇ ਆਖਦਾ,"ਉਹ ਤਾਂ ਕੀੜੇ-ਪਤੰਗੇ ਜਿੰਨਾ ਛੋਕਰਾ ਮੇਰਾ ਕੀ ਕਰੂ.....ਨਾਲੇ, ਉਹਦੀ ਮਾਂ ਮੈਂ ਘਰੋਂ ਕੱਢੀ ਐ ਓਇ?"

ਜਦੋਂ ਵੀ ਅਜਿਹੀ ਗੱਲ ਛਿੜਦੀ, ਆਈ-ਗਈ ਹੋ ਜਾਂਦੀ। ਪਰ ਕਰਤਾਰੇ ਉੱਤੇ ਇੱਕ ਅਸਰ ਛੱਡ ਜਾਂਦੀ। ਉਹਨੂੰ ਲਗਦਾ, ਠੀਕ ਹੀ ਉਹਦਾ ਭਵਿੱਖ ਦਾ ਵੈਰੀ ਦੂਰ ਬੈਠਾ ਦਹੀਂ ਨਾਲ ਟੁੱਕ ਖਾ ਰਿਹਾ ਹੈ। ਕੀ ਹੋਇਆ ਜੇ ਉਹ ਅੱਜ ਕੀੜਾ-ਪਤੰਗਾ ਹੈ, ਕੱਲ੍ਹ ਨੂੰ ਉਹ ਵੱਡਾ ਹੋ ਕੇ ਸੱਪ ਵੀ ਬਣ ਸਕਦਾ ਹੈ।

ਨਰਮ ਜਿਹਾ ਦੁਪਹਿਰਾ ਹੋ ਚੱਲਿਆ ਸੀ। ਬੱਸ ਆਈ। ਕਰਤਾਰੇ ਨੇ ਸ਼ੁਕਰ ਕੀਤਾ, ਬੱਸ ਵਿੱਚ ਉਹਦੇ ਪਿੰਡ ਦਾ ਕੋਈ ਬੰਦਾ ਨਹੀਂ ਸੀ। ਉਹ ਵਿਚਕਾਰ ਜਿਹੇ ਕਰ ਕੇ ਬਾਰੀ ਕੋਲ ਦੀ ਸੀਟ ਉੱਤੇ ਬੈਠ ਗਿਆ। ਉਹ ਸੋਚ ਰਿਹਾ ਸੀ ਕਿ ਜੱਗਰ ਦੇ ਕਤਲ ਵਾਲੇ ਮਾਮਲੇ ਵਿੱਚ ਉਹ ਲੋਕਾਂ ਦੀ ਨਜ਼ਰ ਵਿੱਚ ਅਸਲੋਂ

ਹੀ ਸਾਫ਼ ਨਹੀਂ ਸੀ। ਜੱਗਰ ਦੇ ਕਤਲ ਵੇਲੇ ਪਿੰਡ ਵਿੱਚ ਉਹਦੇ ਬਾਰੇ ਭਾਂਤ-ਭਾਂਤ ਦੀਆਂ ਗੱਲਾਂ ਉਡੀਆਂ ਸਨ। ਕੋਈ ਕਹਿੰਦਾ ਸੀ ਕਿ ਉਹਦਾ ਸਿੱਧਾ ਹੱਥ ਸੀ, ਕੋਈ ਕਹਿੰਦਾ ਕੇ ਉਹਨੂੰ ਪਤਾ ਜ਼ਰੂਰ ਸੀ। ਆਮ ਚਰਚਾ ਸੀ ਕਿ ਪਹਿਲਾਂ ਪੁਲਿਸ ਦੀ ਉਹਨੂੰ ਵੀ ਵਿੱਚੇ ਰੱਖਣ ਦੀ ਸਲਾਹ ਸੀ, ਪਰ ਉਹ ਰਾਤੋ-ਰਾਤ ਥਾਣੇਦਾਰ ਨੂੰ ਰਕਮ ਝੋਕ ਆਇਆ ਸੀ।

ਖ਼ੁਦ ਕੁਲਵੰਤੋ ਨੂੰ ਸ਼ੱਕ ਸੀ ਕਿ ਕਤਲ ਵਿੱਚ ਕਰਤਾਰੇ ਦਾ ਹੱਥ ਹੈ। ਭੱਜੀ ਜਾਂਦੀ ਬੱਸ ਵਿੱਚੋਂ ਦੂਰ-ਦੂਰ ਤਕ ਪਸਰੇ ਹੋਏ ਖੇਤਾਂ ਉੱਤੇ ਸੱਖਣੀ ਜਿਹੀ ਝਾਤ ਮਾਰਦਿਆਂ ਉਹਨੇ ਸੋਚਿਆ, ਤਾਂ ਹੀ ਤਾਂ ਉਹ ਉਹਦੇ ਘਰ ਵੱਸਣਾ ਨਹੀਂ ਸੀ ਮੰਨੀ।

ਜਦੋਂ ਪਿੰਡ ਦੇ ਦੋ ਹੋਰ ਬੰਦਿਆਂ ਉੱਤੇ ਜੱਗਰ ਦੇ ਕਤਲ ਦਾ ਮੁਕੱਦਮਾ ਬਣਿਆ, ਤਾਂ ਕਰਤਾਰੇ ਨੇ ਕੁਲਵੰਤੋ ਨੂੰ ਘਰ ਵਸਾਉਣ ਲਈ ਗੱਲ ਤੋਰੀ। ਜੱਗਰ ਦੇ ਮਰਨ ਪਿੱਛੋਂ ਕੁਲਵੰਤੋ ਬਿਲਕੁਲ ਨਿਆਸਰੀ ਰਹਿ ਗਈ ਸੀ। ਸੱਸ-ਸਹੁਰਾ ਪਹਿਲਾਂ ਹੀ ਮਰੇ ਹੋਏ ਸਨ ਤੇ ਬੱਸ ਦੋ ਸਾਲ ਦਾ ਇੱਕ ਮੁੰਡਾ ਹੀ ਉਹਦਾ 'ਪਰਿਵਾਰ' ਰਹਿ ਗਿਆ ਸੀ। ਕਰਤਾਰਾ ਸਮਝਦਾ ਸੀ ਕਿ ਇੱਕ ਤਾਂ ਕੁਲਵੰਤੋ ਨਿਆਸਰੀ ਰਹਿ ਜਾਣ ਕਰਕੇ ਉਹਦੀ ਗੱਲ ਸ਼ਾਇਦ ਨਾ ਹੀ ਮੋੜੇ। ਦੂਜੀ ਗੱਲ, ਰਿਸ਼ਤੇ ਦੇ ਪੱਖੋਂ ਵੀ ਉਹ ਆਪਣਾ ਹੱਕ ਗਿਣਦਾ ਸੀ। ਜੱਗਰ ਦਾ ਦਾਦੇ-ਪੋਤਿਓਂ ਇੱਕੋ-ਇੱਕ ਭਰਾ ਹੋਣ ਕਰਕੇ ਉਹ ਸਮਝਦਾ ਸੀ ਕਿ ਜੇ ਕੁਲਵੰਤੋ ਉਹਦੇ ਘਰ ਨਹੀਂ ਵਸੇਗੀ ਤਾਂ ਕਰੇਗੀ ਕੀ।

ਪਹਿਲਾਂ ਕਰਤਾਰੇ ਨੇ ਸ਼ਾਮੋ ਨਾਇਣ ਰਾਹੀਂ ਗੱਲ ਚਲਾਈ। ਫੇਰ ਉਹਨੇ ਆਪ ਸਿੱਧੇ-ਮੱਥੇ ਕੁਲਵੰਤੋ ਨਾਲ ਗੱਲ ਕੀਤੀ। ਕੁਲਵੰਤੋ ਦੀਆਂ ਅੱਖਾਂ ਡੁਭ-ਡੁਭ ਭਰ ਆਈਆਂ," ਕਰਤਾਰਿਆ, ਤੂੰ ਮੇਰੇ ਨਾਲ ਇਹੋ ਜਿਹੀ ਗੱਲ ਕਰਨ ਦਾ ਜੇਰਾ ਕਿਵੇਂ ਕੀਤਾ? ਅਜੇ ਤਾਂ ਮਰਨੇ ਵਾਲੇ ਦਾ ਊਂ ਵੀ ਸਿਵਾ ਠੰਡਾ ਨਹੀਂ ਹੋਇਆ, ਪਰ ਮੇਰੇ ਵਾਸਤੇ ਤਾਂ ਇਹ ਸਾਰੀ ਉਮਰ ਨਹੀਂ ਠਰਨਾ।"

ਕਰਤਾਰੇ ਨੇ ਡੱਕੇ ਨਾਲ ਮਿੱਟੀ ਖੁਰਚਦਿਆਂ ਕਿਹਾ," ਕੁਲਵੰਤ ਕੁਰੇ, ਸ਼ਾਮੋ ਨਾਇਣ ਨੇ ਵੀ ਮੇਰੇ ਨਾਲ ਗੱਲ ਕੀਤੀ ਸੀ, ਪਰ ਮੈਨੂੰ ਗਊ ਵਾਲੀ ਆਣ ਐ, ਜੇ ਜੱਗਰ ਸਿਓ ਦੇ ਕਤਲ ਦੀ ਮੈਨੂੰ ਭੋਰਾ ਵੀ ਸੂਹ ਹੋਵੇ। ਲੋਕ ਸਾਲੇ ਐਵੇਂ ਭਕਾਈ ਮਾਰਦੇ ਐ।"

"ਲੋਕ ਤਾਂ ਭਕਾਈ ਮਾਰਦੇ ਐ, ਪਰ ਜੇ ਤੂੰ ਬਿਲਕੁਲ ਹੀ ਦੁੱਧ-ਧੋਤਾ ਸੀ, ਤੈਨੂੰ ਬਾਣੀਏ ਤੋਂ ਪੈਸੇ ਵਿਆਜੂ ਲੈ ਕੇ ਠਾਣੇਦਾਰ ਦੀ ਜ਼ੇਬ ਭਰਨ ਦੀ ਕੀ ਲੋੜ ਸੀ?" ਕੁਲਵੰਤੋ ਨੇ ਚੁੰਨੀ ਦੇ ਲੜ ਨਾਲ ਡੁਲ੍ਹਦੀਆਂ ਅੱਖਾਂ ਪੂੰਝੀਆਂ।

"ਮੈਂ ਕਿਸੇ ਤੋਂ ਪੈਸੇ ਲਿਆ ਕੇ ਨ੍ਹੀ ਦਿੱਤੇ। ਲੋਕਾਂ ਦਾ ਕੀ ਮੂੰਹ ਫੜ ਲੈਣਾ ਐ? ਨਾਲੇ ਹੁਣ ਤਾਂ ਕਾਤਲ ਫੜੇ ਗਏ, ਦੁੱਧੋਂ ਪਾਣੀ ਨਿੱਤਰ ਗਿਆ।"

"ਦੁੱਧੋਂ ਪਾਣੀ ਤਾਂ ਰੱਬ ਨਿਤਾਰੇ ਕਰਤਾਰਿਆ! ਪਰ ਤੂੰ ਮੁੜ ਕੇ ਇਹੋ ਜਿਹੀ ਗੱਲ ਨਾ ਤੋਰੀਂ। ਰੱਬ ਦਾ ਵਾਸਤਾ, ਮੈਨੂੰ ਆਹ ਜੁਆਕ ਪਾਲ ਲੈਣ ਦੇ। ਜੋ ਹੋਣਾ ਸੀ, ਹੋ ਗਿਆ", ਕੁਲਵੰਤੋ ਨੇ ਜਿਵੇਂ ਤਰਲਾ ਕੀਤਾ।

"ਕੁਲਵੰਤ ਕੁਰੇ, ਬਾਈ ਦਾ ਮੈਨੂੰ ਕਿਹੜਾ ਦੁੱਖ ਨੀ। ਭਰਾ ਤਾਂ ਸੱਜੀ ਬਾਂਹ ਹੁੰਦੇ ਐ....", ਕਰਤਾਰਾ ਮਸਕੀਨ ਬਣਿਆ ਖਲੋਤਾ ਸੀ।

"ਜੇ ਅਜੇ ਵੀ ਤੂੰ ਸਮਝੇਂ, ਇਹਦੇ ਵਿੱਚ ਵੀ ਤੇਰਾ ਈ ਖ਼ੂਨ ਐ। ਵੱਡਾ ਹੋ ਕੇ ਤੇਰੀ ਧਿਰ ਬਣੂ....."

"ਮੈਂ ਤਾਂ ਹੀ ਤਾਂ ਤੈਨੂੰ ਕਹਿਣਾਂ, ਪਰ ਤੂੰ ਕੰਨ ਹੀ ਨਹੀਂ ਧਰਦੀ।"

"ਨਹੀਂ ਕਰਤਾਰਿਆ, ਤੂੰ ਆਬਦੇ ਘਰ ਵਸ-ਰਸ, ਮੈਨੂੰ ਆਬਦੇ ਦੁੱਖ ਭੋਗਣ ਦੇ। ਜੋ ਹੋਣਾ ਸੀ, ਹੋ ਗਿਆ। ਮੈਨੂੰ ਜੁਆਕ ਪਾਲਣ ਦੇ, ਰਾਮ-ਰਾਮ ਕਰ ਕੇ। ਮੈ ਇਹਦੇ ਉੱਤੇ ਇਹਨਾਂ ਗੱਲਾਂ ਦਾ ਪਰਛਾਵਾਂ ਨਹੀਂ ਪੈਣ ਦੇਣਾ। ਸੌ ਗਊਆਂ ਵਰਗੇ ਜੱਗਰ ਦਾ ਪਾਪ ਸੱਤ ਕੁਲਾਂ ਮੇਟ ਦੇਊ, ਜੀਹਨੇ ਵੀ ਇਹ ਕੁ ਕਰਮ ਕੀਤਾ ਐ!"

ਕਰਤਾਰ ਸਮਝਦਾ ਸੀ ਕਿ ਤੀਵੀਂ ਬੜੀ ਚਲਾਕ ਨਿੱਕਲੀ । ਲਾਲਟੈਣ ਵਰਗੀ ਕੁਲਵੰਤੋ ਘਰ ਦਾ ਚਾਨਣ ਬਣ ਜਾਣੀ ਸੀ। ਮੁੰਡੇ ਨੇ ਉਹਦਾ ਭਵਿੱਖ ਦਾ ਵੈਰੀ ਬਨਣ ਦੀ ਥਾਂ ਉਹਨੂੰ ਪਿਓ ਸਮਝਣ ਲੱਗ ਜਾਣਾ ਸੀ । ਤੇ ਪੰਦਰਾਂ ਘੁਮਾਂ ਜ਼ਮੀਨ ਹੋਰ ਮਾਲਕੀ ਹੇਠ ਆ ਜਾਣੀ ਸੀ।

ਬੱਸ ਫੇਰ ਕਿਸੇ ਅੱਡੇ ਉੱਤੇ ਰੁਕੀ। ਕਰਤਾਰੇ ਦੀਆਂ ਸੋਚਾਂ ਦੀ ਲੜੀ ਟੁੱਟ ਗਈ। ਬਾਹਰ ਇੱਕ ਅੱਠ-ਨੌਂ ਸਾਲ ਦਾ ਮੁੰਡਾ ਮਿੱਠੀਆਂ ਗੋਲੀਆਂ ਵੇਚ ਰਿਹਾ ਸੀ। ਕਰਤਾਰੇ ਨੇ ਸੋਚਿਆ, ਹੁਣ ਤਾਂ ਮੁੰਡਾ ਏਡਾ ਹੋ ਗਿਆ ਹੋਣਾ ਹੈ। ਜੇ ਕੁਲਵੰਤੋ ਉਹਨੂੰ ਪਾਣ ਚਾੜ੍ਹਨ ਲੱਗ ਗਈ ਹੋਈ, ਉਹ ਤਾਂ ਪੰਜ-ਸੱਤ ਸਾਲਾਂ ਨੂੰ ਉਹਦੀ ਗਰਦਨ ਲਾਹ ਸਕਦਾ ਸੀ। ਕਰਤਾਰੇ ਦੇ ਨਾਲ ਦੇ ਪਿੰਡ ਇਕ ਚੌਦਾਂ ਸਾਲ ਦੇ ਮੁੰਡੇ ਨੇ ਇੱਕਲੇ ਨੇ ਹੀ ਚਾਲੀ ਸਾਲ ਦਾ ਇੱਕ ਆਦਮੀ ਵੱਢ ਦਿੱਤਾ ਸੀ।

ਬਾਹਰ ਕੁਝ ਹਨੇਰਾ ਜਿਹਾ ਹੋ ਗਿਆ। ਕਰਤਾਰੇ ਨੇ ਵੇਖਿਆ, ਇੱਕ ਬੱਦਲ ਸੂਰਜ ਉੱਤੇ ਆ ਗਿਆ ਸੀ। ਉਹਨੇ ਨਜ਼ਰ ਫੇਰ ਬੱਸ ਦੇ ਅੰਦਰ ਕਰ ਲਈ। ਉਹਦੇ ਮਨ ਵਿੱਚ ਆਇਆ ਕਿ ਲੋਕੀਂ ਜੱਗਰ ਬਾਰੇ ਹੀ ਅਜੇ ਉਹਦੇ ਵੱਲ ਉਂਗਲਾਂ ਕਰਨੋਂ ਨਹੀਂ ਹਟੇ...... ਤੇ ਗੱਲ ਤਾਂ ਆਖਿਰ ਅਗੇਤੀ ਜਾਂ ਪਿਛੇਤੀ ਕੁਝ ਨਾ ਕੁਝ ਹੱਦ ਤੱਕ ਨਿੱਕਲ ਹੀ ਆਉਂਦੀ ਹੈ। ਪਰ ਉਹਦਾ ਡਰ ਫੇਰ ਜਾਗਿਆ-ਜੇ ਉਹ ਢਿੱਲ ਕਰ ਗਿਆ, ਮੁੰਡਾ ਗੱਭਰੂ ਹੋ ਕੇ ਪਹਿਲ ਕਰ ਜਾਵੇਗਾ। ਜੱਟਾਂ ਦੇ ਖੋਰ ਤਾਂ ਆਖਿਰ ਕਈ-ਕਈ ਪੀੜ੍ਹੀਆਂ ਤੱਕ ਜਾਂਦੇ ਹਨ।

ਨਾਲੇ ਜੇ ਉਹਦਾ ਕੰਮ ਨੇਪਰੇ ਚੜ੍ਹ ਜਾਵੇ ਤਾਂ ਦਸ ਘੁਮਾਂ ਉਹਦੀ ਅਤੇ ਪੰਦਰਾਂ ਘੁਮਾਂ ਜੱਗਰ ਵਾਲੀ ਜੁੜ ਕੇ ਪੱਚੀ ਘੁਮਾ ਦਾ ਮੁਰੱਬਾ ਬਣ ਸਕਦਾ ਸੀ ਅਤੇ ਉਹ ਸਰਦਾਰ ਅਖਵਾ ਸਕਦਾ ਸੀ । ਹੁਣ ਜਿੰਨਾਂ ਕੋਲ ਉਹ ਜ਼ਮੀਨ ਹਿੱਸੇ ਜਾਂ ਠੇਕੇ ਉੱਤੇ ਹੁੰਦੀ ਸੀ, ਉਹ ਮੌਜ ਕਰ ਰਹੇ ਸਨ। ਕੁਲਵੰਤੋ ਜਦੋਂ ਤੋਂ ਆਪਣੇ ਪਿਉ ਨਾਲ ਗਈ ਸੀ, ਦੋ-ਤਿੰਨ ਵਾਰ ਚੁੱਪ-ਚਪੀਤੇ ਸ਼ਹਿਰ ਆਈ ਸੀ ਅਤੇ ਬਾਣੀਏ ਰਾਹੀਂ ਜ਼ਮੀਨ ਹਿੱਸੇ ਜਾਂ ਠੇਕੇ ਉੱਤੇ ਦੇ ਗਈ ਸੀ।

ਕਰਤਾਰੇ ਨੂੰ ਕੁਲਵੰਤੋ ਦਾ ਪਿੰਡ ਨਾ ਆਉਣਾ ਚੁਭਦਾ ਸੀ। ਉਹ ਸਮਝਦਾ ਸੀ ਕਿ ਕੁਲਵੰਤੋ ਦੇ ਦਿਲ ਵਿੱਚ ਖੋਟ ਹੈ। ਕੁਲਵੰਤੋ ਨਾਲ ਹੋਈਆਂ ਗੱਲਾਂ ਵਿੱਚੋਂ ਉਹਨੂੰ ਸਿਰਫ਼ ਇੱਕੋ ਚੇਤੇ ਸੀ ਕਿ ਉਹ ਵੀ ਲੋਕਾਂ ਵਾਂਗ ਜੱਗਰ ਦੇ ਕਤਲ ਵਿੱਚ ਉਹਦਾ ਹੱਥ ਸਮਝਦੀ ਸੀ । ਉਹਦੀਆਂ ਬਾਕੀ ਗੱਲਾਂ ਨੂੰ ਉਹ ਮੋਮੋਠੱਗਣੀਆਂ ਸਮਝਦਾ ਸੀ।

ਪਰ ਕਰਤਾਰੇ ਦੇ ਬੁੱਲਾਂ ਉੱਤੇ ਇਕਦਮ ਫੇਰ ਸਿੱਕਰੀ ਆ ਗਈ-ਜੇ ਕੋਈ ਉਲਝਾਅ ਪੈ ਗਿਆ? ਜੱਗਰ ਦੇ ਕਤਲ ਵਿਚ ਉਹਦਾ ਸਿੱਧਾ ਹੱਥ ਕੋਈ ਨਹੀਂ ਸੀ, ਪਰ ਥਾਣੇਦਾਰ ਨੇ ਤਦ ਵੀ ਉਹਨੂੰ ਸੱਦ ਕੇ ਕਿੱਲੀ ਉੱਤੇ ਟੰਗੀ ਹੋਈ ਹੱਥਕੜੀ ਵਿਖਾ ਦਿੱਤੀ ਸੀ। ਕਰਤਾਰੇ ਨੇ ਸੋਚਿਆ ਕਿ ਇਹ ਤਾਂ ਠੀਕ ਹੈ, ਜੇ

ਉਹ ਚਾਹੁੰਦਾ ਤਾਂ ਵਰਤਨ ਵਾਲੇ ਭਾਣੇ ਬਾਰੇ ਜੱਗਰ ਨੂੰ ਪਹਿਲਾਂ ਦੱਸ ਸਕਦਾ ਸੀ। ਪਰ ਉਹਨੂੰ ਤਾਂ ਇਹੋ ਸੀ ਕਿ ਉਹ ਜੱਗਰ ਦੀ ਬੱਸ ਲੱਤ ਵੱਢਣਗੇ। ਤੇ ਸ਼ਰੀਕ ਦੀ ਲੱਤ ਵੱਢੀ ਜਾਵੇ, ਇਹ ਗੱਲ ਅੰਦਰਲਾ ਸੁਆਦ ਵੀ ਦਿੰਦੀ ਹੈ।

ਕੈਲੇ ਤੇ ਦੀਪੇ ਨੇ ਇੱਕ ਜ਼ਮੀਨ ਗਹਿਣੇ ਲੈਣ ਦਾ ਸੌਦਾ ਕੀਤਾ ਸੀ ਅਤੇ ਜੱਗਰ ਨੇ ਉਹ ਭਾਅ

ਵਧਾ ਕੇ ਲੈ ਲਈ ਸੀ। ਉਹਨਾਂ ਨੇ ਜੱਗਰ ਤੋਂ ਬਦਲਾ ਲੈਣ ਦੀ ਧਾਰ ਲਈ। ਉਸ ਦਿਨ ਜੱਗਰ ਅਗਲੇ ਖੇਤ ਗਿਆ ਹੋਇਆ ਸੀ ਅਤੇ ਕੈਲਾ ਤੇ ਦੀਪਾ ਆਪਣੇ ਖੇਤ ਭੱਠੀ ਲਾਈ ਬੈਠੇ ਸਨ। ਕਰਤਾਰਾ ਆਪਣੇ ਖੇਤੋਂ ਝੋਟਾ ਭਜਾਉਂਦਿਆਂ ਅਣ-ਪਤੇ ਹੀ ਉਹਨਾਂ ਕੋਲ ਚਲਿਆ ਗਿਆ। ਤੱਤੀ-ਤੱਤੀ ਦਾਰੂ ਦੇ ਨਸ਼ੇ ਵਿੱਚ ਉਹਨਾਂ ਨੇ ਦੱਸ ਦਿੱਤਾ ਸੀ ਕਿ ਉਜ ਜੱਗਰ ਦੀ ਲੱਤ ਵੱਢਣ ਲਈ ਬੈਠੇ ਸਨ। ਉਹ ਜਾਣਦੇ ਸਨ ਕਿ ਕਰਤਾਰੇ ਨਾਲ ਵੀ ਜੱਗਰ ਦੀ ਕੋਈ ਬਹੁਤੀ ਸੁਰ ਨਹੀਂ ਸੀ।

ਕਰਤਾਰਾ ਉੱਥੋਂ ਆ ਗਿਆ ਸੀ। ਦਿਨ ਢਲੇ ਜਦੋਂ ਜੱਗਰ ਅਗਲੇ ਖੇਤੋਂ ਮੁੜਿਆ, ਉਹਨੂੰ ਕੈਲੇ ਅਤੇ ਦੀਪੇ ਨੇ ਘੇਰ ਲਿਆ। ਕੈਲੇ ਨੇ ਗੰਡਾਸਾ ਉਹਦੀ ਲੱਤ ਵੱਲ ਚਲਾਇਆ, ਪਰ ਵਾਰ ਖਾਲੀ ਗਿਆ। ਜੱਗਰ ਭੱਜ ਕੇ ਵੱਟ ਟੱਪਣ ਲੱਗਿਆ ਤਾਂ ਕੈਲੇ ਨੇ ਲਲਕਾਰਾ ਮਾਰਿਆ, "ਗਿਆ ਜੱਟ, ਦੀਪਿਆ, ਸਿੱਟ ਲੈ ਮੇਰੇ ਨੂੰ!"

ਦੀਪੇ ਨੇ ਬਰਛਾ ਉਹਦੀ ਵੱਖੀ ਵੱਲ ਵਾਹ ਦਿੱਤਾ । ਸੱਟ ਨਾਲ ਉਖੜ ਕੇ ਜੱਗਰ ਡਿੱਗਿਆ ਤਾਂ ਉਸੇ ਦੇ ਹੀ ਭਾਰ ਨਾਲ ਬਾਕੀ ਦਾ ਬਰਛਾ ਵੀ ਅੰਦਰ ਧਸ ਗਿਆ ਅਤੇ ਉਹ ਥਾਂ ਉੱਤੇ ਹੀ ਪ੍ਰਾਣ ਤਿਆਗ ਗਿਆ।

ਪੁਲਸ ਨੂੰ ਪਤਾ ਲੱਗ ਗਿਆ ਸੀ ਕਿ ਕਰਤਾਰਾ ਉਸੇ ਦਿਨ ਕੈਲੇ ਤੇ ਦੀਪੇ ਕੋਲ ਗਿਆ ਸੀ.... ਤੇ ਕਰਤਾਰੇ ਨੇ ਬੜੀ ਮੁਸ਼ਕਲ ਨਾਲ ਵਿਆਜੂ ਪੈਸੇ ਲੈ ਕੇ ਥਾਣੇਦਾਰ ਨੂੰ ਕਾਣਾ ਕਰਦਿਆਂ ਆਪਣਾ ਪਿੱਛਾ ਛੁਡਾਇਆ ਸੀ। ਤੇ ਹੁਣ ਜਦੋਂ ਉਹ ਆਪਣੇ ਹੱਥੀਂ ਅਜਿਹਾ ਕਾਰਾ ਕਰਨ ਚੱਲਿਆ ਸੀ, ਤਾਂ ਕੀ ਬਣੇਗਾ! ਗੱਲ ਤਾਂ ਲੁਕਦੀ ਨਹੀਂ। ਉਹਨੂੰ ਭਤੀਜੇ ਦਾ ਖ਼ੂਨ ਕਰਨ ਵਾਲੀ ਗੱਲ ਤੋਂ ਉਂਜ ਵੀ ਕਚਿਆਣ ਜਿਹੀ ਆਈ ਅਤੇ ਉਹਦਾ ਜੀਅ ਕੀਤਾ ਕਿ ਅਗਲੇ ਅੱਡੇ ਤੋਂ ਪੁੱਠੀ ਬਸ ਫੜ ਲਵੇ।

ਪਰ ਉਹਦਾ ਭਤੀਜਾ ਕਾਹਦਾ ਸੀ? ਉਹ ਤਾਂ ਭਵਿੱਖ ਦਾ ਵੈਰੀ ਸੀ। ਨਾਲੇ ਉਹਨੂੰ ਉਸ ਪਿੰਡ ਕੌਣ ਜਾਣਦਾ ਸੀ। ਜਾਂਦਿਆਂ ਹਨੇਰਾ ਹੋ ਜਾਣਾ ਸੀ। ਰੱਬ ਸੁੱਖ ਰੱਖੇ, ਉਹਨੇ ਸਵੇਰ ਨੂੰ ਆਪਣੇ ਪਿੰਡ ਆ ਜਾਣਾ ਸੀ। ਜੇ ਕੋਈ ਉਲਝੇਵਾਂ ਪੈ ਗਿਆ, ਦੋ ਘੁਮਾਂ ਗਹਿਣੇ ਧਰ ਦੇਵੇਗਾ। ਜੱਗਰ ਵਾਲੀ ਪੰਦਰਾਂ ਘੁਮਾਂ ਤਾਂ ਮਿਲ ਹੀ ਜਾਣੀ ਸੀ। ਤੇ ਕਤਲ ਵਿੱਚ ਅੱਜ-ਕੱਲ੍ਹ ਕੌਣ ਬਝਦਾ ਹੈ। ਉਹਨੇ ਸੋਚਿਆ ਕਿ ਕਿਸੇ ਦੀ ਲੱਤ-ਬਾਂਹ ਵੱਢੋ, ਦੋ-ਚਾਰ ਸਾਲ ਲਈ ਅੰਦਰ ਹੋਣਾ ਪੈਂਦਾ ਹੈ, ਕਤਲ ਕਰੋ, ਬਰੀ। ਕਦੀ ਮੌਕੇ ਦੀ ਕੋਈ ਗਵਾਹੀ ਨਹੀਂ, ਕਦੀ ਕੋਈ ਹੋਰ ਕਾਨੂੰਨੀ ਘੁੰਡੀ ਢਿੱਲੀ ਰਹਿ ਗਈ!

ਬੱਸ ਇੱਕ ਝਟਕੇ ਨਾਲ ਰੁਕੀ। ਉਹ ਹੇਠਾਂ ਉਤਰਿਆ ਤਾਂ ਸੂਰਜ ਬਿਲਕੁਲ ਥੱਲੇ ਜਾ ਚੁੱਕਿਆ ਸੀ। ਅਜੇ ਉਹਨੇ ਤਿੰਨ ਕੋਹ ਵਾਟ ਜਾਣਾ ਸੀ। ਉਸ ਸਮੇਂ ਤੱਕ ਘੁਸਮੁਸਾ ਹੋ ਜਾਣਾ ਸੀ। ਉਹ ਮਨ ਵਿੱਚ ਵਿਉਂਤਾਂ ਬਣਾਉਂਦਾ ਜਾ ਰਿਹਾ ਸੀ ਕਿ ਨੇਪਰੇ ਕਿਵੇ ਚਾੜ੍ਹੇਗਾ।

ਥੋੜ੍ਹਾ-ਥੋੜ੍ਹਾ ਹਨੇਰਾ ਪੱਸਰ ਚਲਿਆ ਸੀ। ਕੁਝ ਦੂਰ ਪਿੰਡ ਵਿੱਚ ਕੁੱਤੇ ਭੌਂਕ ਰਹੇ ਸਨ। ਉਹ

ਪਗਡੰਡੀ ਦੇ ਨੇੜੇ ਹੀ ਇੱਕ ਖੂਹ ਕੋਲ ਬੈਠ ਗਿਆ।

ਬਿਗਾਨਾਂ ਪਿੰਡ ਸੀ, ਨਾ ਕੋਈ ਜਾਣ, ਨਾ ਪਛਾਣ। ਅਜਿਹੇ ਕੰਮ ਆਇਆ, ਉਹ ਕਿਸੇ ਤੋਂ ਸੂਹ ਵੀ ਨਹੀਂ ਸੀ ਲੈ ਸਕਦਾ। ਕਰਤਾਰੇ ਦੇ ਮਨ ਵਿੱਚ ਫੇਰ ਭੈ ਜਾਗਿਆ–ਇਹ ਕਿਵੇਂ ਹੋ ਸਕਦਾ ਸੀ ਕਿ ? ਉਹ ਚੁੱਪ ਕਰ ਕੇ ਮੁੰਡੇ ਦਾ, ਤੇ ਜੇ ਠੀਕ ਲੱਗੇ ਤਾਂ ਕੁਲਵੰਤੋ ਦਾ ਵੀ, ਫਸਤਾ ਵੱਢ ਕੇ ਪਿੰਡ ਮੁੜ ਜਾਵੇ ਅਤੇ ਕਿਸੇ ਨੂੰ ਬਿੜਕ ਵੀ ਨਾ ਲੱਗੇ ?

ਫੇਰ ਉਹ ਦਲੇਰ ਹੋ ਗਿਆ । ਕਿਸੇ ਤੋਂ ਸੂਹ ਲੈਣ ਦੀ ਕੀ ਲੋੜ ਸੀ। ਜੱਗਰ ਦੇ ਵਿਆਹ ਵੇਲੇ ਜੰਨ ਦਾ ਉਤਾਰਾ ਜਿਹੜੀ ਧਰਮਸ਼ਾਲਾ ਵਿੱਚ ਸੀ, ਉਹਦੇ ਨੇੜੇ ਹੀ ਜੱਗਰ ਦੇ ਸਹੁਰਿਆਂ ਦਾ ਬਾਹਰਲਾ ਘਰ ਸੀ ਅਤੇ ਅੰਦਰਲਾ ਘਰ ਰੋਟੀ ਖਾਣ ਵੇਲੇ ਉਹਨੇ ਚੰਗੀ ਤਰ੍ਹਾਂ ਵੇਖਿਆ ਹੋਇਆ ਸੀ। ਕੀ ਪਤਾ, ਰੱਬ ਮਿਹਰ ਕਰੇ ਅਤੇ ਦੋਵੇਂ ਮਾਂ ਪੁੱਤ ਬਾਹਰਲੇ ਘਰ ਕਿਸੇ ਕੰਮ-ਧੰਦੇ ਆਏ ਹੋਏ ਮਿਲ ਪੈਣ......

ਖੇਤੋਂ ਕੋਈ ਪਗਡੰਡੀ ਵੱਲ ਆ ਰਿਹਾ ਸੀ। ਕਰਤਾਰੇ ਨੇ ਆਪਣੇ ਮਨ ਵਿੱਚ ਆਖਿਆ,"ਚਲੋ ਜਿਵੇਂ ਮੌਕਾ ਬਣੂ, ਵੇਖੀ ਜਾਊ। ਬਹੁਤੀਆਂ ਵਿਉਂਤਾਂ ਬਣਾ ਕੇ ਕੀ ਐ !" ਉਹਨੇ ਤਲਵਾਰ ਖੂਹ ਦੇ ਮਣ ਉੱਤੇ ਰੱਖ ਦਿੱਤੀ ਅਤੇ ਖੜ੍ਹਾ ਹੋ ਗਿਆ। ਆਉਣ ਵਾਲਾ ਕੋਈ ਮੁੰਡਾ ਸੀ। ਕੋਲ ਖਾਲੀ ਭਾਂਡੇ ਸਨ। ਸ਼ਾਇਦ ਖੇਤ ਰੋਟੀ ਦੇ ਕੇ ਆਇਆ ਸੀ।

"ਕਾਕਾ, ਇਹ ਪਿੰਡ ਸੌਣਪੁਰਾ ਹੀ ਐ ਨਾ ?" ਕਰਤਾਰੇ ਨੇ ਮੁੰਡੇ ਨਾਲ ਗੱਲ ਚਲਾਈ,"ਮੁਰੱਬਾਬੰਦੀਆਂ ਨੇ ਰਾਹ ਹੀ ਬਦਲ ਦਿੱਤੇ।"

"ਹਾਂ ਸੌਣਪੁਰਾ ਈ ਐ, ਪਹਿਲਾਂ ਰਾਹ ਹੌਥੇ ਦੀ ਹੀ ਹੁੰਦਾ ਸੀ", ਮੁੰਡਾ ਬੋਲਿਆ।

"ਤੇਰੇ ਪਿਓ ਦਾ ਨਾਂ ਕੀ ਐ, ਕਾਕਾ ?"

"ਸੁੱਚਾ ਸਿੰਘ।"

ਕਰਤਾਰੇ ਨੇ ਚੇਤੇ ਕੀਤਾ, ਜੱਗਰ ਦੇ ਸਹੁਰੇ ਦਾ ਨਾਂ ਵੀ ਸੁੱਚਾ ਸਿੰਘ ਹੀ ਸੀ। ਪਰ ਉਹਦੀ ਘਰਵਾਲੀ ਨੂੰ ਤਾਂ ਮਰਿਆਂ ਤਾਂ ਚਿਰ ਹੋ ਗਿਆ ਸੀ। ਇਹ ਹੋਰ ਕਿਸੇ ਸੁੱਚਾ ਸਿੰਘ ਦਾ ਮੁੰਡਾ ਹੋਣਾ ਹੈ। ਉਹਨੇ ਸੋਚਿਆ ਕਿ ਜੇ ਮੁੰਡੇ ਨੂੰ ਗੱਲੀਂ ਲਾ ਲਵੇ, ਸ਼ਇਦ ਕੋਈ ਭੇਤ ਲੈ ਸਕੇ । ਉਹਨੇ ਮੁੰਡੇ ਨੂੰ ਮਖੋਲ ਵਿੱਚ ਕਿਹਾ," ਕਾਕਾ ਤੈਨੂੰ ਐਸ ਵੇਲੇ ਕੱਲੇ ਨੂੰ ਡਰ ਨਹੀਂ ਲੱਗਦਾ ? ਅਸੀਂ ਤਾਂ ਤੇਰੇ ਜਿੱਡੇ ਹੁੰਦੇ ਆਥਣੇ ਕੱਲੇ

ਬਾਹਰ ਜਾਣੋਂ ਡਰਦੇ ਸੀ।"

" ਡਰ ਕਾਹਦਾ ?" ਮੁੰਡੇ ਨੇ ਬਿਨਾਂ ਝਿਜਕ ਉੱਤਰ ਦਿੱਤਾ।

"ਸਾਡੇ ਪਿੰਡ ਤਾਂ ਚੋਰ ਤੇਰੇ ਜਿੱਡੇ ਮੁੰਡਿਆਂ ਨੂੰ ਚੁੱਪ-ਚਾਪ ਫੜ ਕੇ ਲੈ ਜਾਂਦੇ ਐ", ਕਰਤਾਰੇ ਨੇ ਹੱਸ ਕੇ ਕਿਹਾ।

"ਮੈਨੂੰ ਕੌਣ ਹੱਥ ਲਾਊ। ਮਾਲਵੇ ਵਿੱਚ ਮੇਰਾ ਸ਼ੇਰ ਵਰਗਾ ਚਾਚਾ ਐ, ਕਰਤਾਰਾ। ਡੱਕਰੇ ਕਰ ਦੇਊ", 'ਮੁੰਡੇ ਨੇ ਸੁਭਾਵਿਕ ਹੀ ਨਜ਼ਰ ਪਰ੍ਹੇ ਖੂਹ ਦੀ ਮਣ ਉੱਤੇ ਪਈ ਤਲਵਾਰ ਵੱਲ ਕਰ ਕੇ ਕਿਹਾ।'

ਕਰਤਾਰੇ ਨੂੰ ਧਰਤੀ -ਅਸਮਾਨ ਘੁੰਮਦੇ ਹੋਏ ਦਿੱਸੇ। ਉਹਨੇ ਭੱਜ ਕੇ ਮੁੰਡੇ ਨੂੰ ਗੋਦੀ ਚੁੱਕ, ਜੱਫ਼ੀ ਵੱਚ ਘੁੱਟ ਲਿਆ। ਤਲਵਾਰ ਖੂਹ ਦੇ ਮਣ ਉੱਤੇ ਹੀ ਪਈ ਰਹਿ ਗਈ। ਸੌਣਪੁਰੇ ਪਿੰਡ ਵੱਲ ਤੁਰਦਿਆਂ ਉਹਦੀਆਂ ਦੋਵੇਂ ਅੱਖਾਂ ਤਿਪ-ਤਿਪ ਵਗ ਰਹੀਆਂ ਸਨ।

## ਅਭਿਆਸ-ਪ੍ਰਸ਼ਨ

1. ਕਰਤਾਰੇ ਦੇ ਚਰਿੱਤਰ ਉੱਪਰ ਨੋਟ ਲਿਖੋ ?
2. ਜੱਗਰ ਦਾ ਕਤਲ ਕਿਸ ਨੇ ਕੀਤਾ ਸੀ ? ਤੇ ਕਿਉਂ ?
3. ਕਰਤਾਰਾ ਤਲਵਾਰ ਲੈ ਕੇ ਕੀ ਕਰਨ ਚੱਲਿਆ ਸੀ ? ਤੇ ਕਿਉਂ ?
4. ਸੌਣਪੁਰੇ ਜਾ ਰਹੇ ਕਰਤਾਰੇ ਦੇ ਮਨ 'ਚ ਕਿਹੜੇ-ਕਿਹੜੇ ਖ਼ਿਆਲ ਆ ਰਹੇ ਸਨ ?